ਪ੍ਰਕਾਸ਼ਨ ਨੰ : 398

ਜੀਵਨ ਗਾਥਾ ਤੇ ਉਪਦੇਸ਼

# ਗੁਰੂ ਤੇਗ ਬਹਾਦਰ ਜੀ



ਗੁਰਦੁਆਰਾ
ਸੀਸ ਗੰਜ ਸਾਹਿਬ
ਦਿੱਲੀ

ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

ਰੁਪਏ 12

2

੧ੴ ਵਾਹਿਗੁਰੂ ਜੀ ਕੀ ਫਤਹਿ॥ ਪ੍ਰਕਾਸ਼ਨ ਨੰ: 398

# ਜੀਵਨ ਗਾਥਾ ਤੇ ਉਪਦੇਸ਼
# ਗੁਰੂ ਤੇਗ਼ ਬਹਾਦਰ ਜੀ


ਲੇਖਕ

ਕਿਰਪਾਲ ਸਿੰਘ 'ਚੰਦਨ'

ਗੁਰਮੀਤ ਸਿੰਘ 'ਕੁਰਾਲੀ'



ਪ੍ਰਕਾਸ਼ਕ

ਸਿੱਖ ਮਿਸ਼ਨਰੀ ਕਾਲਜ (ਰਜਿ:)

ਲੁਧਿਆਣਾ।

# ਤਤਕਰਾ


ਕੀ ? ਕਿੱਥੇ ?

1. ਆਦਿ ਕਥਨ ........................................ 5
2. ਜਨਮ ਤੇ ਮੁੱਢਲਾ ਜੀਵਨ ........................................ 7
ਜਨਮ-7, ਵਿਆਹ-7, ਤਿਆਗ ਮਲ ਤੋਂ ਤੇਗ਼ ਬਹਾਦਰ-7, ਕੀਰਤਪੁਰ ਵਿਚ ਨਿਵਾਸ-7, ਸਰੀਰਕ ਡੀਲ ਡੌਲ ਤੇ ਆਤਮਿਕ ਗੁਣ-8, ਬਕਾਲੇ ਜਾਣਾ-8
3. ਕੁਰੂਕਸ਼ੇਤਰ-ਹਰਿਦੁਆਰ ਦੀ ਪ੍ਰਚਾਰ ਯਾਤਰਾ ........................ 11
4. ਪੂਰਬ ਤੱਕ ਦੀ ਲੰਮੀ ਪ੍ਰਚਾਰ ਯਾਤਰਾ ................................ 12
ਗੁਰੂ ਹਰਿਕ੍ਰਿਸ਼ਨ ਜੀ ਦਾ ਔਰੰਗਜ਼ੇਬ ਨੂੰ ਮਿਲਣ ਤੋਂ ਇਨਕਾਰ-13, ਗੁਰੂ ਹਰਿਕ੍ਰਿਸ਼ਨ ਜੀ ਜੋਤਿ ਜੋਤ ਸਮਾਏ-13; ਗੁਰਤਾ ਦੀ ਜ਼ਿੰਮੇਵਾਰੀ ਦਾਦੇ ਨੂੰ-13
5. ਗੁਰੂ ਤੇਗ਼ ਬਹਾਦਰ ਜੀ ਨੂੰ ਗੁਰਿਆਈ ................................ 15
ਗੁਰੂ ਲਾਧੋ ਰੇ-15, ਧੀਰਮਲ ਦੀ ਨੀਚ ਹਰਕਤ-17
6. ਪੰਜਾਬ ਅਤੇ ਹਰਿਆਣੇ ਦਾ ਪ੍ਰਚਾਰ ਦੌਰਾ ............................ 19
ਗੋਇੰਦਵਾਲ ਸਾਹਿਬ ਪਹੁੰਚਣਾ-20, ਸਾਬੋ ਕੀ ਤਲਵੰਡੀ-21, ਬਾਂਗਰ ਦੇਸ਼ (ਕਰਨਾਲ, ਰੋਹਤਕ, ਹਿਸਾਰ)-21
7. ਚੰਪਾ ਰਾਣੀ ਤੇ ਚੱਕ ਨਾਨਕੀ ਦੀ ਸਥਾਪਨਾ ........................ 23
8. ਪਟਨੇ ਵੱਲ ਦੀ ਦੂਜੀ ਪ੍ਰਚਾਰ ਯਾਤਰਾ ................................ 25
ਸੈਫ਼ਾਬਾਦ ਪਹੁੰਚਣਾ ਅਤੇ ਸੈਫ਼ ਖ਼ਾਨ-25, ਪਹਿਲੀ ਗ੍ਰਿਫਤਾਰੀ-25, ਰਾਣੀ ਪੁਸ਼ਪਾ ਤੇ ਰਿਹਾਈ-26, ਪਟਨੇ ਵੱਲ-27, ਢਾਕੇ ਵੱਲ ਰਵਾਨਾ-30, ਰਾਜਾ ਰਾਮ ਸਿੰਘ ਦਾ ਆਸਾਮ ਦੀ ਮੁਹਿਮ ਤੇ ਆਉਣਾ-34, ਅਹੋਮੀ ਕਬੀਲੇ ਦੀ ਬਗਾਵਤ-35, ਆਸਾਮ ਤੋਂ ਪੰਜਾਬ-37, ਆਗਰੇ ਵਿਚ ਦੂਜੀ ਗ੍ਰਿਫਤਾਰੀ-38, ਦਿੱਲੀ ਤੋਂ ਬਕਾਲਾ-39, ਬਕਾਲੇ ਤੋਂ ਅਨੰਦਪੁਰ ਸਾਹਿਬ-40
9. ਮਾਲਵੇ ਤੇ ਬਾਂਗਰ ਦੇਸ਼ ਦੀ ਪ੍ਰਚਾਰ ਫੇਰੀ ............................ 41
10. ਔਰੰਗਜੇਬ ਤੇ ਉਸਦੀ ਕੱਟੜ ਧਾਰਮਿਕ ਨੀਤੀ ..................... 45
ਕਸ਼ਮੀਰ ਵਿਚ ਜ਼ੁਲਮ-47, ਕਸ਼ਮੀਰੀ ਪੰਡਿਤ ਗੁਰੂ ਦਰਬਾਰ ਵਿਚ-47, ਧਰਮ ਰੱਖਿਆ ਦਾ ਬਚਨ-49

11. **ਸਾਹਿਬਜ਼ਾਦਾ ਗੋਬਿੰਦ ਰਾਇ ਨੂੰ ਗੁਰਿਆਈ** .......................... 51
12. **ਔਰੰਗਜ਼ੇਬ ਹਸਨ-ਅਬਦਾਲ ਵਿਚ** .......................... 53
13. **ਗੁਰੂ ਤੇਗ ਬਹਾਦਰ ਜੀ ਦੀ ਤੀਜੀ ਗ੍ਰਿਫਤਾਰੀ** .......................... 55
ਬਸੀ ਬਠਾਣਾ ਦੇ ਕੈਦਖਾਨੇ ਵਿਚ-57, ਦਿੱਲੀ ਵਿਚ ਤਸੀਹੇ-58, ਗੁਰਸਿੱਖਾਂ ਦੀਆਂ ਸ਼ਹੀਦੀਆਂ-59
14. **ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ** .......................... 61
ਸ਼ਹਾਦਤ ਅਦੁੱਤੀ ਕਿਵੇਂ ?-62, ਸ਼ਾਹੀ ਕਾਜ਼ੀ ਦਾ ਸ਼ਰਮਨਾਕ ਅੰਤ-64
15. **ਸਿੱਖ ਗੱਭਰੂਆਂ ਦਾ ਦਲੇਰੀ ਭਰਿਆ ਕਾਰਨਾਮਾ** .......................... 65
ਸੀਸ ਦਾ ਸਸਕਾਰ-67, ਧੜ ਦਾ ਸਸਕਾਰ-67, ਸਿੱਖ ਜਵਾਨਾਂ ਦੇ ਔਰੰਗਜ਼ੇਬ ਤੇ ਹਮਲੇ-68
16. **ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਪ੍ਰਭਾਵ** .......................... 70
17. **ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਆਏ ਗੁਰਮਤਿ ਸਿਧਾਂਤ** 73
ਜੀਵਨ ਮਨੋਰਥ-74, ਸਿਮਰਨ ਦੀ ਵਡਿਆਈ-75, ਪ੍ਰਭੂ ਦੀ ਸਿਫ਼ਤ-ਸਾਲਾਹ-76, ਪ੍ਰਭੂ ਬਾਰੇ ਗੁਰਮਤਿ ਵਿਚਾਰ-76, ਪ੍ਰਭੂ ਨੂੰ ਜੰਗਲਾਂ ਵਿਚ ਲੱਭਣਾ ਅਗਿਆਨਤਾ-78, ਕਰਮ-ਕਾਂਡ (ਤੀਰਥ, ਵਰਤ, ਜਪ-ਤਪ, ਯੱਗ ਆਦਿ) ਵਿਅਰਥ ਹਨ-78, ਜਗਤ ਤੇ ਤਨ ਨਾਸ਼ਵੰਤ ਹਨ-79, ਸੰਸਾਰ ਵਿਚ ਕੋਈ ਪੱਕਾ ਸਾਥੀ ਨਹੀਂ-80, ਸੰਸਾਰਿਕ ਰਿਸ਼ਤਿਆਂ ਦਾ ਆਧਾਰ ਧਨ ਅਤੇ ਸੁਆਰਥ-81, ਜੀਵਨ ਖਿੰਨ-ਭੰਗਰ ਹੈ; ਸਿਮਰਨ ਤੋਂ ਖੁੰਝਣਾ ਨਹੀਂ ਚਾਹੀਦਾ-81, ਮੌਤ ਇਕ ਅਟੱਲ ਸੱਚਾਈ-82, ਵਿਸ਼ਿਆਂ ਵਿਕਾਰਾਂ ਦਾ ਤਿਆਗ-82, ਨਾ ਡਰੋ ਤੇ ਨਾ ਡਰਾਓ-83, ਮਾਇਆ ਦੀ ਨੀਂਦ ਤੋਂ ਜਾਗੋ-83, ਮਨ ਦਾ ਸੁਭਾਅ-84, ਮੁਕਤ ਹੋ ਚੁੱਕੇ ਜੀਵ ਦੀ ਪਛਾਣ-85, ਆਦਰਸ਼ ਮਨੁੱਖ-85, ਪ੍ਰਭੂ ਅੱਗੇ ਅਰਦਾਸ-86

# ਆਦਿ ਕਥਨ

ਅੱਜ ਸੰਸਾਰ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਦੀ ਸਮੱਸਿਆ ਬਹੁਤ ਵੱਡੀ ਸਮੱਸਿਆ ਬਣੀ ਹੋਈ ਹੈ। ਵੱਖ-ਵੱਖ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਦਾ ਹਨਨ ਹੋ ਰਿਹਾ ਹੈ; ਮਨੁੱਖਾਂ ਦਾ ਇਕ ਵਰਗ ਮਨੁੱਖਾਂ ਦੇ ਦੂਜੇ ਵਰਗ ਨੂੰ ਨੀਵਾਂ ਤੇ ਨੀਚ ਸਮਝ ਰਿਹਾ ਹੈ। ਸ਼ਕਤੀਸ਼ਾਲੀ ਮਨੁੱਖ, ਮਨੁੱਖਾਂ ਦੇ ਸਮੂਹ ਜਾਂ ਦੇਸ਼ ਨਿਰਬਲ ਮਨੁੱਖਾਂ, ਮਨੁੱਖ ਵਰਗ ਜਾਂ ਦੇਸ਼ਾਂ ਉੱਤੇ ਆਪਣਾ ਦਬਦਬਾ ਕਾਇਮ ਕਰਨ ਲਈ ਘਿਣਾਉਣੇ ਅਤਿਆਚਾਰ ਕਰ ਰਹੇ ਹਨ; ਨਸਲਕੁਸ਼ੀ ਤੱਕ ਘੋਰ ਅਪਰਾਧ ਕਰ ਰਹੇ ਹਨ। ਇਨ੍ਹਾਂ ਕੁਕਰਮਾਂ ਦੇ ਪ੍ਰਤਿਕਰਮ ਵਜੋਂ ਹਥਿਆਰਬੰਦ ਸੰਘਰਸ਼ ਜਨਮ ਲੈ ਰਹੇ ਹਨ, ਜਿਨ੍ਹਾਂ ਦੀ ਭੇਟ ਲੱਖਾਂ ਮਨੁੱਖ ਚੜ੍ਹ ਚੁੱਕੇ ਹਨ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ 'ਮਨੁੱਖੀ ਅਧਿਕਾਰ ਆਯੋਗ' (Human Right Commissions) ਹੋਂਦ ਵਿਚ ਆ ਚੁੱਕੇ ਹਨ। ਸੰਸਾਰ ਪੱਧਰ ਦੀ ਸੰਸਥਾ ਯੂ. ਐਨ. ਓ. ਵੀ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੀ ਹੈ। ਏਨੀ ਜਾਗਰੂਕਤਾ ਦੇ ਬਾਵਜੂਦ ਵੀ ਮਨੁੱਖਾਂ ਦੇ ਵਰਗ ਅਤੇ ਦੇਸ਼ ਹੋਰਨਾਂ ਮਨੁੱਖਾਂ ਤੇ ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਨੂੰ ਕੁਚਲ ਰਹੇ ਹਨ।

ਮਨੁੱਖੀ ਅਧਿਕਾਰਾਂ ਦੀ ਸਮੱਸਿਆ ਉਦੋਂ ਤੱਕ ਹੱਲ ਨਹੀਂ ਹੋ ਸਕਦੀ ਜਦੋਂ ਤੱਕ ਸੰਸਾਰ ਦਾ ਹਰੇਕ ਮਨੁੱਖ ਦੂਜੇ ਮਨੁੱਖਾਂ ਨੂੰ ਆਪਣੇ ਬਰਾਬਰ ਦੇ ਮਨੁੱਖ ਨਾ ਸਮਝੇ। ਹਰੇਕ ਮਨੁੱਖ ਨੂੰ ਆਪਣੀ ਸੋਚਣੀ ਮੁਤਾਬਕ ਜੀਵਨ-ਜਿਊਣ ਦਾ ਅਧਿਕਾਰ ਨਾ ਹੋਵੇ।

ਪੁਰਾਣੇ ਭਾਰਤੀ ਸਮਾਜ ਵਿਚ ਵਰਣ-ਵੰਡ ਬੜੀ ਕਠੋਰਤਾ ਨਾਲ ਲਾਗੂ ਸੀ। ਸਮਾਜ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਰਣਾਂ ਵਿਚ ਵੰਡਿਆ ਪਿਆ ਸੀ। ਬ੍ਰਾਹਮਣਾਂ ਨੇ ਧਰਮ-ਪੁਸਤਕਾਂ ਦੇ ਸਹਾਰੇ ਆਪਣੀ ਸਰਦਾਰੀ ਕਾਇਮ ਕਰ ਲਈ ਸੀ; ਬਾਕੀ ਦੇ ਤਿੰਨ ਵਰਗ ਉਸਦੇ ਹੁਕਮ ਵਿਚ ਤੁਰਦੇ ਸਨ। ਸ਼ੂਦਰਾਂ ਨਾਲ ਜਾਨਵਰਾਂ ਤੋਂ ਵੀ ਭੈੜਾ ਵਰਤਾਉ ਹੋ ਰਿਹਾ ਸੀ। ਸ਼ੂਦਰ ਸਦੀਆਂ ਤੱਕ ਬਾਕੀ ਦੇ ਵਰਣਾਂ ਦੀਆਂ ਵਧੀਕੀਆਂ ਤੇ ਗੁਲਾਮੀ ਸਹਿੰਦੇ ਰਹੇ। ਇਨ੍ਹਾਂ ਵਧੀਕੀਆਂ ਦਾ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਖੁੱਲ੍ਹ ਕੇ ਵਿਰੋਧ ਕੀਤਾ; ਲੋਕਾਂ ਵਲੋਂ ਨੀਚ-ਨੀਚ ਆਖ ਕੇ ਦੁਰਕਾਰੇ ਜਾ ਰਹੇ ਕਥਿਤ ਨੀਚਾਂ ਜਾਂ ਸ਼ੂਦਰਾਂ ਨੂੰ ਆਪਣੇ ਸੰਗੀ-ਸਾਥੀ ਦੱਸਿਆ ਅਤੇ ਸਿੱਖ ਲਹਿਰ ਵਿਚ ਉਨ੍ਹਾਂ ਨੂੰ ਬਰਾਬਰ ਦੇ ਭਾਈਵਾਲ ਬਣਾਇਆ। ਆਪ ਜੀ ਦਾ ਫੁਰਮਾਨ ਹੈ :

> **ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
> **ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
> **ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥**

*(ਸਿਰੀ ਰਾਗ, ਮਹਲਾ ੧–੧੫)*

ਸੱਚ, ਧਰਮ, ਇਨਸਾਫ਼ ਅਤੇ ਸਰਬੱਤ ਦੇ ਭਲੇ ਲਈ ਕਾਰਜ ਕਰਨੇ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੋਂ ਮਗਰਲੇ ਗੁਰੂ ਸਾਹਿਬਾਨ ਦੀ ਪ੍ਰਮੁੱਖ ਵਿਸ਼ੇਸ਼ਤਾ ਰਹੀ ਹੈ।

ਸਮੇਂ-ਸਮੇਂ ਉਨ੍ਹਾਂ ਨੂੰ ਇਸ ਦੀ ਕੀਮਤ ਵੀ ਚੁਕਾਣੀ ਪਈ। ਪਹਿਲਾਂ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਤੇ ਫਿਰ ਗੁਰੂ ਤੇਗ਼ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਪ੍ਰਮੁੱਖ ਕਾਰਨ ਗੁਰਮਤਿ ਦੀ ਆਵਾਜ਼ ਨੂੰ ਬੁਲੰਦ ਕਰਨਾ ਸੀ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਕਾਰਨ ਧਾਰਮਿਕ ਆਜ਼ਾਦੀ ਦਾ ਪੱਖ ਪੂਰਨਾ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਬਣਿਆ। ਹਾਲਾਂਕਿ ਗੁਰੂ ਸਾਹਿਬ ਜੰਞੂ, ਟਿੱਕਾ ਆਦਿ ਧਾਰਮਿਕ ਚਿੰਨ੍ਹਾਂ ਦੇ ਹੱਕ ਵਿਚ ਨਹੀਂ ਸਨ; ਸਗੋਂ ਗੁਰੂ ਨਾਨਕ ਦੇਵ ਜੀ ਨੇ ਤਾਂ ਬਾਲ-ਅਵਸਥਾ ਵਿਚ ਹੀ ਜੰਞੂ ਪੁਆਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਸੰਬੰਧ ਵਿਚ ਉਨ੍ਹਾਂ ਨੇ ਆਪਣੇ ਮਾਤਾ-ਪਿਤਾ, ਧਾਰਮਿਕ ਪੁਜਾਰੀਆਂ ਤੇ ਹੋਰ ਕਥਿਤ ਪਤਵੰਤਿਆਂ ਦੀ ਸਲਾਹ ਨੂੰ ਮੰਨਣ ਤੋਂ ਬੜੀ ਦ੍ਰਿੜ੍ਹਤਾ ਨਾਲ ਇਨਕਾਰ ਕਰ ਦਿੱਤਾ ਸੀ। ਪਰ ਗੁਰੂ ਸਾਹਿਬ ਇਸ ਗੱਲ ਦੇ ਵੀ ਵਿਰੋਧੀ ਸਨ ਕਿ ਤਾਕਤ ਦੀ ਵਰਤੋਂ ਨਾਲ ਕਿਸੇ ਦਾ ਧਰਮ ਬਦਲਿਆ ਜਾਵੇ। ਇਸੇ ਲਈ ਆਪਣੇ ਨੌਵੇਂ ਜਾਮੇ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਰੂਪ ਵਿਚ ਉਨ੍ਹਾਂ ਨੇ ਉਸ ਧਰਮ ਦੀ ਰਾਖੀ ਲਈ ਆਪਣੀ ਜਾਨ ਦੇ ਦਿੱਤੀ, ਜਿਸ ਧਰਮ ਵਿਚ ਉਨ੍ਹਾਂ ਦਾ ਕੋਈ ਵਿਸ਼ਵਾਸ ਨਹੀਂ ਸੀ। 'ਨਾ ਡਰੋ ਤੇ ਨਾ ਡਰਾਓ' ਦਾ ਉਪਦੇਸ਼ ਦਿੰਦਿਆਂ ਆਪ ਨੇ ਫੁਰਮਾਇਆ ਕਿ ਅਸਲੀ ਗਿਆਨਵਾਨ ਮਨੁੱਖ ਹੀ ਉਹੀ ਹੈ, ਜੋ ਨਾ ਕਿਸੇ ਨੂੰ ਡਰਾਉਂਦਾ ਹੈ ਅਤੇ ਨਾ ਹੀ ਕਿਸੇ ਦਾ ਡਰ ਮੰਨਦਾ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ ੧੬॥

*(ਸਲੋਕ, ਮਹਲਾ ੯, ਪੰਨਾ—੧੪੨੭)*

ਗੁਰੂ ਤੇਗ਼ ਬਹਾਦਰ ਜੀ ਦੀ 'ਧਾਰਮਿਕ ਸੁਤੰਤਰਤਾ' ਦੇ ਸਿਧਾਂਤ ਪ੍ਰਤਿ ਦਿਖਾਈ ਦ੍ਰਿੜ੍ਹਤਾ ਬਾਰੇ ਭੱਟ ਕੇਸ਼ੋ ਜੀ ਆਖਦੇ ਹਨ :

ਬਾਂਹਿ ਜਿਨ੍ਹਾਂ ਦੀ ਪਕੜੀਐ, ਸਿਰ ਦੀਜੈ ਬਾਂਹਿ ਨ ਛੋੜੀਐ॥
ਤੇਗ਼ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋਡੀਐ॥

ਮਨੁੱਖੀ ਅਧਿਕਾਰਾਂ ਦੀ ਵਿਹਾਰਿਕ ਸਿਖਿਆ ਦੇਣ ਵਾਲੇ ਮਹਾਨ ਸਤਿਗੁਰੂ ਜੀ ਦਾ ਜੀਵਨ ਪੁਸਤਕ ਦੇ ਅਗਲੇ ਪੰਨਿਆਂ 'ਤੇ ਦਿੱਤਾ ਗਿਆ ਹੈ। ਗੁਰੂ ਸਾਹਿਬ ਦੇ ਜੀਵਨ ਅਤੇ ਗੁਰਬਾਣੀ ਤੋਂ ਸੇਧ ਲੈ ਕੇ ਅੱਜ ਦੇ ਸੜਦੇ-ਬਲਦੇ ਸੰਸਾਰ ਵਿਚ ਠੰਢ ਵਰਤਾਈ ਜਾ ਸਕਦੀ ਹੈ।

—ਕਿਰਪਾਲ ਸਿੰਘ 'ਚੰਦਨ'

# ਜਨਮ ਤੇ ਮੁੱਢਲਾ ਜੀਵਨ

ਗੁਰੂ ਤੇਗ਼ ਬਹਾਦਰ ਜੀ ਦਾ ਪ੍ਰਕਾਸ਼, ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ, ਮਾਤਾ ਨਾਨਕੀ ਜੀ ਦੀ ਕੁਖੋਂ 1 ਅਪ੍ਰੈਲ, 1621 ਨੂੰ ਸ੍ਰੀ ਅੰਮ੍ਰਿਤਸਰ ਵਿਖੇ, ਗੁਰੂ-ਬਾਜ਼ਾਰ ਵਿਚ ਸਥਿਤ 'ਗੁਰੂ ਕੇ ਮਹਿਲਾਂ' ਵਿਚ ਹੋਇਆ। ਗੁਰੂ ਹਰਿਗੋਬਿੰਦ ਜੀ, ਪੰਚਮ ਗੁਰਦੇਵ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ, 25 ਮਈ, 1606 ਈ:, ਤੋਂ ਗੁਰਗੱਦੀ ਤੇ ਬਿਰਾਜਮਾਨ ਸਨ। ਗੁਰੂ ਤੇਗ਼ ਬਹਾਦਰ ਜੀ ਦੇ ਚਾਰ ਵੱਡੇ ਭਰਾ ਅਤੇ ਇਕ ਵੱਡੀ ਭੈਣ ਸੀ। ਭਰਾਵਾਂ ਦੇ ਨਾਮ ਗੁਰਦਿੱਤਾ ਜੀ, ਅਣੀ ਰਾਇ ਜੀ, ਸੂਰਜ ਮੱਲ ਜੀ, ਅਟੱਲ ਰਾਇ ਜੀ ਅਤੇ ਭੈਣ ਦਾ ਨਾਮ ਬੀਬੀ ਵੀਰੋ ਜੀ ਸੀ। ਆਪ ਸਭ ਤੋਂ ਛੋਟੇ ਸਨ।

ਆਪ ਮੁੱਢ ਤੋਂ ਹੀ ਸੰਤ-ਸਰੂਪ, ਡੂੰਘੇ ਵਿਚਾਰਵਾਨ, ਦਲੇਰ, ਨਿਰਭੈ ਤੇ ਤਿਆਗੀ ਸੁਭਾਅ ਦੇ ਮਾਲਕ ਸਨ। ਆਪ ਦੀ ਪੜ੍ਹਾਈ, ਸਿਖਲਾਈ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੀ ਨਿਗਰਾਨੀ ਹੇਠ ਹੋਈ। ਆਪ ਨੂੰ ਗੁਰਮਤਿ ਦੀ ਵਿੱਦਿਆ ਦੇ ਨਾਲ-ਨਾਲ ਸ਼ਸਤਰਾਂ ਦੀ ਵਰਤੋਂ ਅਤੇ ਘੋੜ-ਸਵਾਰੀ ਆਦਿ ਦੀ ਵੀ ਸਿਖਲਾਈ ਦਿੱਤੀ ਗਈ।

### *ਵਿਆਹ*

ਵੱਡੇ ਭਰਾ ਸੂਰਜ ਮੱਲ ਦੀ ਸ਼ਾਦੀ ਸਮੇਂ ਆਪ ਆਪ ਜੀ ਦੀ ਮੰਗਣੀ, ਸ੍ਰੀ ਲਾਲ ਚੰਦ (ਸੁਭਿਖੀ) ਅਤੇ ਬੀਬੀ ਬਿਸ਼ਨ ਕੌਰ ਦੀ ਸਪੁੱਤਰੀ ਗੁਜਰੀ ਜੀ ਨਾਲ, ਕਰਤਾਰਪੁਰ (ਜ਼ਿਲ੍ਹਾ ਜਲੰਧਰ) ਵਿਖੇ ਕੀਤੀ ਗਈ ਸੀ। ਸੰਨ 1634 ਵਿਚ ਆਪ ਜੀ ਦਾ ਵਿਆਹ ਹੋਇਆ। ਸ੍ਰੀ ਲਾਲ ਚੰਦ ਦਾ ਇਕ ਸਪੁੱਤਰ, ਕਿਰਪਾਲ ਚੰਦ, ਉਨ੍ਹਾਂ ਨਾਲ ਕਰਤਾਰਪੁਰ ਵਿਚ ਹੀ ਰਹਿੰਦਾ ਸੀ। ਦੂਜਾ ਵੱਡਾ ਪੁੱਤਰ ਮਿਹਰ ਚੰਦ ਆਪਣੇ ਪਹਿਲੇ ਜੱਦੀ ਪਿੰਡ-ਲਖਨੌਰ, ਜ਼ਿਲ੍ਹਾ ਅੰਬਾਲਾ ਵਿਖੇ ਰਹਿੰਦਾ ਸੀ।

### *ਤਿਆਗ ਮੱਲ ਤੋਂ (ਗੁਰੂ) ਤੇਗ਼ ਬਹਾਦਰ*

ਆਪ ਜੀ ਦਾ ਪਹਿਲਾ ਨਾਮ ਤਿਆਗ ਮੱਲ ਸੀ। ਅਖ਼ਬਾਰਾਤਿ ਦਰਬਾਰਿ ਮੁਅੱਲਾ, ਸੂਚਨਾ 13 ਮਈ, 1710 ਈ:, ਅਨੁਸਾਰ ਤਿਆਗ ਮੱਲ ਨੇ ਛੋਟੀ ਉਮਰ ਵਿਚ ਹੀ (1635 ਈ: ਵਿਚ) ਕਰਤਾਰਪੁਰ ਦੀ ਜੰਗ ਸਮੇਂ ਚੁਸਤੀ ਤੇ ਬਹਾਦਰੀ ਦੇ ਜੌਹਰ ਵਿਖਾਏ ਸਨ। ਪਿਤਾ ਗੁਰੂ, ਹਰਿਗੋਬਿੰਦ ਜੀ ਨੇ ਆਪ ਦੇ ਤੇਗ਼ ਦੇ ਜੌਹਰ ਵੇਖ ਕੇ 'ਤੇਗ਼ ਬਹਾਦਰ' ਦਾ ਖਿਤਾਬ ਦਿੱਤਾ ਸੀ, ਸੋ ਆਪ ਦਾ ਨਾਮ ਤੇਗ਼ ਬਹਾਦਰ ਪ੍ਰਸਿੱਧ ਹੋ ਗਿਆ।

### *ਕੀਰਤਪੁਰ ਵਿਚ ਨਿਵਾਸ*

ਕਰਤਾਰਪੁਰ ਤੇ ਪਲਾਹੀ ਵਿਖੇ ਹੋਈਆਂ ਲੜਾਈਆਂ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਮਈ 1635 ਵਿਚ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਵਿਖੇ ਆ ਗਏ। ਸੋ, (ਗੁਰੂ) ਤੇਗ਼ ਬਹਾਦਰ ਜੀ ਵੀ ਕੀਰਤਪੁਰ ਆ ਗਏ। ਆਪ 1644 ਦੇ ਆਰੰਭਲੇ ਮਹੀਨਿਆਂ ਤੱਕ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਕੀਰਤਪੁਰ ਹੀ ਰਹੇ। ਭਾਵੇਂ

ਆਪ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਦੇ ਮਾਲਕ ਸਨ, ਪਰ ਗੁਰੂ ਦਰਬਾਰ ਵਿਚ ਲਗਪਗ 9 ਸਾਲ ਰਹਿਣ ਨਾਲ, ਸੇਵਾ ਅਤੇ ਪ੍ਰਚਾਰ ਦੇ ਕਾਰਜਾਂ ਵਿਚ ਹਿੱਸਾ ਲੈਣ ਨਾਲ ਆਪ ਜੀ ਉਤੇ ਗੁਰਮਤਿ ਦੀ ਰੰਗਣ ਪੂਰੀ ਤਰ੍ਹਾਂ ਚੜ੍ਹ ਗਈ।

### *ਸਰੀਰਕ ਡੀਲਡੌਲ ਤੇ ਆਤਮਿਕ ਗੁਣ*

ਜਵਾਨ ਹੋਣ ਦੇ ਨਾਲ (ਗੁਰੂ) ਤੇਗ਼ ਬਹਾਦਰ ਜੀ ਦੀ ਨੁਹਾਰ ਵਿਚ ਹੋਰ ਨਿਖਾਰ ਆਇਆ। ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਵਾਂਗ ਆਪ ਜੀ ਉੱਚੇ ਕੱਦ ਵਾਲੇ ਸਨ; ਛਾਤੀ ਚੌੜੀ ਤੇ ਬਾਹਾਂ ਲੰਮੀਆਂ ਸਨ। ਚਿਹਰਾ ਚੰਦ ਵਰਗਾ ਸੋਹਣਾ, ਪਰ ਗੰਭੀਰਤਾ ਦੀ ਝਲਕ ਮਾਰਦਾ ਸੀ। ਸ਼ਿਕਾਰ ਖੇਡਣ ਵਿਚ ਵੀ ਰੁਚੀ ਸੀ ਅਤੇ ਘੋੜਿਆਂ ਦੀ ਪਛਾਣ ਤੇ ਸਵਾਰੀ ਦੀ ਪੂਰੀ ਜਾਣਕਾਰੀ ਸੀ। ਆਪ ਸ਼ਾਂਤ-ਚਿੱਤ, ਅੰਤਰ-ਬਿਰਤੀ ਵਾਲੇ ਤੇ ਇਕਾਂਤ ਪਸੰਦ ਗੱਭਰੂ ਸਨ। ਆਪ ਦੇ ਮਨ ਵਿਚ ਗੁਰਬਾਣੀ ਲਈ ਅਥਾਹ ਪਿਆਰ, ਗਿਆਨ-ਪ੍ਰਾਪਤੀ ਦੀ ਤੀਬਰ ਇੱਛਾ ਸੀ। ਆਪ ਦੇ ਕੰਮ ਸ਼ਾਹੀ ਸਨ, ਪਰ ਮਨ ਵਿਚ ਨਿਮਰਤਾ ਤੇ ਗਰੀਬੀ ਸੀ; ਧੀਰਜ ਵਾਲੇ ਤੇ ਹੱਥੋਂ ਦੇ ਕੇ ਭਲਾ ਮਨਾਉਣ ਵਾਲੇ ਸਨ। ਆਪ ਦੁਖੀਆਂ, ਦਰਦਵੰਦਾਂ, ਗਰੀਬਾਂ ਤੇ ਲੋੜਵੰਦਾਂ ਦੀ ਸਹਾਇਤਾ ਲਈ ਹਮੇਸ਼ਾ ਹੀ ਤਤਪਰ ਰਹਿੰਦੇ ਸਨ। ਧੀਰਜ ਵਾਲੇ ਤੇ ਹੱਥੋਂ ਦੇ ਕੇ ਭਲਾ ਮਨਾਉਣ ਵਾਲੇ ਸਨ। ਇਸ ਬਾਰੇ 'ਮਹਿਮਾ ਪ੍ਰਕਾਸ਼' ਵਿਚ ਲਿਖਿਆ ਹੈ :

ਅਤਿ ਨਿਮ੍ਰ ਭੂਤ, ਬੀਰ ਗਤ ਦਿਆਲ।
ਰਾਜ ਬੇਖ, ਵੈਰਾਗ ਬਿਸਾਲ।
ਹਿਰਦੇ ਧੁਨ, ਸਭ ਜਗ ਬਿਉਹਾਰ।
ਸਹਜ ਸਮਾਧ, ਇਕ ਲਿਵਤਾਰ।

ਉਨ੍ਹਾਂ ਦੇ ਅਜਿਹੇ ਗੁਣ ਹੀ ਸਨ, ਜਿਨ੍ਹਾਂ ਨੂੰ ਵੇਖ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ, ਸੂਰਜ ਪ੍ਰਕਾਸ਼ ਦੇ ਕਰਤਾ ਕਵੀ ਸੰਤੋਖ ਸਿੰਘ ਅਨੁਸਾਰ, ਆਪਣੇ ਮਹਿਲ ਸ੍ਰੀ ਨਾਨਕੀ ਜੀ ਨੂੰ ਸਾਹਿਬਜ਼ਾਦਾ ਤੇਗ਼ ਬਹਾਦਰ ਬਾਰੇ ਭਵਿੱਖ ਵਿਚ ਵੱਡਾ ਮਹਾਂਪੁਰਖ ਹੋਣ ਅਤੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਿਸ ਹੋਣ ਸੰਬੰਧੀ ਪੇਸ਼ੀਨਗੋਈ ਕਰ ਦਿੱਤੀ ਸੀ।

### *ਬਕਾਲੇ ਜਾਣਾ*

ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1644 ਦੇ ਆਰੰਭਕ ਮਹੀਨਿਆਂ ਵਿਚ ਆਪਣੇ ਮਹਿਲ ਮਾਤਾ ਨਾਨਕੀ ਜੀ ਅਤੇ ਸਾਹਿਬਜ਼ਾਦਾ (ਗੁਰੂ) ਤੇਗ਼ ਬਹਾਦਰ ਜੀ ਨੂੰ ਬਕਾਲੇ ਜਾ ਕੇ ਵੱਸਣ ਅਤੇ ਭਵਿੱਖ ਦੇ ਪ੍ਰੋਗਰਾਮ ਲਈ ਤਿਆਰੀ ਕਰਨ ਦਾ ਹੁਕਮ ਦੇ ਦਿੱਤਾ। ਸੋ ਆਪ ਮਾਤਾ ਜੀ ਤੇ ਧਰਮ ਪਤਨੀ ਮਾਤਾ ਗੁਜਰੀ ਜੀ ਸਮੇਤ ਬਕਾਲੇ ਆ ਗਏ। ਬਕਾਲਾ ਉਨ੍ਹਾਂ ਦਾ ਨਾਨਕਾ-ਨਗਰ ਸੀ। ਇਥੇ ਉਨ੍ਹਾਂ ਦੇ ਨਾਨਾ ਸ੍ਰੀ ਹਰੀ ਚੰਦ ਤੇ ਨਾਨੀ ਹਰਦੇਵੀ ਜੀ ਰਹਿੰਦੇ ਸਨ। ਇਥੋਂ ਦਾ ਇਕ ਧਨਾਢ ਸਿੱਖ ਭਾਈ ਮਹਿਰਾ ਸੀ, ਜੋ ਆਪ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਦਿਲ-ਜਾਨ ਨਾਲ ਆਪ ਦੀ ਸੇਵਾ ਕਰਨ ਲੱਗਾ।

ਆਪ ਜੀ ਹਰ ਰੋਜ਼ ਅੰਮ੍ਰਿਤ ਵੇਲੇ ਉਠਦੇ ਅਤੇ ਸ਼ੌਚ-ਇਸ਼ਨਾਨ ਮਗਰੋਂ ਗੁਰਬਾਣੀ ਦਾ ਪਾਠ ਕਰਦੇ। ਫਿਰ ਕੀਰਤਨ ਆਰੰਭ ਹੋ ਜਾਂਦਾ ਤੇ ਕੁਝ ਸੰਗਤਾਂ ਆ ਜਾਂਦੀਆਂ। 'ਤਵਾਰੀਖ ਗੁਰੂ ਖਾਲਸਾ' ਅਨੁਸਾਰ ਗੁਰੂ ਦਾ ਸਪੁੱਤਰ ਅਤੇ ਸੰਤ-ਸਰੂਪ ਜਾਣ ਕੇ ਸੰਗਤਾਂ ਭੇਟਾ ਲੈ ਆਉਂਦੀਆਂ, ਜੋ ਆਪ ਸਿੱਖਾਂ ਵਿਚ ਹੀ ਵੰਡ ਦਿੰਦੇ। 'ਮਹਿਮਾ ਪ੍ਰਕਾਸ਼' ਦੇ ਅਨੁਸਾਰ ਆਪ ਸ਼ਿਕਾਰ ਖੇਡਣ ਵੀ ਜਾਂਦੇ ਸਨ।

ਜਦੋਂ ਆਪ ਬਕਾਲੇ ਆਏ ਸਨ ਤਾਂ ਆਪ 20 ਵਰ੍ਹਿਆਂ ਦੇ ਭਰ ਜੁਆਨ ਸਨ, ਪਰ ਆਪ ਸੰਸਾਰਿਕਤਾ ਨਾਲੋਂ ਅਧਿਆਤਮਿਕਤਾ ਵਿਚ ਵਧੇਰੇ ਰੁਚੀ ਰੱਖਦੇ ਸਨ। ਉਹ ਉਨ੍ਹਾਂ ਗੁਣਾਂ ਦੀ ਮਿਸਾਲ ਪੇਸ਼ ਕਰਦੇ ਸਨ, ਜਿਹੜੇ ਗੁਣ ਪਹਿਲੇ ਸਤਿਗੁਰਾਂ ਨੇ ਸਿਖਾਏ ਸਨ।ਉਨ੍ਹਾਂ ਵਿਚ ਹੱਦ-ਦਰਜੇ ਦੀ ਨਿਮਰਤਾ ਸੀ, ਦਇਆ-ਭਾਵਨਾ ਸੀ ਅਤੇ ਗੁਰਮਤਿ-ਵਿਚਾਰਾਂ 'ਤੇ ਦ੍ਰਿੜ੍ਹਤਾ ਸੀ। ਬ੍ਰਾਹਮਣੀ ਰੁਚੀਆਂ ਵਾਲੇ ਲੋਕਾਂ ਨੇ ਉਨ੍ਹਾਂ ਨੂੰ ਤਿਆਗੀ ਤੇ ਤਪਾ ਕਰਕੇ ਪ੍ਰਸਿੱਧ ਕਰ ਦਿੱਤਾ ਸੀ, ਹਾਲਾਂਕਿ ਉਨ੍ਹਾਂ ਦਾ ਜੀਵਨ ਗੁਰਮਤਿ ਵਿਚਾਰਧਾਰਾ ਦੇ ਅਨੁਸਾਰ ਸੀ ਅਤੇ ਉਹ ਆਪਣੀਆਂ ਸਾਰੀਆਂ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਂਦੇ ਸਨ। ਸਿੱਖ ਧਰਮ ਦੇ ਵਿਰੋਧੀਆਂ ਅਤੇ ਗੁਰੂ-ਘਰ ਦੇ ਨਿੰਦਕਾਂ ਨੇ ਤਾਂ ਆਪ ਨੂੰ 'ਤੇਗਾ ਕਮਲਾ' ਕਰਕੇ ਪ੍ਰਸਿੱਧ ਕੀਤਾ ਹੋਇਆ ਸੀ। ਦੁੱਖ ਦੀ ਗੱਲ ਹੈ ਕਿ ਸਾਡੇ ਕਈ ਅਧਪੜ੍ਹ ਜਾਂ ਅਨਪੜ੍ਹ ਪ੍ਰਚਾਰਕ ਗੁਰੂ-ਦੋਖੀਆਂ ਦੀ ਚਾਲ ਨੂੰ ਸਮਝ ਨਹੀਂ ਸਕੇ ਅਤੇ ਗੁਰੂ ਸਾਹਿਬ ਪ੍ਰਤੀ ਇਹ ਘ੍ਰਿਣਤ ਸ਼ਬਦ ਵਰਤੀ ਜਾ ਰਹੇ ਹਨ।

ਸਮੇਂ-ਸਮੇਂ ਕਈ ਗੁਰਸਿੱਖ ਉਨ੍ਹਾਂ ਨੂੰ ਮਿਲਣ ਆਉਂਦੇ ਅਤੇ ਗੁਰਮਤਿ ਸੰਬੰਧੀ ਵਿਚਾਰਾਂ ਸਾਂਝੀਆਂ ਕਰਦੇ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਅਜਿਹੀਆਂ ਕੁਝ ਮੁਲਾਕਾਤਾਂ ਦਾ ਜ਼ਿਕਰ ਵੀ ਕੀਤਾ ਹੈ।

ਇਕ ਵਾਰ ਇਕ ਸਤਿਸੰਗੀ ਨੇ ਪੁਛਿਆ ਕਿ ਵਾਹਿਗੁਰੂ ਦੇ ਭਗਤਾਂ ਨੂੰ ਦੁੱਖ ਕਿਉਂ ਆਉਂਦੇ ਹਨ ਤਾਂ (ਗੁਰੂ) ਤੇਗ਼ ਬਹਾਦਰ ਜੀ ਨੇ ਆਖਿਆ ਕਿ ਦੁਨੀਆਂ ਦੀ ਅਸਲੀਅਤ ਦੁੱਖਾਂ ਵਿਚ ਜਲਦੀ ਸਮਝ ਆ ਜਾਂਦੀ ਹੈ। ਵਾਹਿਗੁਰੂ ਦੁੱਖ ਦੇ ਕੇ ਮਨੁੱਖ ਨੂੰ ਅਸਲੇ ਦੀ ਸੋਝੀ ਕਰਾ ਦਿੰਦਾ ਹੈ। ਭਗਤ ਦੁੱਖ ਨੂੰ ਵੀ 'ਪ੍ਰਭੂ ਦੀ ਦਾਤ' ਸਮਝਦਾ ਹੈ।

ਇਕ ਵਾਰੀ ਨਾਮ ਬਾਰੇ ਚਰਚਾ ਹੋਈ ਤਾਂ ਆਪ ਨੇ ਕਿਹਾ ਕਿ ਗੁਰੂ-ਘਰ ਵਿਚ ਨਾਮ ਦੀ ਹੀ ਮਹਿਮਾ ਹੈ ਅਤੇ ਬਾਕੀ ਕਰਮ-ਕਾਂਡਾਂ ਦਾ ਕੋਈ ਮੁੱਲ ਨਹੀਂ। ਨਾਮ ਅਥਵਾ ਪ੍ਰਭੂ ਦੀ ਸਿਫ਼ਤ-ਸਾਲਾਹ ਹੀ ਅਦ੍ਰਿਸ਼ਟ ਪ੍ਰਭੂ ਦੀ ਸੋਝੀ ਕਰਾਉਂਦਾ ਹੈ। ਨਾਮ ਪ੍ਰਭੂ ਦੀ ਹੋਂਦ ਦਾ ਪ੍ਰਗਟਾਵਾ ਹੈ ਅਤੇ ਨਾਮ-ਸਿਮਰਨ ਪ੍ਰਭੂ ਤੱਕ ਪੁੱਜਣ ਦਾ ਇਕੋ-ਇਕ ਸਾਧਨ ਹੈ।

ਇਕ ਸਤਿਸੰਗੀ ਨੇ ਪੁਛਿਆ ਕਿ ਭਗਤੀ ਦੇ ਕਿਤਨੇ ਪੜਾਅ ਹਨ? ਆਪ ਜੀ ਨੇ ਫੁਰਮਾਇਆ ਕਿ ਪਹਿਲਾ ਪੜਾਅ ਹਰ ਉਸ ਵਲੋਂ ਚਿੱਤ ਹਟਾਉਣਾ ਹੈ ਜੋ ਵਾਹਿਗੁਰੂ ਵਲੋਂ ਚਿੱਤ ਹਟਾਏ। ਦੂਜਾ, ਉਸ ਵਾਹਿਗੁਰੂ ਨਾਲ ਸਭ ਕੁਝ ਭੁਲਾ ਕੇ ਪ੍ਰੇਮ ਕਰਨਾ ਹੈ। ਤੀਜਾ ਉਠਦਿਆਂ, ਬੈਠਦਿਆਂ, ਕੰਮ-ਕਾਰ ਕਰਦਿਆਂ ਉਸ ਪਰਮਾਤਮਾ ਦੇ ਪ੍ਰਕਾਸ਼ ਦੀ

ਹੋਂਦ ਵਿਚ ਸਮਾਇਆ ਰਹੇ। ਪ੍ਰਭੂ ਦੀ ਸੇਵਾ ਬਾਰੇ ਆਪ ਜੀ ਬਿਆਨ ਕਰਦੇ ਸਨ ਕਿ ਜਦੋਂ ਹਉਮੈ ਮਿਟ ਜਾਏ ਤਾਂ ਹਉਮੈ-ਰਹਿਤ ਕੀਤੀ ਕਾਰ ਉਸ ਪ੍ਰਭੂ ਦੀ ਸੇਵਾ ਹੈ।

ਇਸ ਤਰ੍ਹਾਂ ਬਕਾਲੇ ਵਿਚ (ਗੁਰੂ) ਤੇਗ਼ ਬਹਾਦਰ ਜੀ ਇਕ ਆਦਰਸ਼ਕ ਸਿੱਖ ਦਾ ਜੀਵਨ ਬਤੀਤ ਕਰ ਰਹੇ ਸਨ। ਉਨ੍ਹਾਂ ਦੇ ਸਾਲੇ (ਮਾਤਾ ਗੁਜਰੀ ਜੀ ਦੇ ਭਰਾ) ਭਾਈ ਕਿਰਪਾਲ ਚੰਦ ਜੀ ਆਪ ਜੀ ਤੇ ਆਪਣੀ ਭੈਣ ਗੁਜਰੀ ਜੀ ਨੂੰ ਮਿਲਣ ਲਈ ਕੀਰਤਪੁਰੋਂ ਬਕਾਲੇ ਆ ਜਾਇਆ ਕਰਦੇ ਸਨ। ਕਈ ਵਾਰ ਆਪ ਜੀ ਭਾਈ ਕਿਰਪਾਲ ਚੰਦ ਜੀ ਨੂੰ ਮਿਲਣ ਕੀਰਤਪੁਰ ਸਾਹਿਬ ਚਲੇ ਜਾਇਆ ਕਰਦੇ ਸਨ। ਭਾਈ ਕਿਰਪਾਲ ਚੰਦ ਜੀ ਗੁਰੂ ਹਰਿ ਰਾਇ ਸਾਹਿਬ ਜੀ ਦੇ 2200 ਘੋੜ-ਸਵਾਰਾਂ ਦੀ ਫ਼ੌਜੀ ਟੁਕੜੀ ਵਿਚ ਤਾਇਨਾਤ ਸਨ।

ਜਦੋਂ (ਗੁਰੂ) ਤੇਗ਼ ਬਹਾਦਰ ਜੀ ਕੀਰਤਪੁਰ ਜਾਂਦੇ ਹੋਣਗੇ, ਉਦੋਂ ਉਹ ਗੁਰੂ ਹਰਿ ਰਾਇ ਜੀ ਦੇ ਦਰਬਾਰ ਦੀ ਹਾਜ਼ਰੀ ਵੀ ਜ਼ਰੂਰ ਭਰਦੇ ਹੋਣਗੇ। ਇਕ ਸਿੱਖ ਹੋਣ ਦੇ ਨਾਤੇ ਉਨ੍ਹਾਂ ਦਾ ਫ਼ਰਜ਼ ਵੀ ਬਣਦਾ ਸੀ, ਭਾਵੇਂ ਕਿ ਗੁਰੂ ਹਰਿ ਰਾਇ ਜੀ ਰਿਸ਼ਤੇ ਵਿਚ ਉਨ੍ਹਾਂ ਦੇ ਭਤੀਜੇ ਲਗਦੇ ਸਨ। ਅਜਿਹੇ ਅਵਸਰਾਂ ਤੇ ਗੁਰੂ ਹਰਿ ਰਾਇ ਸਾਹਿਬ ਨਾਲ ਆਪ ਜੀ ਦੀਆਂ ਉਚੇਚੀਆਂ ਮੁਲਾਕਾਤਾਂ ਅਤੇ ਗੁਰਮਤਿ ਵਿਚਾਰਾਂ ਵੀ ਹੁੰਦੀਆਂ ਰਹਿੰਦੀਆਂ ਸਨ।

ਸੰਨ 1656 ਦੇ ਆਰੰਭ ਵਿਚ ਇਕ ਵਾਰ (ਗੁਰੂ) ਤੇਗ਼ ਬਹਾਦਰ ਸਾਹਿਬ ਜੀ ਨੂੰ ਕੀਰਤਪੁਰ ਜਾਣ ਦਾ ਮੌਕਾ ਮਿਲਿਆ। ਗੁਰੂ ਹਰਿ ਰਾਇ ਸਾਹਿਬ ਉਨ੍ਹਾਂ ਦੇ ਉਚੇ-ਸੁੱਚੇ ਤੇ ਪ੍ਰਭਾਵਸ਼ਾਲੀ ਜੀਵਨ ਅਤੇ ਸਿੱਖੀ ਦੇ ਪ੍ਰਚਾਰ-ਢੰਗ ਤੋਂ ਚੰਗੀ ਤਰ੍ਹਾਂ ਜਾਣੂ ਸਨ। ਉਨ੍ਹਾਂ ਨੇ ਆਪ ਜੀ ਦੀ ਅਦੁੱਤੀ ਯੋਗਤਾ ਨੂੰ ਵੇਖ ਕੇ ਆਪ ਨੂੰ ਮਾਲਵਾ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ ਆਦਿਕ ਪੂਰਬੀ ਪ੍ਰਾਂਤਾਂ ਵਿਚ ਸਿੱਖ ਧਰਮ ਦੇ ਪ੍ਰਚਾਰ ਨੂੰ ਸੰਗਠਿਤ ਕਰਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਭੱਟ ਵਹੀਆਂ ਮੁਤਾਬਕ ਆਪ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਅਤੇ ਕੁਝ ਨਿਕਟਵਰਤੀ ਗੁਰਸਿੱਖਾਂ ਦੀ ਇਕ ਤਕੜੀ ਪ੍ਰਚਾਰ ਵਹੀਰ ਤਿਆਰ ਕਰ ਲਈ।

# ਕੁਰੂਕਸ਼ੇਤਰ-ਹਰਿਦੁਆਰ ਦੀ ਪ੍ਰਚਾਰ-ਯਾਤਰਾ :

ਡਾਕਟਰ ਹਰੀ ਰਾਮ ਗੁਪਤਾ (History of the Sikhs, vol-I, P. 185) ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਮਾਤਾ ਨਾਨਕੀ ਜੀ, ਸੁਪਤਨੀ ਗੁਜਰੀ ਜੀ, ਭਰਜਾਈ ਹਰੀ ਜੀ (ਸੁਪਤਨੀ ਸੂਰਜ ਮੱਲ ਜੀ), ਆਪਣੇ ਸਾਲੇ ਕ੍ਰਿਪਾਲ ਚੰਦ ਤੇ ਭਣਵੱਈਏ ਸਾਧੂ ਰਾਮ, ਭਾਈ ਮਨੀ ਸਿੰਘ ਜੀ ਦੇ ਭਰਾ ਭਾਈ ਦਿਆਲ ਦਾਸ ਜੀ, ਚਉਪਤਿ ਰਾਏ (ਚੌਪਾ ਸਿੰਘ), ਭਾਈ ਮਤੀ ਦਾਸ, ਬਾਲੂ ਹਸਨਾ, ਅਲਮਸਤ, ਦੁਰਗਾ ਦਾਸ ਆਦਿ ਨਾਲ ਪ੍ਰਚਾਰ ਯਾਤਰਾ ਆਰੰਭ ਕੀਤੀ। ਪਹਿਲਾਂ ਉਹ ਕੀਰਤਪੁਰ ਗਏ ਤੇ ਉਥੋਂ ਕੁਰੂਕਸ਼ੇਤਰ ਗਏ, ਜਿਥੇ ਕਾਫੀ ਸਮਾਂ ਰਹੇ। ਇਸ ਸਮੇਂ ਵਿਚ ਵਹੀਰ ਦੇ ਮੈਂਬਰਾਂ ਨੇ ਟੋਲੀਆਂ ਬਣਾ ਕੇ ਵੱਖ-ਵੱਖ ਥਾਵਾਂ 'ਤੇ ਜਾ ਕੇ ਸਿੱਖ ਧਰਮ ਦਾ ਸੁਨੇਹਾ ਪਹੁੰਚਾਇਆ। ਉਥੋਂ 29 ਮਾਰਚ 1657 (ਵੈਸਾਖੀ ਵਾਲੇ ਦਿਨ) ਨੂੰ ਹਰਿਦੁਆਰ ਪੁੱਜੇ। ਇਥੇ ਵੀ ਆਲੇ-ਦੁਆਲੇ ਦੇ ਇਲਾਕਿਆਂ ਵਿਚ ਕਾਫੀ ਸਮਾਂ ਗੁਜ਼ਾਰਿਆ। ਫਿਰ ਗੜ੍ਹ ਮੁਕਤੇਸ਼ਵਰ ਗਏ, ਜਿਥੋਂ ਅਕਤੂਬਰ 1657 ਨੂੰ ਸਾਰੀ ਵਹੀਰ ਪੰਜਾਬ ਨੂੰ ਪਰਤ ਪਈ।

# ਪੂਰਬ ਵੱਲ ਦੀ ਲੰਮੀ ਪ੍ਰਚਾਰ ਯਾਤਰਾ

ਡਾਕਟਰ ਹਰੀ ਰਾਮ ਗੁਪਤਾ ਅੱਗੇ ਲਿਖਦੇ ਹਨ ਕਿ ਸੰਨ 1660 ਵਿਚ ਸਾਰੀ ਵਹੀਰ ਫਿਰ ਪ੍ਰਚਾਰ ਤੇ ਨਿਕਲੀ, ਪਰ ਇਸ ਵਾਰ ਗੁਰੂ ਜੀ ਦੀ ਪਤਨੀ ਗੁਜਰੀ ਜੀ ਉਨ੍ਹਾਂ ਦੇ ਨਾਲ ਨਹੀਂ ਸਨ।

ਗੁਰੂ ਜੀ ਪ੍ਰਚਾਰ ਵਹੀਰ ਦੇ ਨਾਲ ਕੁਰੂਕਸ਼ੇਤਰ, ਦਿੱਲੀ, ਮਥੁਰਾ, ਆਗਰਾ ਤੇ ਪ੍ਰਯਾਗ (ਅਲਾਹਾਬਾਦ) ਗਏ। ਉਹ 19 ਅਪ੍ਰੈਲ 1661 ਨੂੰ ਪ੍ਰਯਾਗ ਵਿਖੇ ਸਨ ਅਤੇ 21 ਜੂਨ 1661 ਨੂੰ ਬਨਾਰਸ (ਕਾਂਸ਼ੀ) ਵਿਖੇ ਸਨ। ਇਸ ਸੰਬੰਧ ਵਿਚ 'ਭੱਟ ਵਹੀ ਪੂਰਬੀ ਦੱਖਣੀ ਵਿਚ' ਇੰਦਰਾਜ ਹੈ।

ਬਨਾਰਸ ਤੋਂ ਪ੍ਰਚਾਰ ਵਹੀਰ ਸਸਰਾਮ ਪੁੱਜੀ ਅਤੇ ਗਯਾ ਹੋ ਕੇ ਪਟਨਾ ਪੁੱਜੀ। ਵਹੀਰ ਦੇ ਮੈਂਬਰਾਂ ਨੇ ਪਟਨਾ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਲਗਪਗ ਇਕ ਸਾਲ ਗੁਰਮਤਿ ਦਾ ਪ੍ਰਚਾਰ ਕੀਤਾ।

ਸੰਨ 1662 ਦੇ ਅੱਧ ਦੇ ਬਾਅਦ ਪਟਨਾ ਵਿਖੇ ਇਹ ਖਬਰ ਪੁੱਜੀ ਕਿ ਸਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਇ ਜੀ 6 ਅਕਤੂਬਰ, ਸੰਨ 1661 ਨੂੰ ਕੀਰਤਪੁਰ ਵਿਖੇ ਜੋਤੀ ਜੋਤਿ ਸਮਾ ਗਏ ਸਨ। ਇਸ ਲਈ (ਗੁਰੂ) ਤੇਗ ਬਹਾਦਰ ਜੀ ਪ੍ਰਚਾਰ ਵਹੀਰ ਸਮੇਤ ਸੰਨ 1662 ਦੇ ਅਖ਼ੀਰਲੇ ਮਹੀਨਿਆਂ ਵਿਚ ਪਟਨੇ ਤੋਂ ਪੰਜਾਬ ਲਈ ਚੱਲ ਪਏ।

(ਗੁਰੂ) ਤੇਗ ਬਹਾਦਰ ਜੀ ਵਹੀਰ ਸਮੇਤ ਪ੍ਰਚਾਰ ਕਰਦੇ ਹੋਏ, ਕਾਂਸ਼ੀ ਹੋ ਕੇ 3 ਜਨਵਰੀ, 1663 ਨੂੰ ਪ੍ਰਯਾਗ (ਅਲਾਹਾਬਾਦ) ਪੁੱਜੇ। ਦਿੱਲੀ ਵੱਲ ਆਉਂਦਿਆਂ ਰਸਤੇ ਵਿਚ ਹੀ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਅਠਵੇਂ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਸਰਕਾਰ ਦੇ ਸੱਦੇ ਤੇ ਦਿੱਲੀ ਆਏ ਹੋਏ ਹਨ। ਇਥੇ ਉਨ੍ਹਾਂ ਦੇ ਨਾਲ ਗੁਰੂ ਹਰਿ ਰਾਇ ਜੀ ਦੀ ਮਾਤਾ ਨੇਤੀ ਬਸੀ (ਮਾਤਾ ਨਿਹਾਲ ਕੌਰ) ਜੀ ਅਤੇ ਸੁਪਤਨੀ ਮਾਤਾ ਸੁਲੱਖਣੀ (ਮਾਤਾ ਕ੍ਰਿਸ਼ਨ ਕੌਰ) ਜੀ ਵੀ ਠਹਿਰੇ ਹੋਏ ਸਨ।

ਗੁਰੂ ਕੀਆਂ ਸਾਖੀਆਂ ਅਤੇ ਭੱਟ ਵਹੀ ਪੂਰਬੀ ਦੱਖਣੀ ਦੀ ਸੂਚਨਾ ਅਨੁਸਾਰ (ਗੁਰੂ) ਤੇਗ ਬਹਾਦਰ ਜੀ 21 ਮਾਰਚ, 1664 ਨੂੰ ਦਿੱਲੀ ਵਿਚ ਭਾਈ ਕਲਿਆਣਾ ਜੀ ਦੀ ਧਰਮਸ਼ਾਲਾ ਵਿਖੇ ਹਾਜ਼ਰ ਸਨ। ਉਥੇ ਉਨ੍ਹਾਂ ਨੇ ਰਾਮ ਰਾਇ, ਭਾਈ ਬਾਘਾ, ਭਾਈ ਨਾਨੂੰ ਤੇ ਭਾਈ ਆਗਿਆ ਰਾਮ ਆਦਿਕਾਂ ਨਾਲ ਵਿਚਾਰ-ਵਟਾਂਦਰਾ ਕੀਤਾ ਸੀ। ਇਥੋਂ ਇਹ ਵੀ ਪਤਾ ਚੱਲਿਆ ਕਿ ਗੁਰੂ ਹਰਿਕ੍ਰਿਸ਼ਨ ਜੀ ਆਪਣੀ ਮਾਤਾ, ਮਾਤਾ ਸੁਲੱਖਣੀ ਜੀ ਅਤੇ ਕੁਝ ਹੋਰ ਮੁਖੀ ਸਿੱਖਾਂ ਸਮੇਤ ਰਾਜਾ ਜੈ ਸਿੰਘ ਦੀ ਹਵੇਲੀ ਵਿਖੇ ਟਿਕੇ ਹੋਏ ਹਨ। (ਗੁਰੂ) ਤੇਗ ਬਹਾਦਰ ਜੀ ਆਪਣੀ ਮਾਤਾ, ਸ੍ਰੀ ਨਾਨਕੀ ਜੀ ਨਾਲ, 21 ਮਾਰਚ, 1664 ਨੂੰ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅਤੇ ਉਨ੍ਹਾਂ ਦੀ ਮਾਤਾ ਜੀ ਆਦਿ ਨੂੰ ਰਾਜਾ ਜੈ ਸਿੰਘ ਦੀ ਹਵੇਲੀ ਜਾ ਕੇ ਮਿਲੇ। ਇਥੇ ਹੁਣ ਗੁਰਦੁਆਰਾ ਬੰਗਲਾ ਸਾਹਿਬ ਸੁਸ਼ੋਭਿਤ ਹੈ।

### ਗੁਰੂ ਹਰਿਕ੍ਰਿਸ਼ਨ ਜੀ ਦਾ ਔਰੰਗਜ਼ੇਬ ਨੂੰ ਮਿਲਣ ਤੋਂ ਇਨਕਾਰ

ਅਠਵੇਂ ਪਾਤਸ਼ਾਹ ਨੂੰ ਔਰੰਗਜ਼ੇਬ ਦੇ ਹੁਕਮ ਤੇ ਮਿਰਜ਼ਾ ਰਾਜਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਰਾਹੀਂ ਦਿੱਲੀ ਸੱਦਿਆ ਸੀ। ਉਹ ਕੀਰਤਪੁਰ ਸਾਹਿਬ ਤੋਂ ਪੰਜੋਖਰੇ, ਥਾਨੇਸਰ, ਕੁਰੁਕਸ਼ੇਤਰ, ਪਾਨੀਪਤ ਹੁੰਦੇ ਹੋਏ ਤਕਰੀਬਨ ਪੌਣੇ ਦੋ ਸੌ ਮੀਲ ਪੈਂਡਾ ਤੈਅ ਕਰਕੇ ਦਿੱਲੀ ਪਹੁੰਚੇ ਸਨ। ਉਪਰ ਲਿਖੇ ਅਨੁਸਾਰ ਇਥੇ (ਗੁਰੂ) ਤੇਗ਼ ਬਹਾਦਰ ਜੀ ਪੰਜਾਬ ਵੱਲ ਆਉਂਦੇ ਸਮੇਂ ਅੰਤਿਮ ਵਾਰ ਉਨ੍ਹਾਂ ਨੂੰ ਮਿਲੇ।

ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਪਰ ਗੁਰੂ ਜੀ ਨੇ ਅਦੁੱਤੀ ਦ੍ਰਿੜ੍ਹਤਾ ਵਿਖਾਉਂਦਿਆਂ ਹੋਇਆਂ, ਭਾਰਤ ਦੇ ਸ਼ਕਤੀਸ਼ਾਲੀ ਰਾਜੇ ਨੂੰ ਮਿਲਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਗੁਰੂ ਜੀ ਦੀ ਆਤਮਿਕ ਉੱਚਤਾ ਤੇ ਨਿਰਭੈਤਾ ਤੋਂ ਕਾਇਲ ਔਰੰਗਜ਼ੇਬ ਕੋਈ ਕਾਰਵਾਈ ਨਾ ਕਰ ਸਕਿਆ ਪਰ ਉਸਨੇ ਵਿਰੋਧੀ ਧੜਾ ਮਜ਼ਬੂਤ ਕਰਨ ਲਈ ਬਾਬਾ ਰਾਮ ਰਾਇ ਨੂੰ ਡੇਹਰਾਦੂਨ ਦੇ ਇਲਾਕੇ ਦੀ ਜਾਗੀਰ ਪੱਕੀ ਕਰ ਦਿੱਤੀ। ਧੀਰਮਲ ਨੂੰ ਪਹਿਲਾਂ ਹੀ ਸ਼ਾਹ ਜਹਾਨ ਨੇ ਵੱਡੀ ਜਾਗੀਰ ਦਿੱਤੀ ਹੋਈ ਸੀ।

ਦਿੱਲੀ ਵਿਖੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਮਿਲਣ ਉਪਰੰਤ (ਗੁਰੂ) ਤੇਗ਼ ਬਹਾਦਰ ਜੀ ਸਿੱਧੇ ਬਕਾਲੇ (ਹੁਣ 'ਬਾਬਾ ਬਕਾਲਾ') ਆ ਗਏ।

### ਗੁਰੂ ਹਰਿਕ੍ਰਿਸ਼ਨ ਜੀ ਜੋਤੀ ਜੋਤਿ ਸਮਾਏ

ਸੰਨ 1664 ਵਿਚ ਔਰੰਗਜ਼ੇਬ ਦੇ ਕਸ਼ਮੀਰ ਤੋਂ ਵਾਪਸ ਆਉਣ ਸਮੇਂ ਦਿੱਲੀ ਵਿਚ ਚੇਚਕ ਦੀ ਬੀਮਾਰੀ ਫੈਲੀ ਹੋਈ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਪਹੁੰਚਦਿਆਂ ਹੀ ਦੁਖੀ ਗਰੀਬਾਂ ਤੇ ਰੋਗੀਆਂ ਦੀ ਮਦਦ ਆਰੰਭ ਕਰ ਦਿੱਤੀ ਤੇ ਦਸਵੰਧ ਦੀ ਮਾਇਆ ਨਾਲ ਸਹਾਇਤਾ ਕੀਤੀ ਪਰ ਛੋਟੀ ਉਮਰ ਹੋਣ ਕਾਰਨ ਆਪ 'ਤੇ ਚੇਚਕ ਦੀ ਬੀਮਾਰੀ ਨੇ ਵਾਰ ਕਰ ਦਿੱਤਾ। 25 ਮਾਰਚ ਨੂੰ ਉਨ੍ਹਾਂ ਨੂੰ ਇਹ ਰੋਗ ਲੱਗਾ ਤੇ ਆਪ 30 ਮਾਰਚ, 1664 ਨੂੰ ਜਮਨਾ ਨਦੀ ਕੰਢੇ ਜੋਤੀ ਜੋਤ ਸਮਾ ਗਏ।

### ਗੁਰਤਾ ਦੀ ਜ਼ਿੰਮੇਵਾਰੀ ਦਾਦੇ ਨੂੰ

ਜੋਤੀ ਜੋਤਿ ਸਮਾਉਣ ਤੋਂ ਇਕ ਦਿਨ ਪਹਿਲਾਂ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਆਪਣੇ ਦਾਦੇ ਗੁਰੂ ਤੇਗ਼ ਬਹਾਦਰ ਜੀ ਨੂੰ ਸੌਂਪੀ। ਸਰੂਪ ਸਿੰਘ ਕੌਸ਼ਿਸ਼ ਰਚਿਤ 'ਗੁਰੂ ਕੀਆਂ ਸਾਖੀਆਂ' ਅਤੇ ਭੱਟ ਵਹੀ ਤਲੌਂਡਾ, ਪਰਗਣਾ ਜੀਂਦ, ਵਿਚ ਇਸ ਦੀ ਸਪੱਸ਼ਟ ਗਵਾਹੀ ਮਿਲਦੀ ਹੈ। ਭਾਈ ਦਰਗਾ ਮੱਲ ਜੀ ਆਪ ਦੀ ਮਾਤਾ ਸੁਲੱਖਣੀ ਜੀ (ਆਪ ਨੂੰ ਮਾਤਾ ਕ੍ਰਿਸ਼ਨ ਕੌਰ ਤੇ ਕੋਟ ਕਲਿਆਣੀ ਵੀ ਲਿਖਿਆ ਹੈ) ਦੀ ਅਗਵਾਈ ਵਿਚ ਭਾਈ ਚਉਪਤ ਰਾਇ, ਮਨੀ ਰਾਮ, ਨਾਨੂੰ ਤੇ ਗੁਰਬਖਸ਼ ਆਦਿਕਾਂ ਦੇ ਵਫਦ ਨੂੰ ਬਕਾਲੇ ਜਾ ਕੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਤਾ ਦੀ ਜ਼ਿੰਮੇਵਾਰੀ ਸੌਂਪਣ ਦੀ ਰਸਮ ਅਦਾ ਕਰਨ ਦਾ ਹੁਕਮ ਦਿੱਤਾ।

ਪ੍ਰਚੱਲਤ ਸਿੱਖ ਇਤਿਹਾਸ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਤਿੰਨ ਵਾਰ ਹੱਥ ਉੱਚਾ ਕਰ ਕੇ ਇਹ ਆਖਿਆ ਸੀ ਕਿ 'ਬਾਬਾ ਬਕਾਲੇ'। 'ਬਾਬਾ' ਦਾ ਅਰਥ ਜਿੱਥੇ 'ਦਾਦਾ' ਹੁੰਦਾ ਹੈ, ਉੱਥੇ ਇਹ ਸ਼ਬਦ ਗੁਰੂ ਲਈ ਵੀ ਵਰਤਿਆ ਜਾਂਦਾ ਸੀ। 'ਬਾਬਾ ਬਕਾਲੇ' ਬਚਨਾਂ ਤੋਂ ਇਹ ਭਾਵ ਸੀ ਕਿ ਹੋਣ ਵਾਲਾ ਗੁਰੂ ਬਕਾਲੇ ਵਿਖੇ ਵੱਸਦਾ ਹੈ ਅਤੇ ਰਿਸ਼ਤੇ ਵਿਚ ਗੁਰੂ ਹਰਿਕ੍ਰਿਸ਼ਨ ਜੀ ਦਾ ਦਾਦਾ (ਬਾਬਾ) ਹੈ। ਇਹ ਸੰਕੇਤ ਸਪੱਸ਼ਟ ਤੌਰ ਤੇ (ਗੁਰੂ) ਤੇਗ ਬਹਾਦਰ ਜੀ ਵੱਲ ਸੀ, ਜੋ ਬਕਾਲਾ ਵਿਖੇ ਨਿਵਾਸ ਰੱਖ ਰਹੇ ਸਨ ਅਤੇ ਕੁਝ ਦਿਨ ਪਹਿਲਾਂ ਹੀ ਪ੍ਰਚਾਰ ਯਾਤਰਾ ਦੀ ਵਾਪਸੀ ਸਮੇਂ ਦਿੱਲੀ ਵਿਚ ਗੁਰੂ ਹਰਿਕ੍ਰਿਸ਼ਨ ਜੀ ਨੂੰ ਮਿਲ ਕੇ ਗਏ ਸਨ।

# ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ

ਸਮੇਂ ਦੇ ਹਾਲਾਤ ਦੱਸਦੇ ਹਨ ਕਿ ਵੇਲੇ ਦੀ ਹਕੂਮਤ (ਔਰੰਗਜ਼ੇਬ) ਸਿੱਖ ਲਹਿਰ ਤੋਂ ਡਾਢੀ ਔਖੀ ਸੀ। ਹੋਣ ਵਾਲੇ ਗੁਰੂ ਸਾਹਿਬ ਨਾਲ ਵੀ ਸਰਕਾਰ ਵਲੋਂ ਪਹਿਲੇ ਗੁਰੂ ਸਾਹਿਬਾਨ ਵਰਗਾ ਸਲੂਕ ਹੋਣ ਦੀ ਆਸ ਸੀ। ਗੁਰੂ ਹਰਿਕ੍ਰਿਸ਼ਨ ਜੀ ਨੇ ਤਾਂ ਅੰਤ ਸਮੇਂ ਮੌਜੂਦ ਨਿਕਟਵਰਤੀ ਗੁਰਸਿੱਖਾਂ ਵਿਚ ਤਾਂ ਹੋਣ ਵਾਲੇ ਗੁਰੂ ਜੀ ਬਾਰੇ ਐਲਾਨ ਕਰ ਦਿੱਤਾ, ਪਰ ਹਾਲਾਤ ਦੀ ਨਜ਼ਾਕਤ ਨੂੰ ਧਿਆਨ ਵਿਚ ਰੱਖ ਕੇ ਇਸਦਾ ਵੱਡੀ ਪੱਧਰ 'ਤੇ ਪ੍ਰਚਾਰ ਨਹੀਂ ਕੀਤਾ ਗਿਆ। ਇਸ ਤੋਂ ਲਾਭ ਉਠਾਉਂਦਿਆਂ ਹੋਇਆਂ ਸੁਆਰਥੀ ਤੇ ਭੇਖੀ ਪੁਰਖਾਂ ਨੇ ਸੰਗਤਾਂ ਵਿਚ ਗ਼ਲਤ ਪ੍ਰਚਾਰ ਕਰਕੇ ਆਪਣੇ 'ਗੁਰੂ' ਹੋਣ ਦਾ ਐਲਾਨ ਕਰ ਦਿੱਤਾ ਅਤੇ ਬਕਾਲੇ ਵਿਚ ਗੱਦੀਆਂ ਲਾ ਕੇ ਬੈਠ ਗਏ। ਗੁਰੂ ਬਣਨ ਦੀ ਦੌੜ ਵਿਚ ਧੀਰਮੱਲ ਸਭ ਤੋਂ ਅੱਗੇ ਸੀ, ਹਾਲਾਂਕਿ ਉਹ ਗੁਰੂ ਹਰਿਕ੍ਰਿਸ਼ਨ ਜੀ ਦਾ ਚਾਚਾ ਲਗਦਾ ਸੀ, ਬਾਬਾ ਨਹੀਂ। ਬਾਕੀ ਭੇਖੀ ਨਾ ਚਾਚੇ ਸਨ ਤੇ ਨਾ ਹੀ ਬਾਬੇ, ਪਰ ਗੁਰੂ ਬਣਨ ਲਈ ਹੱਥ-ਪੈਰ ਮਾਰ ਰਹੇ ਸਨ।

ਆਖ਼ਰ ਦਿੱਲੀ ਦੇ ਪਰਮੁੱਖ ਸਿੱਖਾਂ ਦੀ ਇਕ ਟੁਕੜੀ ਦੀਵਾਨ ਦਰਘਾ ਮੱਲ ਅਤੇ ਮਾਤਾ ਸੁਲੱਖਣੀ ਜੀ ਦੀ ਅਗਵਾਈ ਵਿਚ 11 ਅਗਸਤ 1664 ਨੂੰ ਬਕਾਲੇ ਪੁੱਜੀ। ਚਉਪਤਿ ਰਾਇ (ਚੌਪਾ ਸਿੰਘ), ਜੇਠਾ, ਮਨੀ ਰਾਮ, ਨਾਨੂੰ, ਗੁਰਬਖ਼ਸ਼ ਆਦਿ ਸਿੱਖ ਨਾਲ ਸਨ। ਭੱਟ ਵਹੀ ਤਲੌਂਡਾ ਪਰਗਣਾ ਜੀਂਦ ਵਿਚ ਅਤੇ ਹੋਰ ਹਵਾਲੇ ਵੀ ਇਸ ਸੰਬੰਧ ਵਿਚ ਮਿਲਦੇ ਹਨ। ਕਈ ਮੁਖੀ ਅਤੇ ਸਤਿਕਾਰਿਤ ਸਿੱਖਾਂ ਨੂੰ ਵੀ ਚਿੱਠੀਆਂ ਭੇਜ ਕੇ ਬਕਾਲੇ ਬੁਲਾਇਆ ਗਿਆ ਸੀ, ਜਿਨ੍ਹਾਂ ਵਿਚ ਦਵਾਰਕਾ ਦਾਸ ਸਪੁੱਤਰ ਅਰਜਨੀ ਦਾਸ (ਭੱਲਾ) ਅਤੇ ਬਾਬਾ ਬੁੱਢਾ ਜੀ ਦੇ ਖ਼ਾਨਦਾਨ ਵਿਚੋਂ ਬਾਬਾ ਗੁਰਦਿੱਤਾ ਜੀ ਵੀ ਸ਼ਾਮਿਲ ਸਨ।

### *ਗੁਰੂ ਲਾਧੋ ਰੇ*

ਹਾਲਾਤ ਦੀ ਨਜ਼ਾਕਤ ਨੂੰ ਭਾਂਪਦਿਆਂ ਹੋਇਆਂ ਗੁਰਿਆਈ ਦੀ ਰਸਮ ਚੁੱਪ-ਚਾਪ ਅਦਾ ਕਰ ਦਿੱਤੀ ਗਈ। ਇਸੇ ਲਈ ਗੁਰੂ ਬਣਨ ਦੇ ਆਹਰਾਂ ਵਿਚ ਲੱਗੇ ਪੁਰਖਾਂ ਨੂੰ ਨੱਥ ਨਾ ਪਾਈ ਜਾ ਸਕੀ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਬਣਨ ਦੀ ਦੌੜ ਵਿਚ ਲੱਗੇ ਪੁਰਖਾਂ ਦੀ ਗਿਣਤੀ 22 ਤੱਕ ਜਾ ਪਹੁੰਚੀ।

ਗੁਰੂ ਤੇਗ ਬਹਾਦਰ ਜੀ ਦੇ ਗੁਰਤਾ ਗੱਦੀ ਸੰਭਾਲਣ ਤੋਂ ਲਗਪਗ ਦੋ ਮਹੀਨੇ ਬਾਅਦ, ਬਾਬਾ ਬਕਾਲਾ ਵਿਖੇ 9 ਅਕਤੂਬਰ 1664 ਨੂੰ ਦੀਵਾਲੀ ਦਾ ਸਮਾਗਮ ਹੋਇਆ। ਰਵਾਇਤ ਅਨੁਸਾਰ, ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਭਾਈ ਪਾਰੋ ਜੁਲਕਾ ਪਰਮਹੰਸ ਦੀ ਤੋਰੀ ਰੀਤ ਅਨੁਸਾਰ ਹਰ ਸਾਲ ਵਿਸਾਖੀ ਅਤੇ ਦੀਵਾਲੀ ਮੌਕੇ ਸਿੱਖਾਂ ਦਾ ਭਾਰੀ ਇਕੱਠ ਹੁੰਦਾ ਸੀ। ਦੀਵਾਲੀ (1664 ਈਸਵੀ) ਦੇ ਸਮਾਗਮ ਸਮੇਂ ਗੁਰੂ ਘਰ ਦਾ ਮਸੰਦ, ਸ਼ਰਧਾਲੂ ਅਤੇ ਧਨਾਢ ਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਆਪਣੀ ਪਤਨੀ ਸੋਲਜਹੀ ਅਤੇ ਪੁੱਤਰਾਂ ਲਾਲ ਚੰਦ ਤੇ ਚੰਦੂ ਲਾਲ ਸਮੇਤ ਬਕਾਲਾ ਵਿਖੇ ਆਇਆ। ਉਹ ਸ਼ਾਹੀ

ਫੌਜਾਂ ਨੂੰ ਲੋੜੀਂਦਾ ਮਾਲ ਅਤੇ ਸਾਜ਼ੋ-ਸਾਮਾਨ ਪਹੁੰਚਾਉਂਦਾ ਹੁੰਦਾ ਸੀ। ਹਕੂਮਤ ਵਲੋਂ ਉਸ ਨੂੰ ਆਪਣੇ ਊਠਾਂ, ਗੱਡਿਆਂ ਤੇ ਸਾਜ਼ੋ-ਸਾਮਾਨ ਦੀ ਰਾਖੀ ਲਈ ਹਥਿਆਰਬੰਦ ਆਦਮੀ ਰੱਖਣ ਦੀ ਵੀ ਇਜਾਜ਼ਤ ਸੀ।

ਭਾਈ ਮੱਖਣ ਸ਼ਾਹ ਵਪਾਰੀ ਟਾਂਡਾ ਨਗਰ (ਜ਼ਿਲ੍ਹਾ ਜਿਹਲਮ) ਦਾ ਵਸਨੀਕ ਸੀ ਜੋ ਦਸਵੰਧ ਦੀਆਂ ਇਕ ਹਜ਼ਾਰ ਮੁਹਰਾਂ ਗੁਰੂ ਦਰਬਾਰ ਵਿਚ ਦੇਣ ਲਈ ਲਿਆਇਆ ਸੀ (ਸੇਵਾ ਦਾਸ ਦੀਆਂ ਪਰਚੀਆਂ)।

ਇਤਿਹਾਸ ਲਿਖਦਾ ਹੈ ਕਿ ਧੀਰਮੱਲ ਸਮੇਤ 22 ਵਿਅਕਤੀ ਗੱਦੀਆਂ ਲਾ ਕੇ ਬੈਠੇ ਸਨ ਅਤੇ ਆਪਣੇ ਆਪ ਨੂੰ ਗੁਰੂ ਹਰਿਕ੍ਰਿਸ਼ਨ ਜੀ ਦਾ ਜਾਂ-ਨਸ਼ੀਨ ਦੱਸਦੇ ਸਨ। ਧੀਰਮੱਲ ਕਰਤਾਰਪੁਰ ਤੋਂ ਭਾਈ ਗੁਰਦਾਸ ਜੀ ਹੱਥੋਂ ਲਿਖੀ 'ਆਦਿ ਬੀੜ' ਵੀ ਬਾਬੇ ਬਕਾਲੇ ਲੈ ਆਇਆ ਸੀ। ਮੱਖਣ ਸ਼ਾਹ ਨੇ ਹੈਰਾਨ ਤੇ ਪਰੇਸ਼ਾਨ ਹੋ ਕੇ ਇਕ ਵਿਉਂਤ ਬਣਾਈ। ਉਸ ਨੇ ਹਰ ਗੱਦੀ ਦੇ ਦਾਅਵੇਦਾਰ ਅੱਗੇ ਦੋ ਮੁਹਰਾਂ ਰੱਖੀਆਂ। ਹਰੇਕ ਗੱਦੀਦਾਰ ਨੇ ਪ੍ਰਸੰਨ ਹੋ ਕੇ ਉਸ ਨੂੰ ਅਸੀਸਾਂ ਦਿੱਤੀਆਂ ਪਰ ਕਿਸੇ ਨੇ ਵੀ ਦਸਵੰਧ ਦੀ ਮਾਇਆ ਨਾ ਮੰਗੀ। ਉਹ ਨਿਰਾਸ਼ ਹੋ ਗਿਆ। ਕਿਸੇ ਨੇ (ਗੁਰੂ) ਤੇਗ ਬਹਾਦਰ ਜੀ ਦੇ ਨਿਵਾਸ ਅਸਥਾਨ ਦੀ ਦੱਸ ਪਾਈ। ਉਹ ਗੁਰੂ ਤੇਗ ਬਹਾਦਰ ਜੀ ਕੋਲ ਜਾ ਪਹੁੰਚਿਆ ਜੋ ਸ਼ਾਂਤ-ਚਿੱਤ ਅਡੋਲ ਬੈਠੇ ਸਨ। ਮੱਖਣ ਸ਼ਾਹ ਨੇ ਦੋ ਮੁਹਰਾਂ ਅੱਗੇ ਭੇਟ ਕੀਤੀਆਂ ਤਾਂ ਉਨ੍ਹਾਂ ਸਪੱਸ਼ਟ ਕੀਤਾ ਕਿ ਗੁਰੂ ਦਰਬਾਰ ਨੂੰ ਮਾਇਆ ਦਾ ਲਾਲਚ ਨਹੀਂ ਹੈ ਪਰ ਇਹ ਦੱਸਿਆ ਜਾਵੇ ਕਿ ਦਸਵੰਧ ਦੀ ਬਾਕੀ ਮਾਇਆ ਕਿੱਥੇ ਖਰਚੀ ਗਈ ਹੈ? ਇਹ ਸੁਣਦਿਆਂ ਸਾਰ ਹੀ ਮੱਖਣ ਸ਼ਾਹ ਨੂੰ ਅਪਾਰ ਖੁਸ਼ੀ ਹੋਈ। ਉਹ ਮਕਾਨ ਦੀ ਛੱਤ 'ਤੇ ਚੜ੍ਹ ਕੇ ਉੱਚੀ-ਉੱਚੀ ਬੋਲਣ ਲੱਗਾ—ਗੁਰੂ ਲਾਧੋ ਰੇ! ਗੁਰੂ ਲਾਧੋ ਰੇ!

ਸੂਰਜ ਪ੍ਰਕਾਸ਼ ਦਾ ਲਿਖਾਰੀ ਲਿਖਦਾ ਹੈ ਕਿ ਮੱਖਣ ਸ਼ਾਹ ਜ਼ੋਰ ਲਗਾ ਕੇ ਉੱਚੀ-ਉੱਚੀ ਬੋਲ ਰਿਹਾ ਸੀ—

ਭੁਲੀਏ ਸੰਗਤਿ ਸੁਨਹੁ ਸੁ ਕਾਨ।
ਸਤਿਗੁਰ ਲਧਾ ਮਰਦ ਮਹਾਨ।
ਸੰਸੈ ਰਿਦੈ ਕੋ ਤਜਿ ਕੈ।
ਜਨਮ ਸੁਧਾਰਹੁ ਸੁ ਗੁਰੂ ਭਜਿ ਕੈ।

ਚਾਰੇ ਪਾਸੇ ਦੌੜਦਾ ਹੋਇਆ ਮੱਖਣ ਸ਼ਾਹ ਹੋਕਾ ਦੇ ਰਿਹਾ ਸੀ ਕਿ ਸੱਚਾ ਗੁਰੂ ਇੱਧਰ ਹੈ।

ਚਹੁ ਦਿਸ ਮਹਿ ਮੁਖ ਕਰਿ ਕਰਿ ਕਹੈ।
ਭੂਲੀ ਸੰਗਤਿ ਗੁਰੁ ਇਹ ਅਹੈ। ੫੬।

*(ਅੰਸੂ ੯—ਰਾਸ ਗਿਆਰਵੀਂ)*

ਇਹ ਸੁਣ ਕੇ ਸੰਗਤਾਂ ਨੇ ਗੁਰੂ ਦੇ ਦਰਸ਼ਨਾਂ ਲਈ ਚਾਲੇ ਪਾ ਦਿੱਤੇ। ਮੱਖਣ ਸ਼ਾਹ

ਨੇ ਕਿਹਾ ਕਿ ਹੁਣ ਕਿਸੇ ਭਰਮ-ਭੁਲੇਖੇ ਵਿਚ ਨਾ ਪੈਣਾ। ਸੱਚਾ ਗੁਰੂ ਇਹੀ ਹੈ, ਹੁਣ ਭਟਕਣ ਦੀ ਲੋੜ ਨਹੀਂ ਹੈ। ਦਰਸ਼ਨ ਕਰਕੇ ਨਿਹਾਲ ਹੋ ਜਾਵੋ। ਸ਼ਹੀਦ ਬਿਲਾਸ ਵਿਚ ਦਰਜ ਹੈ ਕਿ ਨਕਲੀ ਗੁਰੂ ਇਵੇਂ ਛੁਪ ਗਏ ਜਿਵੇਂ ਸੂਰਜ ਨਿਕਲਣ ਨਾਲ ਰਾਤ ਅਲੋਪ ਹੋ ਜਾਂਦੀ ਹੈ।

ਤਬ ਮੰਜੀ ਸਬ ਹੀ ਛਿਪ ਗਈ।
ਤੇਜ ਤਰਨ ਤੇ ਜਿਉ ਨਿਸ ਗਈ।
ਸੌਂ ਪਰਗਟੇ ਗੁਰੂ ਤੇਗ ਬਹਾਦਰ।
ਜਨ ਆਪਣੇ ਕੀ ਰਾਖੀ ਚਾਦਰ।

ਬੂਟੇ ਸ਼ਾਹ ਨੇ ਤਾਰੀਖ਼-ਏ-ਪੰਜਾਬ ਵਿਚ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਵੇਪਰਵਾਹ 'ਮਰਦੇ ਆਜ਼ਾਦ' ਸਨ। ਆਪਾ ਛੁਪਾ ਕੇ ਰੱਖਦੇ ਸਨ। ਜਦੋਂ ਮੱਖਣ ਸ਼ਾਹ ਉਨ੍ਹਾਂ ਪਾਸ ਗਿਆ ਤਾਂ ਉਨ੍ਹਾਂ ਦੀ ਦਰਵੇਸ਼ਾਂ ਵਾਲੀ ਸ਼ਕਲ ਅਤੇ ਪਵਿੱਤਰ ਸੁਭਾਅ ਦੇਖ ਕੇ ਕੀਲਿਆ ਗਿਆ।

### *ਧੀਰ ਮੱਲ ਦੀ ਨੀਚ ਹਰਕਤ*

ਗੁਰੂ ਬਣਨ ਦੇ ਚਾਹਵਾਨ ਦਾਲ ਨਾ ਗਲਦੀ ਵੇਖ ਕੇ ਬਾਬਾ ਬਕਾਲਾ ਛੱਡ ਕੇ ਆਪੋ-ਆਪਣੇ ਰਾਹ ਪੈ ਗਏ। ਪਰ ਧੀਰ ਮੱਲ ਇੰਨੀ ਜਲਦੀ ਹਾਰ ਮੰਨਣ ਵਾਲਾ ਨਹੀਂ ਸੀ। ਉਹ ਸਮਝਦਾ ਸੀ ਕਿ ਉਹ ਸ਼ੀਹੇਂ ਮਸੰਦ ਵਰਗੇ ਲੱਠ-ਮਾਰਾਂ ਦੇ ਬਲਬੂਤੇ ਗੁਰਗੱਦੀ ਤੇ ਕਬਜ਼ਾ ਕਰ ਲਵੇਗਾ। ਸ਼ੀਹੇਂ ਤੇ ਉਸਦੇ ਸਾਥੀ ਮਸੰਦਾਂ ਨੂੰ ਵੀ ਧੀਰ ਮੱਲ ਦੀ ਲੋੜ ਸੀ, ਜਿਸਦੇ ਆਸਰੇ ਉਨ੍ਹਾਂ ਦੇ ਹਲਵੇ-ਮਾਂਡੇ ਦਾ ਪ੍ਰਬੰਧ ਹੋ ਰਿਹਾ ਸੀ। ਸੋ, ਸਭਨਾਂ ਦੀ ਅੱਖ ਗੁਰੂ ਦਰਬਾਰ ਵਿਚ ਆਉਣ ਵਾਲੀਆਂ ਸੰਗਤਾਂ ਦੀ ਮਾਇਆ ਉਤੇ ਸੀ। ਸ਼ੀਹੇਂ ਨੇ ਵੀ ਧੀਰ ਮੱਲ ਨੂੰ ਚੁੱਕਿਆ ਕਿ ਤੁਸੀਂ ਗੁਰੂ ਹਰਿਕ੍ਰਿਸ਼ਨ ਜੀ ਦੇ ਚਾਚਾ ਜੀ ਹੋ, ਇਹ ਗੁਰਗੱਦੀ ਦਾ ਹੱਕ ਤੁਹਾਡਾ ਹੀ ਬਣਦਾ ਹੈ। ਧੀਰ ਮੱਲ ਨੇ ਵੀ ਹੰਕਾਰ ਵਿਚ ਆਖਿਆ "ਮੈਂ ਗੁਰੂ ਹਰਿ ਰਾਇ ਜੀ ਦਾ ਵੱਡਾ ਭਰਾ ਹਾਂ। ਅਸੀਂ ਤੇਗ ਬਹਾਦਰ ਨੂੰ ਗੁਰੂ ਨਹੀਂ ਬਣਨ ਦੇਣਾ।" ਸੋ, ਮਤਾ ਪਕਾਇਆ ਗਿਆ ਕਿ ਗੁਰਗੱਦੀ 'ਤੇ ਹਰ ਹਾਲਤ ਵਿਚ ਕਬਜ਼ਾ ਕਰਨਾ ਚਾਹੀਦਾ ਹੈ, ਭਾਵੇਂ ਤਾਕਤ ਦੀ ਵਰਤੋਂ ਵੀ ਕਰਨੀ ਪਵੇ। ਸ਼ੀਹੇਂ ਨੇ ਹਥਿਆਰ ਵਰਤਣ ਦੀ ਆਗਿਆ ਵੀ ਧੀਰ ਮੱਲ ਤੋਂ ਲੈ ਲਈ।

ਗੁਰੂ ਤੇਗ ਬਹਾਦਰ ਜੀ ਮਕਾਨ ਦੀ ਛੱਤ ਤੇ ਆਰਾਮ ਕਰ ਰਹੇ ਸਨ। ਸ਼ੀਹਾਂ ਬੰਦੂਕ ਫੜੀ ਆਪਣੇ ਸਾਥੀਆਂ ਸਮੇਤ ਦੂਜੇ ਮਕਾਨ ਦੀ ਛੱਤ 'ਤੇ ਪੁੱਜ ਗਿਆ। ਸ਼ੀਹੇਂ ਨੇ ਨਿਸ਼ਾਨਾ ਬੰਨ੍ਹ ਕੇ ਗੁਰੂ ਜੀ 'ਤੇ ਗੋਲੀ ਚਲਾਈ। ਗੁਰੂ ਜੀ ਨੇ ਸੀਸ ਹਿਲਾ ਦਿੱਤਾ, ਗੋਲੀ ਮਸਤਕ ਨੂੰ ਛੂੰਹਦੀ ਹੋਈ ਦੂਰ ਚਲੇ ਗਈ। ਧੀਰ ਮੱਲ ਨੇ ਆ ਕੇ ਕੌੜੇ ਬਚਨ ਵੀ ਬੋਲੇ। ਉਸਦੇ ਸਾਥੀ ਸਾਰੀ ਭੇਟਾ ਤੇ ਹੋਰ ਕੀਮਤੀ ਸਮਾਨ ਲੁੱਟਣ ਲੱਗ ਪਏ। ਇਹ ਵੇਖ ਕੇ ਮਾਤਾ ਨਾਨਕੀ ਜੀ ਨੇ ਉਸ ਨੂੰ ਵੰਗਾਰਿਆ ਕਿ ਤੂੰ ਕੌਣ ਹੈਂ, ਗੁਰੂ ਦੀ ਸ਼ਾਨ ਵਿਚ ਮਾੜੇ ਤੇ

ਕੌੜੇ ਬਚਨ ਬੋਲਣ ਵਾਲਾ ਤੂੰ ਕਰਤਾਰਪੁਰੋਂ ਆ ਕੇ ਇਥੇ ਪਖੰਡ ਖਿਲਾਰਿਆ ਹੈ। ਰੌਲਾ ਪਾਇਆ ਤੇ ਲੁੱਟ ਮਚਾਈ ਹੈ; ਕਰਤਾਰਪੁਰ ਵਿਚ ਤਾਂ ਤੇਰੀ ਕੋਈ ਚਾਲ ਨਹੀਂ ਚੱਲੀ। ਤੈਨੂੰ ਈਰਖਾ ਸਾੜ ਰਹੀ ਹੈ। ਤੁਸੀਂ ਰਲ ਕੇ ਜ਼ੋਰ ਦਿਖਾਇਆ ਹੈ, ਇਹ ਜ਼ਹਿਰ ਹੀ ਤੁਹਾਨੂੰ ਮਾਰੇਗਾ।

ਧੀਰ ਮੱਲ ਦੇ ਬੰਦੇ ਕੀਮਤੀ ਸਾਮਾਨ ਤੇ ਮਾਇਆ ਆਦਿ ਲੁੱਟ ਕੇ ਉਸ ਦੇ ਡੇਰੇ ਤੇ ਪੁੱਜ ਗਏ। ਗੁਰੂ ਸਾਹਿਬ ਹਮੇਸ਼ਾ ਦੀ ਤਰ੍ਹਾਂ ਅਡੋਲ, ਸ਼ਾਂਤ ਤੇ ਪ੍ਰਸੰਨ-ਚਿੱਤ ਰਹੇ। ਗੁਰੂ ਸਾਹਿਬ ਨੇ ਕਿਹਾ : "ਅਸੀਂ ਪ੍ਰਭੂ-ਮਾਰਗ ਦੇ ਪਾਂਧੀ ਹਾਂ। ਸਾਡਾ ਕੰਮ ਧਰਮ ਦਾ ਪ੍ਰਚਾਰ ਕਰਨਾ ਹੈ; ਗੁਰੂ ਨਾਨਕ ਪਾਤਸ਼ਾਹ ਦੇ ਉਪਦੇਸ਼ਾਂ ਨੂੰ ਘਰ-ਘਰ ਪਹੁੰਚਾਉਣਾ ਹੈ। ਕੀ ਹੋਇਆ ਧੀਰ ਮੱਲ ਧਨ-ਪਦਾਰਥ ਲੁੱਟ ਕੇ ਲੈ ਗਿਆ ਹੈ; ਸਾਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਹੈ। ਗੁਰੂ ਸਾਹਿਬ ਨੇ ਮਾਇਆ ਇਕੱਠੀ ਕਰਨ ਲਈ ਕੋਈ ਦੁਕਾਨ ਨਹੀਂ ਖੋਲ੍ਹੀ ਹੋਈ :

ਕਹਾ ਫੁਨ ਭਇਓ, ਜੋ ਲੇ ਗਇਓ ਦਰਬ ਵੈ,
ਨਹੀਂ ਕਿਛ ਚਿੰਤ ਹਮ ਕਉ ਸੁ ਗਾਈ।
ਦਰਬ ਕੇ ਕਾਰਨੇ ਗੁਰੂ ਮਹਾਰਾਜ ਨੇ
ਨਹੀਂ ਪੇ ਬੈਠ ਦੁਕਾਨ ਪਾਈ॥ *(ਗੁਰ ਬਿਲਾਸ, ਪਾ: ੧੦)*

ਕੁਝ ਸਿੱਖ ਦੌੜ ਕੇ ਭਾਈ ਮੱਖਣ ਸ਼ਾਹ ਪਾਸ ਗਏ ਤੇ ਉਸ ਨੂੰ ਧੀਰ ਮੱਲ ਦੇ ਨੀਚ ਕਾਰੇ ਦੀ ਸੂਚਨਾ ਦਿੱਤੀ। ਭਾਈ ਮੱਖਣ ਸ਼ਾਹ ਆਪਣੇ ਹਥਿਆਰਬੰਦ ਬੰਦਿਆਂ ਸਮੇਤ ਧੀਰ ਮੱਲ ਦੇ ਡੇਰੇ ਤੇ ਪੁੱਜ ਗਿਆ।

ਭਾਈ ਮੱਖਣਸ਼ਾਹ ਨੂੰ ਵੇਖਦਿਆਂ ਹੀ ਧੀਰ ਮੱਲ ਘਬਰਾ ਗਿਆ। ਭਾਈ ਮੱਖਣ ਸ਼ਾਹ ਦੇ ਸਾਥੀਆਂ ਨੇ ਧੀਰ ਮੱਲ ਦੇ ਬੰਦਿਆਂ ਦੇ ਸਾਰੇ ਸ਼ਸਤਰਾਂ 'ਤੇ ਕਬਜ਼ਾ ਕਰ ਲਿਆ। ਉਹ ਜੋ ਸਾਮਾਨ ਲੁੱਟ ਕੇ ਲਿਆਏ ਸਨ, ਧੀਰ ਮੱਲ ਦੇ ਬੰਦਿਆਂ ਦੇ ਸਿਰਾਂ ਤੇ ਚੁਕਵਾ ਕੇ ਗੁਰੂ ਜੀ ਦੇ ਨਿਵਾਸ ਅਸਥਾਨ ਤੇ ਲਿਆਂਦਾ ਗਿਆ। ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਨੂੰ ਵੀ ਸਤਿਕਾਰ ਨਾਲ ਗੁਰੂ ਜੀ ਦੇ ਅਸਥਾਨ ਤੇ ਲੈ ਆਏ। ਧੀਰ ਮੱਲ ਦੇ ਬੰਦਿਆਂ ਦੀਆਂ ਮਸ਼ਕਾਂ ਬੰਨ੍ਹ ਕੇ ਉਨ੍ਹਾਂ ਨੂੰ ਗੁਰੂ ਜੀ ਦੇ ਚਰਨਾਂ ਵਿਚ ਪੇਸ਼ ਕੀਤਾ ਗਿਆ। ਗੁਰੂ ਜੀ ਨੇ ਕਿਹਾ ਕਿ ਬੰਦਿਆਂ ਨੂੰ ਰਿਹਾਅ ਕਰ ਕੇ ਵਾਪਿਸ ਭੇਜ ਦਿਉ ਅਤੇ ਨਾਲ ਹੀ ਧੀਰ ਮੱਲ ਦੀ ਸਾਰੀ ਮਾਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਵਾਪਸ ਕਰ ਦਿੱਤੀ।

# ਪੰਜਾਬ ਅਤੇ ਹਰਿਆਣੇ ਦਾ ਪ੍ਰਚਾਰ ਦੌਰਾ

ਗੁਰੂ ਤੇਗ਼ ਬਹਾਦਰ ਜੀ ਨੇ ਦੀਵਾਲੀ ਤੋਂ ਡੇਢ ਕੁ ਮਹੀਨਾ ਮਗਰੋਂ ਉਸ ਸਮੇਂ ਦੇ ਪੰਜਾਬ (ਅਜੋਕੇ ਪੰਜਾਬ ਅਤੇ ਹਰਿਆਣਾ) ਦੇ ਕੁਝ ਇਲਾਕਿਆਂ ਵਿਚ ਗੁਰਮਤਿ ਦਾ ਸੁਨੇਹਾ ਪਹੁੰਚਾਉਣ ਦਾ ਮਨ ਬਣਾਇਆ। ਆਪ ਨੇ ਭਾਈ ਦਵਾਰਕਾ ਦਾਸ, ਭਾਈ ਮੱਖਣ ਸ਼ਾਹ ਤੇ ਹੋਰ ਕਈ ਮੁਖੀ ਸਿੱਖਾਂ ਦੀ ਟੋਲੀ ਨੂੰ ਲੈ ਕੇ ਮਾਝੇ ਦੇ ਕਸਬਿਆਂ ਅਤੇ ਪਿੰਡਾਂ ਵੱਲ ਨੂੰ ਚਾਲੇ ਪਾ ਦਿੱਤੇ।

ਇਹ ਪ੍ਰਚਾਰਕ ਟੋਲੀ ਬਾਬਾ ਬਕਾਲਾ ਤੋਂ ਚੱਲ ਕੇ 22 ਨਵੰਬਰ, ਸੰਨ 1664 ਨੂੰ ਸ੍ਰੀ ਅੰਮ੍ਰਿਤਸਰ ਪੁੱਜੀ। ਛੇਵੇਂ ਸਤਿਗੁਰਾਂ ਨੇ ਤੀਹ ਕੁ ਸਾਲ ਪਹਿਲਾਂ ਇਸ ਗੁਰੂ ਕੀ ਨਗਰੀ ਨੂੰ ਛੱਡਿਆ ਸੀ। ਇਸ ਦੇ ਮਗਰੋਂ ਉਨ੍ਹਾਂ ਨੇ ਤੇ ਸਤਵੇਂ ਤੇ ਅਠਵੇਂ ਗੁਰੂ ਜੀ ਨੇ ਕੀਰਤਪੁਰ ਸਾਹਿਬ ਨੂੰ ਹੀ ਗੁਰਮਤਿ ਦਾ ਕੇਂਦਰ ਬਣਾਈ ਰੱਖਿਆ। ਮਾਝੇ ਦੇ ਇਲਾਕੇ ਵਿਚ ਕੇਵਲ ਗੁਰੂ ਹਰਿ ਰਾਇ ਜੀ ਹੀ 1654 ਈ: ਵਿਚ ਕੁਝ ਮਹੀਨਿਆਂ ਲਈ ਹੀ ਗਏ ਸਨ। ਮਨੋਹਰ ਦਾਸ ਮਿਹਰਵਾਨ ਦਾ ਪੁੱਤਰ, ਹਰਿ ਜੀ ਉਥੇ ਪ੍ਰਬੰਧ ਚਲਾ ਰਿਹਾ ਸੀ। ਮਾੜੇ ਕਿਰਦਾਰ ਕਾਰਨ ਮਸੰਦ ਤੇ ਪੁਜਾਰੀ ਨਹੀਂ ਚਾਹੁੰਦੇ ਸਨ ਕਿ ਸਤਿਗੁਰੂ ਜੀ ਅੰਮ੍ਰਿਤਸਰ ਵਿਖੇ ਟਿਕਣ। ਉਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਮੂਰਖ ਇਹ ਨਹੀਂ ਸਨ ਸਮਝਦੇ ਕਿ ਨਾਮ-ਅੰਮ੍ਰਿਤ ਦਾ ਚਸ਼ਮਾ ਤਾਂ ਸਤਿਗੁਰੂ ਜੀ ਆਪ ਖ਼ੁਦ ਸਨ। ਭਾਈ ਸੰਤੋਖ ਸਿੰਘ, ਮੈਕਾਲਫ਼ ਤੇ ਤਾਰਾ ਸਿੰਘ ਨਰੋਤਮ ਲਿਖਦੇ ਹਨ ਕਿ ਸੰਗਤਾਂ ਭਾਰੀ ਗਿਣਤੀ ਵਿਚ ਸਤਿਗੁਰਾਂ ਦਾ ਅਸ਼ੀਰਵਾਦ ਪ੍ਰਾਪਤ ਕਰਨ ਗਈਆਂ। ਸਤਿਗੁਰੂ ਜੀ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਉੱਤਰ ਵਿਚ ਬਣੇ ਗੁਰਦੁਆਰਾ ਥੜ੍ਹਾ ਸਾਹਿਬ ਵਿਖੇ ਠਹਿਰੇ ਹੋਏ ਸਨ। ਬੀਬੀਆਂ ਨੇ ਲੰਗਰ ਚਲਾਏ ਤੇ ਮਸੰਦਾਂ ਨੂੰ ਲਾਹਨਤਾਂ ਪਾਈਆਂ। ਸਤਿਗੁਰੂ ਜੀ ਆਪਣੀ ਪ੍ਰਚਾਰ ਵਹੀਰ ਸਮੇਤ, ਬੀਬੀ ਹਰੋ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਅੰਮ੍ਰਿਤਸਰ ਤੋਂ ਸੱਤ ਕਿਲੋਮੀਟਰ ਉੱਤਰ ਵਿਚ ਪਿੰਡ 'ਵੱਲੇ' ਪਹੁੰਚੇ। ਬੀਬੀ ਹਰੋ ਜੀ ਦੀ ਅੰਸ਼ ਅਜੇ ਵੀ ਪਿੰਡ ਵੱਲੇ ਰਹਿੰਦੀ ਹੈ ਤੇ ਮਾਘ ਦੀ ਪੂਰਨਮਾਸ਼ੀ ਨੂੰ ਜੋੜ ਮੇਲਾ ਹੁੰਦਾ ਹੈ।

ਬੀਬੀਆਂ ਦੀਆਂ ਝਾੜਾਂ ਖਾ ਕੇ ਪੁਜਾਰੀ ਮੁਆਫ਼ੀ ਮੰਗਣ ਲਈ ਪਿੰਡ ਵੱਲੇ (ਸੁਲਤਾਨਵਿੰਡ ਦਰਵਾਜ਼ੇ ਤੋਂ ਚਾਰ ਕਿਲੋਮੀਟਰ ਚੜ੍ਹਦੇ ਪਾਸੇ) ਆਏ। ਉਹ ਚਾਹੁੰਦੇ ਸਨ ਕਿ ਭਾਈ ਮੱਖਣ ਸ਼ਾਹ ਨਾਰਾਜ਼ ਨਾ ਹੋ ਜਾਵੇ। ਇਸ ਤਰ੍ਹਾਂ ਦਸਵੰਧ ਦੀ ਰਕਮ ਦਰਬਾਰ ਸਾਹਿਬ ਆਉਣੋਂ ਰੁਕ ਜਾਣੀ ਸੀ। ਖੋਟੇ ਕਿਰਦਾਰ ਤੇ ਮਾੜੇ ਵਿਵਹਾਰ ਕਾਰਨ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ :

ਨਹਿਂ ਮਸੰਦ ਤੁਮ ਅੰਮ੍ਰਿਤਸਰੀਏ।

ਤ੍ਰਿਸ਼ਨਾਗਨਿ ਤੇ ਅੰਤਰ ਸਰੀਏ।* *(ਕਵੀ ਸੰਤੋਖ ਸਿੰਘ)*

ਭਾਵ ਤੁਸੀਂ ਹਰਿਮੰਦਰ ਸਾਹਿਬ ਦੇ ਸੇਵਾਦਾਰ ਨਹੀਂ, ਤੁਸੀਂ ਤਾਂ ਤ੍ਰਿਸ਼ਨਾ ਦੀ ਅੱਗ ਨਾਲ ਅੰਦਰੋਂ ਸੜੇ ਹੋਏ ਹੋ। ਮਸੰਦ ਖੋਟ ਉਘੜਿਆ ਦੇਖ ਕੇ ਵਾਪਸ ਅੰਮ੍ਰਿਤਸਰ ਆ ਗਏ।

### *ਗੋਇੰਦਵਾਲ ਸਾਹਿਬ ਪਹੁੰਚਣਾ*

ਵੱਲੇ ਪਿੰਡ ਤੋਂ ਸਤਿਗੁਰੂ ਜੀ ਸੰਗਤਾਂ ਸਮੇਤ **ਤਰਨਤਾਰਨ** ਗਏ। ਉਥੇ ਕੋੜ੍ਹੀਆਂ ਲਈ ਬਣੇ ਅਸਥਾਨ ਤੇ ਜਾ ਕੇ ਸੇਵਾ ਕੀਤੀ। ਮਾਤਾ ਭਾਨੀ ਜੀ ਦੇ ਖੂਹ ਤੇ ਵੀ ਗਏ। ਉਥੋਂ ਗੁਰੂ ਜੀ ਖਡੂਰ ਸਾਹਿਬ ਪਹੁੰਚੇ। ਇਸ ਤਰ੍ਹਾਂ ਆਪ ਪਿੰਡ ਸਹਿਸਰੇ, ਘੁਕੇਵਾਲੀ, ਅਜਨਾਲਾ, ਤਰਨਤਾਰਨ ਹੁੰਦੇ ਹੋਏ **ਖਡੂਰ ਸਾਹਿਬ** ਪਹੁੰਚੇ ਸਨ। ਗੁਰੂ ਜੀ ਇਥੇ ਦੀਵਾਨ ਸਜਾਉਂਦੇ ਰਹੇ। ਖਡੂਰ ਸਾਹਿਬ ਤੋਂ ਬਾਬਾ ਮੋਹਰੀ ਚੰਦ ਦੀ ਸੰਤਾਨ ਦੇ ਮੁਖੀ ਬਾਬਾ ਦੁਆਰਕਾ ਦਾਸ ਜੀ ਆਪ ਜੀ ਨੂੰ ਸਤਿਕਾਰ ਸਹਿਤ **ਗੋਇੰਦਵਾਲ ਸਾਹਿਬ** ਲੈ ਗਏ ਸਨ। ਸੰਗਤਾਂ ਦਾ ਹੜ੍ਹ ਆਇਆ ਹੋਇਆ ਸੀ। ਸਤਿਗੁਰੂ ਜੀ ਦਸੰਬਰ 1664 ਵਿਚ, ਪੋਹ ਮਹੀਨੇ ਦੀ ਮੱਸਿਆ ਦੇ ਜੋੜ-ਮੇਲੇ ਤੇ ਇਥੇ ਪਹੁੰਚੇ ਸਨ। ਸਰੂਪ ਸਿੰਘ ਕੌਸ਼ਿਸ਼ (ਗੁਰੂ ਕੀਆਂ ਸਾਖੀਆਂ) ਅਨੁਸਾਰ ਖੇਮਕਰਨ ਦਾ **ਭਾਈ ਰਘੁਪਤ ਰਾਇ** ਆਪਣੇ ਪੁੱਤਰ ਮੂਲ ਚੰਦ ਸਮੇਤ ਇਥੇ ਦਰਸ਼ਨਾਂ ਨੂੰ ਆਇਆ ਸੀ।

ਭਾਈ ਮੂਲ ਚੰਦ ਸਤਿਗੁਰਾਂ ਨੂੰ **ਪ੍ਰਚਾਰ ਵਹੀਰ ਸਮੇਤ** ਆਪਣੇ ਨਗਰ ਖੇਮਕਰਨ ਲੈ ਗਿਆ ਸੀ। ਖੇਮਕਰਨ ਵਿਖੇ 15 **ਦਿਨ ਗੁਰਮਤਿ** ਸਮਾਗਮ ਕਰਵਾਏ ਗਏ। ਸੰਗਤਾਂ ਹੁੰਮ-ਹੁੰਮਾ ਕੇ ਗੁਰੂ-ਦਰਸ਼ਨਾਂ ਨੂੰ **ਆਈਆਂ। ਰਘੁਪਤ ਰਾਇ** ਨੇ ਇਲਾਕੇ ਦੀ ਸਭ ਤੋਂ ਵਧੀਆ ਘੋੜੀ ਸਤਿਗੁਰਾਂ ਨੂੰ **ਭੇਟ ਕੀਤੀ।**

ਫਿਰ ਗੁਰੂ ਜੀ ਪਿੰਡ ਚੋਲ੍ਹੇ, **ਜੋ ਪੱਟੀ** ਤੋਂ ਸਰਹਾਲੀ ਕਲਾਂ ਰਾਹੀਂ 19 ਕਿਲੋਮੀਟਰ ਦੀ ਵਿੱਥ ਤੇ ਹੈ, ਹੀਰੇ ਬਾਢੀ ਦੇ **ਘਰ** ਪਹੁੰਚੇ। ਇਥੇ ਗੁਰੂ ਨਾਨਕ ਦੇਵ ਜੀ ਦਾ ਇਕ ਚੋਲਾ ਪਿਆ ਹੈ ਜੋ ਉਨ੍ਹਾਂ ਨੇ ਮੱਕੇ ਦੀ ਯਾਤਰਾ ਸਮੇਂ ਪਾਇਆ ਸੀ।

ਗੋਇੰਦਵਾਲ ਤੋਂ **ਵਾਪਸ ਆ ਕੇ** ਬਿਆਸ ਪਾਰ ਸੁਲਤਾਨਪੁਰ ਤੋਂ ਹੁੰਦੇ ਹੋਏ ਗੁਰੂ ਤੇਗ ਬਹਾਦਰ ਜੀ ਮਾਲਵਾ ਦੇਸ਼ ਪਹੁੰਚੇ। ਮਹਿਮਾ ਪ੍ਰਕਾਸ਼ ਦਾ ਲਿਖਾਰੀ ਲਿਖਦਾ ਹੈ ਕਿ ਸਤਿਗੁਰਾਂ ਨੇ ਲੱਖੀ **ਜੰਗਲ ਜਾਣ** ਦਾ **ਮਨ** ਬਣਾ ਲਿਆ ਸੀ ਤਾਂ ਕਿ ਸਿੱਖਾਂ ਦੀ ਸ਼ਰਧਾ

---

*ਇਨ੍ਹਾਂ ਦੋ ਸਤਰਾਂ **ਵਿਚੋਂ** 'ਅੰਮ੍ਰਿਤਸਰੀਏ-ਅੰਤਰ ਸੜੀਏ' ਸ਼ਬਦ ਲੈ ਕੇ ਕਿਹਾ ਜਾਂਦਾ ਹੈ ਕਿ ਇਹ ਸਰਾਪ ਗੁਰੂ **ਜੀ** ਨੇ **ਅੰਮ੍ਰਿਤਸਰ** ਦੇ ਸਮੂਹ ਨਿਵਾਸੀਆਂ ਨੂੰ ਦਿੱਤਾ ਸੀ, ਜੋ ਕਿ ਬਿਲਕੁਲ ਗਲਤ ਗੱਲ ਹੈ। ਇਹ ਗੱਲ **ਕੇਵਲ** ਮਸੰਦਾਂ ਦੇ ਘਟੀਆ ਕਿਰਦਾਰ ਨੂੰ ਦੇਖ ਕੇ, ਉਨ੍ਹਾਂ ਪ੍ਰਤੀ ਹੀ ਕਹੀ ਗਈ ਸੀ। ਸਤਿਗੁਰੂ ਤਾਂ ਬਖ਼ਸ਼ਿਸ਼ਾਂ ਕਰਨ ਵਾਲੇ ਸਨ, ਉਨ੍ਹਾਂ ਦੁਆਰਾ ਕਿਸੇ ਨੂੰ ਸਰਾਪ ਦੇਣ ਦੀ **ਗੱਲ ਸੋਚੀ ਵੀ** ਨਹੀਂ ਜਾ ਸਕਦੀ।

ਪੂਰੀ ਹੋ ਸਕੇ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਸਕੇ। ਗੁਰੂ ਜੀ ਮਾਲਵਾ ਦੇਸ਼ ਵਿਚ ਤਿੰਨ ਵਾਰੀ ਪ੍ਰਚਾਰ ਦੌਰੇ ਤੇ ਆਏ। ਸੰਨ 1673 ਈਸਵੀ ਵਿਚ ਤੀਜੀ ਵਾਰ ਪ੍ਰਚਾਰ ਦੌਰੇ ਤੇ ਸਤਿਗੁਰਾਂ ਨੇ ਸੰਗਤ ਨੂੰ ਨਾ ਡਰੋ ਅਤੇ ਨਾ ਡਰਾਓ ਦਾ ਉਪਦੇਸ਼ ਦਿੱਤਾ। ਇਹੀ ਕਾਰਨ ਸੀ ਇਸ ਇਲਾਕੇ ਦੇ ਸੂਰਬੀਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਜਾਨਾਂ ਵਾਰਨ ਲਈ ਪਹੁੰਚਦੇ ਸਨ।

### *ਸਾਬੋ ਕੀ ਤਲਵੰਡੀ :*

ਗੁਰੂ ਤੇਗ ਬਹਾਦਰ ਜੀ ਜੀਰਾ, ਮੋਗਾ, ਡਰੋਲੀ, ਮੌੜ ਅਤੇ ਮਾਈਸਰ ਖਾਨਾ ਹੁੰਦੇ ਹੋਏ ਤਲਵੰਡੀ ਸਾਬੋ ਪੁੱਜੇ। ਇੱਥੇ ਆਪ 15 ਦਿਨ ਠਹਿਰੇ ਅਤੇ ਸਰੋਵਰ ਦੀ ਖੁਦਾਈ ਕਰਵਾਈ। ਸਾਬੋ ਕੀ ਤਲਵੰਡੀ ਵਿਖੇ ਧਮਤਾਣ (ਤਹਿਸੀਲ ਨਰਵਾਣਾ) ਦਾ ਧਨਾਢ ਦੱਗੋ ਜੱਟ ਵੀ ਦਰਸ਼ਨਾਂ ਨੂੰ ਆਇਆ ਹੋਇਆ ਸੀ। ਉਸਨੇ ਬੇਨਤੀ ਕੀਤੀ ਕਿ ਵਿਸਾਖੀ ਦਾ ਕੇਂਦਰੀ ਗੁਰਮਤਿ ਸਮਾਗਮ ਧਮਤਾਣ ਵਿਖੇ ਕੀਤਾ ਜਾਵੇ। ਭਾਈ ਦੱਗੋ ਬਹੁਤ ਸਾਰੀ ਜ਼ਮੀਨ-ਜਾਇਦਾਦ ਦਾ ਮਾਲਕ ਅਤੇ ਅਸਰ ਰਸੂਖ ਵਾਲਾ ਧਾਰਮਿਕ ਆਗੂ ਜਾਂ ਮਸੰਦ ਸੀ। 'ਮਾਲਵਾ ਦੇਸ਼ ਰਟਨ' ਦੀ ਸਾਖੀ ਨੰਬਰ 33 ਅਤੇ 'ਗੁਰੂ ਕੀਆਂ ਸਾਖੀਆਂ' ਦੀ ਸਾਖੀ ਨੰਬਰ 20 ਅਨੁਸਾਰ ਭਾਈ ਦੱਗੋ ਨੇ ਬਹੁਤ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਉਸਦੇ ਨਗਰ ਧਮਤਾਣ ਵਿਖੇ ਸਿੱਖੀ ਪ੍ਰਚਾਰ ਲਈ ਇਕ ਬਹੁਤ ਵੱਡਾ ਕੇਂਦਰ ਕਾਇਮ ਕੀਤਾ ਜਾਵੇ। ਇਸ ਕਾਰਜ ਲਈ ਉਸ ਕੋਲ ਸਭ ਸਾਧਨ ਮੌਜੂਦ ਹਨ।

### *ਬਾਂਗਰ ਦੇਸ (ਕਰਨਾਲ, ਰੋਹਤਕ ਤੇ ਹਿਸਾਰ ਜ਼ਿਲ੍ਹਾ)*

ਸਤਿਗੁਰੂ ਜੀ ਅਤੇ ਪ੍ਰਚਾਰ ਵਹੀਰ ਤਲਵੰਡੀ ਸਾਬੋ ਤੋਂ ਚੱਲ ਕੇ ਅਜੋਕੇ ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਜੀਂਦ ਦੇ ਇਲਾਕੇ ਧਮਤਾਣ ਵਿਖੇ ਪੁੱਜੇ। ਭਾਈ ਦੱਗੋ ਨੇ ਸਤਿਗੁਰਾਂ ਤੋਂ ਆਗਿਆ ਪ੍ਰਾਪਤ ਕਰਕੇ ਪਹਿਲਾਂ ਹੀ ਉਨ੍ਹਾਂ ਲਈ ਵਧੀਆ ਮਹਿਲ ਤਿਆਰ ਕਰਵਾਇਆ ਸੀ :

ਹਰਿ ਮੰਦਰ ਤਹਾਂ ਭਇਆ ਤਿਆਰ।
ਤਿਸ ਮਹਿ ਬਿਰਾਜੇ ਗੁਰ ਕਰਤਾਰ। *(ਮਹਿਮਾ ਪ੍ਰਕਾਸ਼)*

ਨਾਲ ਹੀ ਭਾਈ ਦੱਗੋ ਨੇ ਮਿੱਠੇ ਪਾਣੀ ਦਾ ਖੂਹ ਲਵਾਇਆ ਅਤੇ ਸਰੋਵਰ ਨੂੰ ਸਾਫ਼ ਕਰਕੇ ਉਸ ਵਿਚ ਨਵਾਂ ਪਾਣੀ ਭਰਵਾਇਆ।

ਇਥੇ ਹੀ ਨੰਦ ਲਾਲ ਸੋਹਣੇ ਦੇ ਪੁੱਤਰ ਰਾਮਦੇਵ ਨੇ ਸਿੱਖੀ ਧਾਰਨ ਕੀਤੀ। ਉਹ ਨਿਮਰ ਸੁਭਾਅ ਤੇ ਸੇਵਾ ਭਾਵਨਾ ਵਾਲਾ ਸੀ ਜੋ ਸੰਗਤਾਂ ਦੇ ਇਸ਼ਨਾਨ, ਲੰਗਰ ਤੇ ਛਿੜਕਾਉ ਲਈ ਮਸ਼ਕਾਂ ਭਰ ਕੇ ਪਾਣੀ ਦੀਆਂ ਲਿਆਉਂਦਾ ਸੀ। ਇਹਨਾ ਪਾਣੀ ਛਿੜਕਦਾ ਕਿ ਮੀਂਹ ਹੀ ਪੁਆ ਦਿੰਦਾ। ਸਤਿਗੁਰਾਂ ਨੇ ਪਿਆਰ ਨਾਲ ਉਸਦਾ ਨਾਮ ਭਾਈ ਮੀਂਹਾਂ ਰੱਖ ਦਿੱਤਾ ਅਤੇ ਪ੍ਰਸੰਨ ਹੋ ਕੇ ਪੂਰਬ ਦੇਸ਼ ਦਾ ਪ੍ਰਚਾਰਕ ਨਿਯੁਕਤ ਕਰ ਦਿੱਤਾ। ਉਸਦੇ ਮਗਰੋਂ ਇਕ ਪ੍ਰਚਾਰਕ ਸੰਪਰਦਾ ਹੀ ਚੱਲ ਪਈ। ਇਸ ਸੰਪਰਦਾਇ ਦੇ ਉਦਾਸੀ

ਸਾਧੂ ਮੀਹਾਂ-ਸ਼ਾਹੀਏ ਜਾਂ ਮੀਹਾਂ ਦਾਸੀਏ ਅਖਵਾਉਂਦੇ ਹਨ। ਮੁਰਾਦਾਬਾਦ, ਬਾਰਾਬੰਕੀ, ਲਖਨਊ, ਨਵਾਬਗੰਜ ਆਦਿ ਇਲਾਕਿਆਂ ਵਿਚ ਇਸ ਸੰਪਰਦਾਇ ਦੇ ਬਹੁਤ ਸਿੱਖ ਰਹਿੰਦੇ ਹਨ। ਪਟਿਆਲੇ ਵਿਚ ਬਾਵਾ ਮਗਨੀ ਰਾਮ, ਲਖਨਊ ਵਿਚ ਬਾਵਾ ਗੁਰ ਨਰਾਇਣ ਤੇ ਬਾਵਾ ਹਜ਼ਾਰਾ, ਸਾਧ ਬੇਲਾ (ਸਿੰਧ) ਵਿਚ ਬਨਖੰਡੀ ਦਾਸ ਦਾ ਡੇਰਾ ਹੈ।

ਸਤਿਗੁਰਾਂ ਨੇ ਧਮਤਾਣ ਦੇ ਨੇੜੇ ਦੇ ਪਿੰਡਾਂ, ਕਸਬਿਆਂ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਉਹ ਪਿੰਡ ਖਰਕ, ਖਟਕੜ, ਟੇਕ, ਕੈਥਲ, ਬਰਨਾ ਹੁੰਦੇ ਹੋਏ ਥਾਨੇਸਰ ਪਹੁੰਚੇ। ਉਹ ਬਨੀ ਬਦਰ ਤੇ ਕੜਾ ਮਾਣਕ ਵੀ ਗਏ। ਉਨ੍ਹਾਂ ਨੇ ਲੋਕਾਂ ਨੂੰ ਚੋਰੀ, ਗੁੱਗੇ ਦੀ ਪੂਜਾ ਅਤੇ ਤੰਬਾਕੂ ਆਦਿ ਦੇ ਨਸ਼ਿਆਂ ਤੋਂ ਵਰਜ ਕੇ ਸੰਗਤਾਂ ਦੀ ਸੇਵਾ ਅਤੇ ਪ੍ਰਭੂ-ਭਗਤੀ ਦਾ ਉਪਦੇਸ਼ ਦਿੱਤਾ।

ਧਮਤਾਣ ਵਿਖੇ ਹੋਏ ਵਿਸਾਖੀ ਦੇ ਗੁਰਮਤਿ ਸਮਾਗਮ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸ਼ਰਧਾਲੂ ਸ਼ਾਮਿਲ ਹੋਏ। ਇਸ ਨਾਲ ਜਿਥੇ ਸਿੱਖੀ ਦੀ ਸ਼ਾਨ ਪ੍ਰਗਟ ਹੋਈ ਅਤੇ ਸਿੱਖੀ ਦੇ ਹਰਮਨ ਪਿਆਰੇ ਹੋਣ ਦਾ ਪ੍ਰਭਾਵ ਪਿਆ, ਉਥੇ ਕੱਟੜ ਹਿੰਦੂਆਂ ਅਤੇ ਮੁਸਲਮਾਨਾਂ ਦੇ ਧਾਰਮਿਕ ਆਗੂਆਂ ਦੇ ਮਨਾਂ ਵਿਚ ਸਿੱਖੀ ਲਈ ਈਰਖਾ, ਨਫ਼ਰਤ ਤੇ ਵਿਰੋਧ ਵੀ ਪੈਦਾ ਹੋਇਆ। 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ" ਵਾਲਾ ਗੁਰਮਤਿ ਦਾ ਉਪਦੇਸ਼ ਲੋਕਾਂ ਨੂੰ ਇੱਜ਼ਤ, ਅਣਖ ਤੇ ਗੈਰਤ ਨਾਲ ਜੀਵਨ ਜਿਊਣ ਦੀ ਪ੍ਰੇਰਨਾ ਦੇ ਰਿਹਾ ਸੀ। ਇਹ 'ਹਾਕਮ' ਸ਼੍ਰੇਣੀ ਨੂੰ ਮੁਆਫਿਕ ਨਹੀਂ ਸੀ ਆ ਰਿਹਾ। ਵਿਰਕਾਪ੍ਰਸਤ ਲੋਕਾਂ ਦੀਆਂ ਸ਼ਿਕਾਇਤਾਂ ਅਤੇ ਸਰਕਾਰੀ ਖੁਫੀਆ ਸੂਚਨਾਵਾਂ ਵੀ ਸਰਕਾਰ ਕੋਲ ਪਹੁੰਚ ਰਹੀਆਂ ਸਨ। ਫਾਰਸਟਰ ਤੇ ਮੈਲਕਮ ਦੀਆਂ ਲਿਖਤਾਂ ਵਿਚ ਦਰਜ ਹੈ ਕਿ ਸਿੱਖਾਂ ਵਲੋਂ ਅਣਖ ਤੇ ਇੱਜ਼ਤ ਦੀ ਜ਼ਿੰਦਗੀ ਬਤੀਤ ਕਰਨਾ ਅਤੇ ਨਿਰਭੈ ਹੋ ਕੇ ਵਿਚਰਨ ਦਾ ਢੰਗ ਮੁਗ਼ਲਾਂ ਦੇ ਮਨਾਂ ਵਿਚ ਸ਼ੱਕ ਤੇ ਡਰ ਪੈਦਾ ਕਰਦਾ ਸੀ। ਅਸਾਮੀ ਬਰੰਜੀਆਂ ਵਿਚ ਦਰਜ ਹੈ ਕਿ ਹਿੰਦੂਆਂ ਦੇ ਧਾਰਮਿਕ ਆਗੂ, ਬ੍ਰਾਹਮਣ ਅਤੇ ਮੁਸਲਮਾਨਾਂ ਦੇ ਧਾਰਮਿਕ ਆਗੂ ਉਲੇਮਾ ਤੇ ਮੁਲਾਣੇ, ਸਿੱਖੀ ਦੀ ਚੜ੍ਹਤ ਤੋਂ ਪਰੇਸ਼ਾਨ ਸਨ। ਇਸ ਕਾਰਨ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਦਿੱਲੀ ਹਾਜ਼ਰ ਹੋਣ ਲਈ ਕਿਹਾ ਪਰ ਗੁਰੂ ਜੀ ਨੇ ਇਸ ਦੀ ਪ੍ਰਵਾਹ ਨਹੀਂ ਕੀਤੀ। ਇਸ ਲਈ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਉਣ ਲਈ ਆਲਮ ਖਾਂ ਰੁਹੇਲੇ ਨੂੰ ਭੇਜਿਆ ਗਿਆ।

# ਚੰਪਾ ਰਾਣੀ ਤੇ ਚੱਕ ਨਾਨਕੀ ਦੀ ਸਥਾਪਨਾ

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਬਿਲਾਸਪੁਰ ਦੇ ਰਾਜੇ ਕਲਿਆਣ ਚੰਦ ਨੂੰ 52 ਪਹਾੜੀ ਰਾਜਿਆਂ ਸਮੇਤ ਜਹਾਂਗੀਰ ਦੀ ਕੈਦ ਵਿਚੋਂ ਛੁਡਵਾਇਆ ਸੀ। ਇਸ ਖ਼ਾਨਦਾਨ ਵਿਚੋਂ ਰਾਜਾ ਤਾਰਾ ਚੰਦ ਦੇ ਬੇਟੇ ਰਾਜਾ ਦੀਪ ਚੰਦ ਦਾ ਅਪ੍ਰੈਲ, 1665 ਵਿਚ ਦੇਹਾਂਤ ਹੋ ਗਿਆ। ਗੁਰੂ ਤੇਗ਼ ਬਹਾਦਰ ਜੀ ਨੂੰ ਇਹ ਖ਼ਬਰ ਧਮਤਾਣ ਵਿਖੇ ਮਿਲੀ। ਰਾਜਾ ਦੀਪ ਚੰਦ ਦੀ ਰਾਣੀ ਚੰਪਾ, ਜੋ ਗੁਰੂ ਘਰ ਦੀ ਸ਼ਰਧਾਲੂ ਸੀ, ਨੇ ਸਤਿਗੁਰਾਂ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਆਪ ਨੇ ਕੀਰਤਪੁਰ ਵਾਪਸੀ ਦਾ ਪ੍ਰੋਗਰਾਮ ਬਣਾ ਲਿਆ। ਸਤਿਗੁਰੂ ਜੀ 6 ਮਈ, 1665 ਨੂੰ ਕੀਰਤਪੁਰ ਪੁੱਜੇ ਸਨ। 13 ਮਈ ਨੂੰ ਉਸ ਦੇ ਦੁੱਖ ਨੂੰ ਵੰਡਾਉਣ ਲਈ ਗੁਰੂ ਤੇਗ਼ ਬਹਾਦਰ ਜੀ, ਮਾਤਾ ਨਾਨਕੀ ਜੀ, ਹਰੀ ਜੀ, ਮਾਤਾ ਸੁਲੱਖਣੀ ਜੀ, ਸੂਰਜ ਮੱਲ ਦੇ ਬੇਟੇ ਨੰਦ ਚੰਦ ਤੇ ਦੀਪ ਚੰਦ, ਦਰਘਾ ਮੱਲ, ਜੇਠਾ, ਦਇਆਲਾ, ਦੁਰਗਾਦਾਸ, ਦਰੀਆ ਆਦਿ ਨਾਲ ਬਿਲਾਸਪੁਰ ਗਏ। ਰਾਣੀ ਨੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ।

ਚੰਪਾ ਰਾਣੀ ਨੂੰ ਖਦਸ਼ਾ ਸੀ ਕਿ ਜੇ ਭਾਈ ਦੱਗੋ ਦੀ ਬੇਨਤੀ ਤੇ ਧਮਤਾਣ ਵਿਖੇ ਸਿੱਖੀ ਦਾ ਕੇਂਦਰ ਬਣ ਗਿਆ ਤਾਂ ਕੀਰਤਪੁਰ ਸਾਹਿਬ ਦੀ ਮਹੱਤਤਾ ਘਟ ਜਾਵੇਗੀ। ਰਾਣੀ ਨੇ ਮਾਤਾ ਨਾਨਕੀ ਜੀ ਤੱਕ ਪਹੁੰਚ ਕੀਤੀ ਤੇ ਬੇਨਤੀ ਕੀਤੀ ਕਿ ਕੀਰਤਪੁਰ ਸਾਹਿਬ ਨੂੰ ਨਾ ਛੱਡਿਆ ਜਾਵੇ। ਗੁਰੂ ਕੀਆਂ ਸਾਖੀਆਂ ਰਚਿਤ ਸਰੂਪ ਸਿੰਘ ਵਿਚ ਰਾਣੀ ਦੇ ਜਜ਼ਬਾਤ ਵਰਨਣ ਕੀਤੇ ਗਏ ਹਨ। ਸਤਿਗੁਰੂ ਜੀ ਨੇ ਚੰਪਾ ਰਾਣੀ ਵਲੋਂ ਭੇਟ ਕੀਤੀ ਜ਼ਮੀਨ ਖ਼ਰੀਦ ਕੇ ਨਗਰ ਵਸਾਉਣ ਦੀ ਉਸਦੀ ਬੇਨਤੀ ਪ੍ਰਵਾਨ ਕਰ ਲਈ। ਇਹ ਜ਼ਮੀਨ ਦਰਿਆ ਸਤਲੁਜ ਕੰਢੇ, ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਚਰਨ ਗੰਗਾ ਤੋਂ ਬਿਲਾਸਪੁਰ ਰਿਆਸਤ ਦੇ ਮੀਆਂਪੁਰ, ਸਹੋਟਾ ਤੇ ਲੋਦੀਪੁਰ ਪਿੰਡਾਂ ਤੱਕ ਸੀ। ਡਾ: ਗੰਡਾ ਸਿੰਘ ਤੇ ਸ: ਤੇਜਾ ਸਿੰਘ ਅਨੁਸਾਰ ਸਤਿਗੁਰਾਂ ਨੇ ਇਹ ਜ਼ਮੀਨ ਮੁੱਲ ਲੈ ਕੇ ਚੱਕ ਨਾਨਕੀ (ਅਨੰਦਪੁਰ ਸਾਹਿਬ) ਨਗਰ ਦੀ ਨੀਂਹ ਰੱਖੀ। ਕੁਝ ਮਹੀਨੇ ਇਸ ਨਗਰ ਦੇ ਵਿਕਾਸ ਉੱਤੇ ਲੱਗ ਗਏ।

ਭੱਟ ਵਹੀ ਮੁਲਤਾਨੀ ਸਿੰਧੀ ਅਤੇ ਸਰੂਪ ਸਿੰਘ ਕੌਸ਼ਿਸ਼ ਰਚਿਤ ਗੁਰੂ ਕੀਆਂ ਸਾਖੀਆਂ ਅਨੁਸਾਰ ਬਾਬਾ ਬੁੱਢਾ ਜੀ ਦੀ ਅੰਸ਼ ਬਾਬਾ ਗੁਰਦਿੱਤਾ ਜੀ ਤੋਂ 19 ਜੂਨ, 1665 ਨੂੰ ਚੱਕ ਨਾਨਕੀ ਨਗਰ ਦੀ ਮੋੜ੍ਹੀ ਗਡਵਾਈ ਗਈ ਸੀ।

ਸ਼ਹਿਰ ਦਾ ਨਾਂ ਮਾਤਾ ਨਾਨਕੀ ਜੀ ਦੇ ਨਾਂ 'ਤੇ 'ਚੱਕ ਨਾਨਕੀ' ਰੱਖਿਆ ਗਿਆ। ਮੋੜ੍ਹੀ ਮਾਖੋਵਾਲ ਦੇ ਪੁਰਾਣੇ ਥੇਹ ਤੇ ਸਹੋਟੇ ਪਿੰਡ ਵਿਚ ਗੱਡੀ ਗਈ ਸੀ।

ਇਸ ਅਸਥਾਨ ਨੂੰ ਪਹਿਲਾਂ ਮਾਖੋਵਾਲ ਆਖਦੇ ਸਨ। ਇਥੇ ਇਕ ਦੈਂਤ ਦੇ ਰਹਿਣ ਦੀ ਗੱਲ ਪ੍ਰਚੱਲਤ ਸੀ, ਜਿਸਦਾ ਨਾਮ ਮਾਖੋ ਸੀ। ਉਸ ਦੇ ਡਰ ਤੇ ਵਹਿਮ ਕਾਰਨ ਲੋਕ

ਇਥੇ ਵੱਸਦੇ ਨਹੀਂ ਸਨ। ਨਗਰ ਵੱਸਣ ਮਗਰੋਂ ਲੋਕਾਂ ਦੇ ਮਨ ਵਿਚੋਂ ਦੈਂਤ ਦਾ ਡਰ ਖ਼ਤਮ ਹੋ ਗਿਆ ਅਤੇ ਗੁਰੂ ਜੀ ਦੇ ਚਰਨ ਪੈਣ 'ਤੇ ਇਹ ਅਸਥਾਨ ਧਰਮ ਦਾ ਗੜ੍ਹ ਬਣ ਗਿਆ। ਹੁਸ਼ਿਆਰਪੁਰ ਜ਼ਿਲ੍ਹੇ ਦੇ ਗਜ਼ਟੀਅਰ 1883-84 ਦੇ ਪੰਨਾ 135 ਤੇ ਸਰਕਾਰੀ ਰਿਕਾਰਡ ਵਿਚ 'ਚੱਕ ਨਾਨਕੀ' ਨਾਮ ਹੀ ਲਿਖਿਆ ਹੋਇਆ ਹੈ।

ਗੁਰੂ ਜੀ ਨੇ ਇਸ ਅਸਥਾਨ 'ਤੇ ਮਕਾਨ, ਬਾਜ਼ਾਰ ਬਣਵਾਏ। ਦੁਆਬੇ, ਮਾਝੇ ਅਤੇ ਮਾਲਵੇ ਤੋਂ ਆਏ ਪਰਿਵਾਰ ਵੀ ਇਸੇ ਨਵੇਂ ਸ਼ਹਿਰ ਵਿਚ ਵੱਸ ਗਏ। ਸੰਗਤਾਂ ਲਈ ਸਰਾਂ ਬਣਵਾਈ ਗਈ, ਖ਼ੂਹ ਲਗਵਾਏ ਅਤੇ ਲੰਗਰ ਚਲਾਏ, ਕੀਰਤਨ ਹੋਣ ਲੱਗੇ। ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਵਿਚ ਪ੍ਰਸਿੱਧ ਕੀਰਤਨੀਏ ਭਾਈ ਗੁਲਾਬ ਰਾਇ, ਭਾਈ ਰਾਜਾ, ਭਾਈ ਬਹਿਲ, ਭਾਈ ਮਨਸੂਦ ਅਤੇ ਭਾਈ ਹਰਬੰਸ ਜੀ ਕੀਰਤਨ ਕਰਦੇ ਹੁੰਦੇ ਸਨ।

ਬੂਟੇ ਸ਼ਾਹ ਲਿਖਦਾ ਹੈ ਕਿ ਚਾਰੇ ਪਾਸੇ ਸਤਿਗੁਰਾਂ ਦੀ ਵਡਿਆਈ ਹੋ ਰਹੀ ਸੀ ਕਿ ਗੁਰੂ ਤੇਗ਼ ਬਹਾਦਰ ਜੀ ਪਾਸ ਕਦੇ ਸਿਮਰਨ, ਬੇਪ੍ਰਵਾਹੀ, ਦਾਨ ਅਤੇ ਲੰਗਰ ਦੀ ਕਦੇ ਤੋਟ ਨਹੀਂ ਆਉਂਦੀ।

# ਸਤਿਗੁਰੂ ਜੀ ਦੀ ਪਟਨੇ ਵੱਲ ਦੂਜੀ ਯਾਤਰਾ

ਗੁਰੂ ਤੇਗ ਬਹਾਦਰ ਜੀ, ਗੁਰੂ ਹਰਿ ਰਾਇ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਦੀ ਖ਼ਬਰ ਸੁਣ ਕੇ ਹੀ ਪੰਜਾਬ ਪਰਤੇ ਸਨ। ਪਟਨੇ ਦੇ ਮੁੱਖ ਸਿੱਖ ਭਾਈ ਦਰਬਾਰੀ ਅਤੇ ਚੈਨ ਸੁੱਖ ਅਤੇ ਢਾਕੇ ਦੇ ਸਿੱਖ ਆਗੂ ਬਲਾਕੀ ਦਾਸ ਤੇ ਹੁਲਾਸ ਚੰਦ ਸਤਿਗੁਰਾਂ ਨੂੰ ਆਪਣੇ ਇਲਾਕਿਆਂ ਵਿਚ ਚਰਨ ਪਾਉਣ ਲਈ ਬੇਨਤੀ ਕਰਨ ਲਈ ਚੱਕ ਨਾਨਕੀ ਆਏ। ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰਕੇ ਪਟਨੇ ਵੱਲ ਵਾਪਸੀ ਸਮੇਂ ਗੁਰੂ ਜੀ ਨੇ ਆਪਣੇ ਨਾਲ ਆਪਣੀ ਪਤਨੀ ਸ੍ਰੀ ਗੁਜਰੀ ਜੀ, ਭਾਈ ਮਤੀ ਦਾਸ, ਸਤੀ ਦਾਸ, ਦਿਆਲ ਦਾਸ, ਗਵਾਲ ਦਾਸ, ਗੁਰਦਾਸ, ਸੰਗਤ ਤੇ ਜੇਠਾ ਆਦਿ ਸਿੱਖਾਂ ਨੂੰ ਲਿਆ। ਗੁਰੂ ਕੀਆਂ ਸਾਖੀਆਂ ਅਨੁਸਾਰ ਸਤਿਗੁਰੂ ਜੀ ਨੇ ਦੀਵਾਨ ਦਰਘਾ ਮੱਲ ਨੂੰ ਦੱਸਿਆ ਕਿ ਉਹ ਧਮਤਾਣ ਹੋ ਕੇ ਪਟਨੇ ਜਾਣਗੇ।

### *ਸੈਫ਼ਾਬਾਦ ਪਹੁੰਚਣਾ ਅਤੇ ਸੈਫ਼ ਖ਼ਾਨ*

ਅਕਤੂਬਰ 1665 ਈਸਵੀ ਵਿਚ ਗੁਰੂ ਤੇਗ ਬਹਾਦਰ ਜੀ ਪ੍ਰਚਾਰ ਵਹੀਰ ਸਮੇਤ ਰਵਾਨਾ ਹੋਏ। ਗੁਰੂ ਜੀ ਰੋਪੜ, ਬ੍ਰਾਹਮਣ ਮਾਜਰਾ, ਬੂਰ ਮਾਜਰਾ, ਦੁਗਰੀ, ਕੁਰਾਲੀ, ਘੜੂਆਂ, ਨੰਦਪੁਰ, ਮਕਾਰਪੁਰ, ਭਗਰਾਣਾ, ਆਕੜ, ਟਹਿਲਪੁਰਾ, ਰਾਜਪੁਰਾ ਆਦਿ ਪਿੰਡਾਂ ਵਿਚ ਪ੍ਰਚਾਰ ਕਰਦੇ ਹੋਏ ਸੈਫ਼ਾਬਾਦ ਪਹੁੰਚੇ। ਇਹ ਅਸਥਾਨ ਗੁਰੂ ਜੀ ਦੇ ਅਨਿੰਨ ਸ਼ਰਧਾਲੂ ਸੈਫ਼ ਖ਼ਾਨ ਨੇ ਵਸਾਇਆ ਸੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਨੌਂ ਕਿਲੋਮੀਟਰ ਦੀ ਦੂਰੀ 'ਤੇ ਹੈ। ਬਾਅਦ ਵਿਚ ਸੈਫ਼ਾਬਾਦ ਦਾ ਨਾਮ ਗੁਰੂ ਤੇਗ ਬਹਾਦਰ ਜੀ ਦੇ ਨਾਂ ਉਤੇ 'ਬਹਾਦਰ ਗੜ੍ਹ' ਰੱਖਿਆ ਗਿਆ ਸੀ। ਨਵਾਬ ਸੈਫ਼ਖ਼ਾਨ ਤਰਬੀਅਤ ਖ਼ਾਨ ਦਾ ਪੁੱਤਰ ਅਤੇ ਸ਼ਾਹ ਜਹਾਨ ਦਾ ਸਾਂਢੂ ਸੀ। ਫ਼ਿਦਾਈ ਖ਼ਾਂ ਇਸਦਾ ਭਰਾ ਸੀ। ਸੈਫ਼ ਖ਼ਾਨ ਨੂੰ 1659 ਈਸਵੀ ਵਿਚ ਔਰੰਗਜ਼ੇਬ ਨੇ ਆਗਰੇ ਦਾ ਸੂਬੇਦਾਰ ਬਣਾਇਆ ਸੀ। ਉਸਦੀ ਵਫ਼ਾਦਾਰੀ ਅਤੇ ਵਿਸ਼ੇਸ਼ ਸੇਵਾਵਾਂ ਤੋਂ ਪ੍ਰਸੰਨ ਹੋ ਕੇ ਔਰੰਗਜ਼ੇਬ ਨੇ ਸੰਨ 1662 ਵਿਚ ਉਸਨੂੰ ਸ਼ਾਹੀ ਚੋਗਾ ਤੇ ਤਲਵਾਰ ਦੀ ਬਖ਼ਸ਼ਿਸ਼ ਕੀਤੀ ਅਤੇ ਉਸਨੂੰ 'ਦੋ ਹਜ਼ਾਰੀ' ਸ਼ਾਹੀ ਰੁਤਬਾ ਵੀ ਦਿੱਤਾ ਸੀ। ਸੰਨ 1665 ਵਿਚ ਉਹ ਕਸ਼ਮੀਰ ਦਾ ਸੂਬੇਦਾਰ ਬਣਿਆ। ਚੰਗੀਆਂ ਸੇਵਾਵਾਂ ਤੇ ਅਸਰ ਰਸੂਖ਼ ਕਾਰਨ ਉਹ ਬਿਹਾਰ ਤੇ ਫਿਰ ਅਲਾਹਾਬਾਦ ਦਾ ਸੂਬੇਦਾਰ ਰਿਹਾ।

ਸਤਿਗੁਰੂ ਜੀ ਨੂੰ ਸ਼ੈਫ਼ ਖ਼ਾਨ ਨੇ ਗੁਰੂ ਦਰਬਾਰ ਵਿਚ ਇਕ ਵਧੀਆ ਘੋੜਾ ਭੇਟ ਕੀਤਾ ਜਿਸ ਦਾ ਨਾਂ ਸਿੱਖਾਂ ਨੇ 'ਸ੍ਰੀ ਧਰ' ਰੱਖਿਆ। ਸਤਿਗੁਰਾਂ ਨੇ ਇਸ ਘੋੜੇ ਨੂੰ ਬਨਾਰਸ ਤੱਕ ਵਰਤਿਆ ਸੀ।

### *ਗੁਰੂ ਜੀ ਦੀ ਪਹਿਲੀ ਗ੍ਰਿਫ਼ਤਾਰੀ (8 ਨਵੰਬਰ, 1665)*

ਗੁਰੂ ਤੇਗ ਬਹਾਦਰ ਜੀ ਸੈਫ਼ਾਬਾਦ ਤੋਂ ਬਾਅਦ ਸੁਨਾਮ, ਛਾਜਲਾਂ ਤੇ ਲਹਿਰਾਗਾਗਾ ਪਰਚਾਰ ਕਰਦੇ ਹੋਏ ਭਾਈ ਦੱਗੋ ਪਾਸ ਧਮਤਾਣ ਪੁੱਜ ਗਏ। ਉਹ ਛੇ ਮਹੀਨੇ ਪਹਿਲਾਂ

ਇਥੇ ਵਿਸਾਖੀ ਦੇ ਜੋੜ ਮੇਲੇ ਤੇ ਆਏ ਸਨ। ਸੰਨ 1665 ਦੀ ਦੀਵਾਲੀ ਮੌਕੇ ਧਮਤਾਣ ਵਿਖੇ ਕੇਂਦਰੀ ਸਮਾਗਮ ਹੋਇਆ ਜਿਸ ਵਿਚ ਵੱਡੀ ਸੰਖਿਆ ਵਿਚ ਬਾਂਗਰ ਦੇਸ਼ ਦੇ ਸਿੱਖ ਤੇ ਨੇੜੇ ਦੇ ਸਿੱਖ ਧਮਤਾਣ ਪਹੁੰਚੇ। ਸਤਿਗੁਰਾਂ ਨੇ ਕਰਮ-ਕਾਂਡ ਤਿਆਗ ਕੇ ਇੱਜ਼ਤ, ਅਣਖ ਵਾਲੀ ਜ਼ਿੰਦਗੀ ਜਿਊਣ ਦੀ ਪ੍ਰੇਰਨਾ ਕੀਤੀ। ਇਸ ਦੀਆਂ ਰਿਪੋਰਟਾਂ ਸਰਕਾਰ ਪਾਸ ਵੀ ਪਹੁੰਚਦੀਆਂ ਰਹੀਆਂ। ਔਰੰਗਜ਼ੇਬ ਸਿੱਖ ਲਹਿਰ ਅਤੇ ਗੁਰੂ ਜੀ ਦੇ ਧਰਮ ਪ੍ਰਚਾਰ ਨੂੰ ਪਸੰਦ ਨਹੀਂ ਸੀ ਕਰਦਾ ਕਿਉਂਕਿ ਗੁਰੂ ਜੀ ਅਣਖ, ਇੱਜ਼ਤ ਤੇ ਆਜ਼ਾਦੀ ਵਾਲਾ ਜੀਵਨ ਜਿਊਣ ਦੀ ਪ੍ਰੇਰਨਾ ਦੇ ਰਹੇ ਸਨ। ਔਰੰਗਜ਼ੇਬ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਜਾਰੀ ਕੀਤਾ ਤੇ ਆਲਮ ਖ਼ਾਨ ਰੁਹੇਲੇ ਨੂੰ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਲਈ ਭੇਜਿਆ। ਭੱਟ ਵਹੀ ਜਾਦੋਬੰਸੀਆਂ, ਖਾਤਾ ਬੜ੍ਹਤੀਆਂ, ਅਨੁਸਾਰ ਆਲਮ ਖ਼ਾਂ ਰੁਹੇਲਾ ਫੌਜ ਸਮੇਤ ਧਮਤਾਨ ਆ ਗਿਆ ਅਤੇ 8 ਨਵੰਬਰ, 1665 ਨੂੰ ਗੁਰੂ ਜੀ ਨੂੰ ਮੁਖੀ ਸੇਵਕਾਂ ਭਾਈ ਮਤੀ ਦਾਸ, ਸਤੀ ਦਾਸ, ਗਵਾਲ ਦਾਸ, ਗੁਰਦਾਸ ਸੰਗਤ ਤੇ ਦਿਆਲ ਦਾਸ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਉਸ ਸਮੇਂ ਗੁਰੂ ਜੀ ਸਿੱਖਾਂ ਸਮੇਤ ਜੰਗਲ ਵਿਚ ਸ਼ਿਕਾਰ ਖੇਡ ਰਹੇ ਸਨ। ਇਹ ਗੁਰੂ ਜੀ ਦੀ ਪਹਿਲੀ ਗ੍ਰਿਫਤਾਰੀ ਸੀ।

ਦਿੱਲੀ ਵਿਖੇ ਸਤਿਗੁਰਾਂ ਨੂੰ ਸਾਥੀ ਸਿੱਖਾਂ ਸਮੇਤ ਔਰੰਗਜ਼ੇਬ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਸਤਿਗੁਰਾਂ ਦੀ ਔਰੰਗਜ਼ੇਬ ਨਾਲ ਲੰਬੀ ਵਾਰਤਾ ਹੋਈ ਸੀ। ਐਸ ਕੇ ਭੂਯਾਂ ਦੀ 'ਬਾਦਸ਼ਾਹ ਬਰੰਜੀ' ਦੀ ਸਾਖੀ ਨੰਬਰ 116 ਵਿਚ ਇਸ ਲੰਬੀ ਮੁਲਾਕਾਤ ਦਾ ਜ਼ਿਕਰ ਹੈ। ਔਰੰਗਜ਼ੇਬ ਨੇ ਸਤਿਗੁਰੂ ਜੀ ਨੂੰ ਦਲੀਲ ਨਾਲ ਇਸਲਾਮ ਧਾਰਨ ਦੀ ਪ੍ਰੇਰਨਾ ਕੀਤੀ ਪਰ ਗੱਲ ਨਾ ਬਣਦੀ ਵੇਖ ਕੇ ਬਾਦਸ਼ਾਹ ਨੇ ਤਸੀਹਿਆਂ ਅਤੇ ਮੌਤ ਦੇ ਡਰਾਵੇ ਦਿੱਤੇ। ਅੰਤ ਗੁਰੂ ਸਾਹਿਬ ਨੂੰ ਫਾਂਸੀ ਦਾ ਹੁਕਮ ਹੋਇਆ ਜੋ ਸਿਰੇ ਨਾ ਚੜ੍ਹ ਸਕਿਆ।

### *ਰਾਣੀ ਪੁਸ਼ਪਾ ਤੇ ਸਤਿਗੁਰਾਂ ਦੀ ਰਿਹਾਈ*

ਅੰਬੇਰ ਦੇ ਰਾਜੇ ਜੈ ਸਿੰਘ ਦੇ ਮੁਗ਼ਲ ਹਕੂਮਤ ਨਾਲ ਗੂੜ੍ਹੇ ਸੰਬੰਧ ਸਨ ਉਸ ਨੇ ਦੱਖਣ ਦੇ ਕਈ ਇਲਾਕੇ ਜਿੱਤ ਕੇ ਮੁਗਲਾਂ ਨੂੰ ਦਿੱਤੇ ਸਨ। ਰਾਜਾ ਜੈ ਸਿੰਘ ਦੇ ਪੁੱਤਰ ਰਾਜਾ ਰਾਮ ਸਿੰਘ ਦਾ ਵੀ ਸ਼ਾਹੀ ਦਰਬਾਰ ਵਿਚ ਉੱਚਾ ਰੁਤਬਾ ਸੀ। ਰਾਜਾ ਜੈ ਸਿੰਘ ਦੀ ਘਰ ਵਾਲੀ ਰਾਣੀ ਪੁਸ਼ਪਾ ਆਪਣੇ ਪਤੀ ਦੀ ਤਰ੍ਹਾਂ ਗੁਰੂ-ਘਰ ਦੀ ਸ਼ਰਧਾਲੂ ਸੀ। ਉਹ ਤੇ ਉਸ ਦਾ ਪੁੱਤਰ ਰਾਮ ਸਿੰਘ ਦਿੱਲੀ ਵਿਚ ਭਾਈ ਕਲਿਆਣੇ ਦੀ ਧਰਮਸ਼ਾਲਾ ਵਿਚ ਵੀ ਜਾਂਦੇ ਰਹਿੰਦੇ ਸਨ। ਇੰਝ ਉਹ ਸਿੱਖਾਂ ਦੇ ਕਾਫ਼ੀ ਨੇੜੇ ਸਨ। ਚਉਪਤਿ ਰਾਇ ਤੇ ਦੀਵਾਨ ਦਰਘਾ ਮੱਲ ਰਾਣੀ ਨੂੰ ਗ੍ਰਿਫਤਾਰੀ ਸੰਬੰਧੀ ਮਿਲੇ। ਰਾਣੀ ਨੇ ਸਿੱਖਾਂ ਨੂੰ ਸਤਿਗੁਰਾਂ ਨੂੰ ਛੁਡਾ ਲੈਣ ਦਾ ਪੂਰਾ ਭਰੋਸਾ ਦਿੱਤਾ। ਰਾਣੀ ਨੇ ਆਪਣੇ ਪੁੱਤਰ ਰਾਜਾ ਰਾਮ ਸਿੰਘ ਨੂੰ ਔਰੰਗਜ਼ੇਬ ਕੋਲ ਭੇਜਿਆ। ਉਸ ਨੇ ਬਾਦਸ਼ਾਹ ਨੂੰ ਸਮਝਾਇਆ ਕਿ ਇਸ ਨਾਲ ਸ਼ਾਹੀ ਬਾਦਸ਼ਾਹ ਦੀ ਸ਼ਾਨ ਵਿਚ ਕੋਈ ਫਰਕ ਨਹੀਂ ਪਏਗਾ ਸਗੋਂ ਬਦਨਾਮੀ ਵਧੇਰੇ ਹੋਵੇਗੀ। ਰਾਜਾ ਰਾਮ ਸਿੰਘ ਦਾ ਪਿਤਾ ਰਾਜਾ ਮਿਰਜ਼ਾ ਰਾਜਾ ਜੈ ਸਿੰਘ ਖੁਦ ਉਸ ਸਮੇਂ ਮੁਗ਼ਲ ਰਾਜ ਦੇ ਵਾਧੇ ਤੇ ਫੈਲਾਅ ਲਈ ਦੱਖਣ ਵੱਲ ਮੁਹਿੰਮ ਤੇ ਗਿਆ ਹੋਇਆ ਸੀ। ਔਰੰਗਜ਼ੇਬ

ਇਸ ਪਰਿਵਾਰ ਦੀਆਂ ਸੇਵਾਵਾਂ ਕਰਕੇ ਇਨ੍ਹਾਂ ਦੀ ਕਦਰ ਕਰਦਾ ਸੀ। ਉਸ ਨੇ ਸੋਚ ਸਮਝ ਕੇ (ਭੱਟ ਵਹੀ ਜਾਦੋਬੰਸੀਆਂ ਅਨੁਸਾਰ) ਇਕ ਮਹੀਨੇ ਦੀ ਕੈਦ ਪਿਛੋਂ ਗੁਰੂ ਜੀ ਨੂੰ ਰਾਜਾ ਰਾਮ ਸਿੰਘ ਦੇ ਸਪੁਰਦ ਕਰ ਦਿੱਤਾ। ਇਹ ਸਪੁਰਦਗੀ 13 ਦਸੰਬਰ ਨੂੰ ਹੋਈ। ਰਾਜਾ ਰਾਮ ਸਿੰਘ ਨੇ ਗੁਰੂ ਜੀ ਨੂੰ ਤਿੰਨ ਦਿਨਾਂ ਬਾਅਦ 16 ਦਸੰਬਰ 1665 ਨੂੰ ਪੂਰਬੀ ਭਾਰਤ ਤੇ ਪਟਨੇ ਦੇ ਪ੍ਰਚਾਰ ਦੌਰੇ ਲਈ ਸਤਿਕਾਰ ਨਾਲ ਵਿਦਾ ਕਰ ਦਿੱਤਾ। ਜਦੋਂ ਔਰੰਗਜ਼ੇਬ ਨੂੰ ਪਤਾ ਲੱਗਾ ਤਾਂ ਉਹ ਮਨ ਵਿਚ ਦੁਖੀ ਹੋਇਆ ਪਰ ਕੁਝ ਨਾ ਕਰ ਸਕਿਆ।

### ਪਟਨੇ ਵੱਲ ਜਾਣਾ

ਰਾਜਾ ਰਾਮ ਸਿੰਘ ਅਤੇ ਉਸਦੀ ਮਾਤਾ ਰਾਣੀ ਪੁਸ਼ਪਾ ਤੋਂ ਵਿਦਾਇਗੀ ਲੈ ਕੇ ਸਤਿਗੁਰੂ ਜੀ ਮੁਖੀ ਸਿੱਖਾਂ ਸਮੇਤ ਦੇਸ਼ ਦੇ ਪੂਰਬੀ ਭਾਗ ਵੱਲ ਨੂੰ ਤੁਰ ਪਏ। ਗੁਰੂ ਬਣਨ ਤੋਂ ਬਾਅਦ ਉਨ੍ਹਾਂ ਦਾ ਇਸ ਪਾਸੇ ਵੱਲ ਪਹਿਲਾ ਦੌਰਾ ਸੀ, ਭਾਵੇਂ ਕਿ ਪਹਿਲਾਂ ਵੀ ਉਹ ਇਨ੍ਹਾਂ ਇਲਾਕਿਆਂ ਵਿਚ ਲੰਮੇ ਸਮੇਂ ਲਈ ਪ੍ਰਚਾਰ ਕਰ ਚੁੱਕੇ ਸਨ। ਇਸ ਹਿਸਾਬ ਨਾਲ ਇਹ ਦੂਜਾ ਪ੍ਰਚਾਰ ਦੌਰਾ (ਯਾਤਰਾ) ਸੀ। ਉਨ੍ਹਾਂ ਨੇ ਪਹਿਲੇ ਪ੍ਰਚਾਰ ਦੌਰੇ ਵਾਲਾ ਰਸਤਾ ਚੁਣਿਆ ਕਿਉਂਕਿ ਇਸ ਰਸਤੇ ਜਾਣ ਨਾਲ ਸਿੱਖ ਧਰਮ ਦੇ ਪੁਰਾਣੇ ਸ਼ਰਧਾਲੂਆਂ ਅਤੇ ਪਹਿਲੇ ਦੌਰੇ ਦੌਰਾਨ ਬਣੇ ਸਿੱਖਾਂ ਦੀ ਸਾਰ ਲੈਣਾ ਵੀ ਜ਼ਰੂਰੀ ਸੀ।

ਰਸਤੇ ਵਿਚ ਕੁਝ ਪ੍ਰਚਾਰਕ-ਸਿੱਖ ਮੁਖ ਰਸਤੇ ਤੋਂ ਹਟ ਕੇ ਵੱਖਰੀ ਪ੍ਰਚਾਰ ਟੋਲੀ ਰਾਹੀਂ, ਵੱਖ-ਵੱਖ ਥਾਵਾਂ ਤੇ ਧਰਮ ਪ੍ਰਚਾਰ ਦੀ ਸੇਵਾ ਨਿਭਾਅ ਲੈਂਦੇ ਸਨ। ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਹਰਿਦੁਆਰ ਦੇ ਰਸਤੇ ਪੂਰਬ ਵੱਲ ਗਏ ਸਨ। ਭੱਟ ਵਹੀ ਜਾਦੋਬੰਸੀਆਂ ਅਨੁਸਾਰ ਇਹ ਦੋਵੇਂ ਗੁਰਸਿੱਖ 21 ਅਪ੍ਰੈਲ, ਸੰਨ 1666 ਨੂੰ ਹਰਦੁਆਰ ਵਿਖੇ ਪ੍ਰਚਾਰ ਕਰ ਰਹੇ ਸਨ।

ਸਤਿਗੁਰੂ ਜੀ ਬਾਕੀ ਮੁਖੀ ਸਿੱਖਾਂ ਦੇ ਜਥੇ ਸਮੇਤ ਜਨਤਾ ਨੂੰ ਜਾਗ੍ਰਿਤ ਕਰਦੇ ਹੋਏ ਪਟਨੇ ਵੱਲ ਵਧ ਰਹੇ ਸਨ। ਇਹ ਜੱਥਾ ਮਥੁਰਾ, ਬ੍ਰਿੰਦਾਬਨ ਤੋਂ ਹੁੰਦਾ ਹੋਇਆ ਆਗਰੇ ਪੁੱਜਾ। ਆਗਰੇ ਵਿਖੇ ਗੁਰੂ ਜੀ ਮਾਈ ਜੱਸੀ ਦੇ ਟਿਕਾਣੇ ਪਹੁੰਚੇ ਅਤੇ ਉਸ ਵਲੋਂ ਸੱਧਰਾਂ ਨਾਲ ਹੱਥੀਂ ਕੱਤਿਆ ਹੋਇਆ ਖੱਦਰ ਦਾ ਥਾਨ ਪ੍ਰਵਾਨ ਕੀਤਾ। ਇਥੇ ਗੁਰਦੁਆਰਾ ਮਾਈ ਥਾਨ ਸੁਸ਼ੋਭਿਤ ਹੈ। ਉਥੇ ਗੁਰੂ ਜੀ ਨੇ ਸੰਨਿਆਸੀ ਬਣਨ ਜਾ ਰਹੇ ਇਕ ਗ੍ਰਿਹਸਤੀ ਨੂੰ ਇੰਝ ਕਰਨ ਤੋਂ ਰੋਕਿਆ ਤੇ ਸਮਝਾਇਆ ਕਿ ਕਿਰਤ ਕਰਨੀ, ਘਰ-ਗ੍ਰਿਹਸਤ ਚਲਾਏ ਰੱਖਣਾ, ਨਾਮ ਜਪਣਾ ਅਤੇ ਵੰਡ ਛਕਣਾ ਹੀ ਮਾਲਕ ਨੂੰ ਖ਼ੁਸ਼ ਕਰਨ ਦਾ ਤਰੀਕਾ ਹੈ। ਸਿੱਖੀ ਵਿਚ ਪਰਿਵਾਰ ਨੂੰ ਪਾਲਣਾ ਇਕ ਜ਼ਰੂਰੀ ਫ਼ਰਜ਼ ਹੈ।

ਆਗਰੇ ਤੋਂ ਇਟਾਵਾ ਪੁੱਜੇ। ਇਥੇ ਆਪ ਨੇ ਜਮਨਾ ਕਿਨਾਰੇ ਜਾ ਡੇਰਾ ਕੀਤਾ, ਪਰ ਸੰਗਤਾਂ ਦੀ ਬੇਨਤੀ 'ਤੇ ਸ਼ਹਿਰ ਵਿਚ ਵੀ ਗਏ। ਦੋਵੇਂ ਥਾਵਾਂ ਤੇ ਗੁਰਦੁਆਰੇ ਬਣੇ ਹੋਏ ਹਨ। ਇਥੋਂ ਕਾਨ੍ਹਪੁਰ ਗਏ, ਗੰਗਾ ਕਿਨਾਰੇ ਟਿਕਾਣਾ ਕੀਤਾ। ਇਥੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਬਣਿਆ ਹੋਇਆ ਹੈ। ਸੰਗਤਾਂ ਨੇ ਬਹੁਤ ਆਦਰ-ਸਤਿਕਾਰ ਕੀਤਾ। ਕਾਨ੍ਹਪੁਰ ਤੋਂ ਫਤਿਹਪੁਰ ਹੁੰਦੇ ਹੋਏ ਕੜਾ-ਮਾਣਕਪੁਰ ਆਏ। ਉਥੇ ਜੋਗੀ ਮਲੂਕ ਦਾਸ ਨੂੰ ਵੈਸ਼ਨੋ

ਹੋਣ ਦੇ ਭਰਮ ਤੋਂ ਮੁਕਤ ਕੀਤਾ। ਗੁਰਬਾਣੀ ਦੇ ਦੱਸੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ। ਪਾਠ ਕਰਨ ਲਈ ਗੁਰਬਾਣੀ ਦਾ ਗੁਟਕਾ ਦਿੱਤਾ।

ਫਿਰ ਪ੍ਰਚਾਰ ਵਹੀਰ ਇਲਾਹਾਬਾਦ (ਪ੍ਰਯਾਗ) ਪੁੱਜੀ। ਇਥੇ ਅਹੀਆਪੁਰ ਮੁਹੱਲੇ ਵਿਚ ਟਿਕਾਣਾ ਕੀਤਾ। ਇਥੇ ਗੁਰਦੁਆਰਾ 'ਪੱਕੀ ਸੰਗਤ' ਸਥਾਪਿਤ ਹੈ। ਪੰਦਰਾਂ ਦਿਨ ਇਥੇ ਰਹੇ। ਲੋਕਾਂ ਨੂੰ ਵਹਿਮਾਂ, ਭਰਮਾਂ ਤੇ ਭੈੜੇ ਰੀਤੀ-ਰਿਵਾਜਾਂ ਤੋਂ ਬਚਣ ਦੀ ਪ੍ਰੇਰਣਾ ਦਿੱਤੀ। ਲੋਕ ਪ੍ਰਯਾਗ ਤੀਰਥ ਤੇ ਇਸ਼ਨਾਨ ਕਰਨ ਨੂੰ ਬਹੁਤ ਮਾਨਤਾ ਦਿੰਦੇ ਸਨ। ਆਪ ਨੇ ਸੰਗਤਾਂ ਨੂੰ ਉਪਦੇਸ਼ ਕੀਤਾ ਕਿ ਸਾਧ-ਸੰਗਤ ਹੀ ਸਭ ਤੋਂ ਸ੍ਰੇਸ਼ਟ ਤੀਰਥ ਅਸਥਾਨ ਹੈ। ਸਾਧ ਸੰਗਤ ਵਿਚ ਪ੍ਰਭੂ ਦੀ ਸਿਫ਼ਤ-ਸਾਲਾਹ ਕਰਨ ਨਾਲ ਪ੍ਰਭੂ ਨਾਲ ਸੰਗਮ (ਮਿਲਾਪ) ਹੁੰਦਾ ਹੈ।

ਇਲਾਹਾਬਾਦ ਤੋਂ ਮਿਰਜ਼ਾਪੁਰ ਵੱਲ ਜਾ ਰਹੇ ਸਨ ਤਾਂ ਰਸਤੇ ਵਿਚ ਇਕ ਕੋੜ੍ਹੀ ਨੂੰ ਰੋਂਦੇ-ਕੁਰਲਾਂਦੇ ਵੇਖਿਆ ਤਾਂ ਉਸਦਾ ਦੁੱਖ ਦੂਰ ਕੀਤਾ ਅਤੇ ਨਾਮ ਜਪਣ ਦਾ ਉਪਦੇਸ਼ ਕੀਤਾ। ਮਿਰਜ਼ਾਪੁਰ ਵਿਚ ਭਾਈ ਬਾਲ ਚੰਦ, ਭਾਈ ਹਰਿਕ੍ਰਿਸ਼ਨ, ਭਾਈ ਚਤਰ ਭੋਜ ਅਤੇ ਭਾਈ ਲਾਲੂ ਜੀ ਨੂੰ ਜਾ ਮਿਲੇ। ਇਹ ਸਿੱਖ ਵਪਾਰੀ ਸਨ ਜੋ ਸਿੱਖੀ ਪ੍ਰਚਾਰ ਵੀ ਕਰਦੇ ਸਨ। ਇਥੇ ਗੁਰਦੁਆਰਾ 'ਗੁਰ ਕੀ ਸੰਗਤ' ਬਣਿਆ ਹੋਇਆ ਹੈ। ਮਿਰਜ਼ਾਪੁਰ ਤੋਂ ਬਨਾਰਸ (ਕਾਂਸ਼ੀ) ਆਏ।

ਬਨਾਰਸ ਦੇ ਪ੍ਰਸਿੱਧ ਸਿੱਖਾਂ ਭਾਈ ਜਵੇਹਰੀ ਮੱਲ, ਭਾਈ ਰਾਮ ਰਾਇ, ਭਾਈ ਕ੍ਰਿਪਾਲ, ਭਾਈ ਭਿਖਾਰੀ ਆਦਿ ਨੂੰ ਮਿਲੇ। ਇਥੇ ਗੁਰਦੁਆਰਾ 'ਗੁਰੂ ਕਾ ਬਾਗ' ਬਣਿਆ ਹੋਇਆ ਹੈ। ਇਹ ਸਿੱਖ ਸਤਿਗੁਰੂ ਜੀ ਨੂੰ ਰੇਸ਼ਮ ਦੇ ਕਟੜੇ ਲੈ ਕੇ ਗਏ, ਜਿਥੇ 'ਸ਼ਬਦ ਦਾ ਕੋਠਾ' ਗੁਰਦੁਆਰਾ ਪ੍ਰਸਿੱਧ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਬਨਾਰਸ ਚਰਨ ਪਾਏ ਸਨ। ਸੰਗਤਾਂ ਭਾਰੀ ਗਿਣਤੀ ਵਿਚ ਗੁਰੂ ਜੀ ਦੇ ਦਰਸ਼ਨਾਂ ਨੂੰ ਆਈਆਂ। ਗੁਰੂ ਜੀ ਨੇ ਸੰਗਤਾਂ ਦੇ ਸ਼ੰਕੇ ਨਵਿਰਤ ਕੀਤੇ। ਇਥੇ ਗੁਰੂ ਤੇਗ਼ ਬਹਾਦਰ ਜੀ ਦੀ ਰਾਜਪੂਤੀ ਢੰਗ ਦੀ ਇਕ ਖ਼ਾਸ ਪੁਸ਼ਾਕ ਪਈ ਹੈ। ਬਨਾਰਸ (ਕਾਂਸ਼ੀ) ਹਿੰਦੂ ਧਰਮ ਦਾ ਪ੍ਰਸਿੱਧ ਕੇਂਦਰ ਅਤੇ ਵਿਦਵਾਨ ਪੰਡਤਾਂ ਦਾ ਗੜ੍ਹ ਹੈ। ਸਤਿਗੁਰਾਂ ਨੇ ਪੰਡਤਾਂ ਨੂੰ ਉਪਦੇਸ਼ ਕੀਤਾ ਕਿ ਤ੍ਰਿਸ਼ਨਾ ਬੁਝਾਉਣ ਨਾਲ ਹੀ ਬੁੱਧੀ ਕੰਮ ਕਰਦੀ ਹੈ। ਧਰਮ ਵਿਚ ਕਹਿਣੀ ਨਹੀਂ, ਕਰਨੀ ਪ੍ਰਧਾਨ ਹੈ। ਵਾਦ-ਵਿਵਾਦ ਵਿਚ ਪੈਂਣ ਨਾਲ ਹੰਕਾਰ ਪੈਦਾ ਹੁੰਦਾ ਹੈ ਅਤੇ ਈਰਖਾ ਸਾੜਾ ਵਧਦਾ ਹੈ।

ਦਰਸ਼ਨਾਂ ਲਈ ਆਈਆਂ ਸੰਗਤਾਂ ਵਿਚ ਭਾਈ ਗੁਰਬਖ਼ਸ਼ ਜੀ ਵੀ ਸਨ ਜੋ ਸੰਗਤ ਵਿਚ ਕੀਰਤਨ ਕਰਦੇ ਸਨ। ਸਤਿਗੁਰਾਂ ਨੇ ਉਸਦੇ ਕੀਰਤਨ ਤੋਂ ਖ਼ੁਸ਼ ਹੋ ਕੇ ਉਸਨੂੰ ਇਕ ਮ੍ਰਿਦੰਗ ਬਖ਼ਸ਼ੀ। ਭਾਈ ਜੀ ਨੇ ਇਸ ਮ੍ਰਿਦੰਗ ਨਾਲ ਬਹੁਤਾ ਪ੍ਰਚਾਰ ਕੀਤਾ ਜਿਸ ਕਾਰਨ ਜੌਨਪੁਰ ਦੀ ਸੰਗਤ ਨੂੰ ਮ੍ਰਿਦੰਗ ਵਾਲੀ ਸੰਗਤ ਕਿਹਾ ਜਾਣ ਲੱਗਾ। ਭਾਈ ਗੁਰਬਖ਼ਸ਼ ਜੀ ਨੂੰ ਇਕ ਬਦਾਮੀ ਰੰਗ ਦਾ ਚੋਲਾ ਅਤੇ ਇਕ ਪੋਥੀ ਬਖ਼ਸ਼ਿਸ਼ ਕੀਤੀ ਅਤੇ ਕਿਹਾ ਤੁਹਾਡੇ ਘਰ ਕੀਰਤਨ ਦੀ ਦਾਤ ਰਹੇਗੀ।

ਤੁਮਰੇ ਘਰ ਉਤਪਤ ਜੋ ਹੋਇ।
ਕੀਰਤਨ ਭਜਨ ਕਰੇ ਸਭ ਕੋਇ॥

ਯਾਦ ਰਹੇ ਭਾਈ ਗੁਰਦਾਸ ਜੀ ਵੀ ਬਨਾਰਸ ਵਿਚ ਪ੍ਰਚਾਰ ਕਰਦੇ ਰਹੇ ਸਨ। ਬਨਾਰਸ ਵਿਚ ਹੀ ਸੈਫ਼ਖਾਨ ਵਲੋਂ ਗੁਰੂ ਤੇਗ ਬਹਾਦਰ ਜੀ ਨੂੰ ਭੇਟ ਕੀਤਾ ਘੋੜਾ 'ਸ੍ਰੀ ਧਰ' ਕੁਝ ਦਿਨ ਬੀਮਾਰ ਰਹਿਣ ਮਗਰੋਂ ਚੜ੍ਹਾਈ ਕਰ ਗਿਆ।

ਬਨਾਰਸ ਤੋਂ ਚੱਲ ਕੇ ਪ੍ਰਚਾਰ ਵਹੀਰ ਬਿਹਾਰ ਪ੍ਰਾਂਤ ਵਿਚ ਦਾਖ਼ਲ ਹੋਈ ਅਤੇ ਸਸਰਾਮ ਪੁੱਜੀ। ਉਥੇ ਸਤਿਗੁਰੂ ਜੀ ਦਾ ਇਕ ਸ਼ਰਧਾਲੂ ਸਿੱਖ ਭਾਈ ਫੱਗੂ ਰਹਿੰਦਾ ਸੀ। ਉਸਨੂੰ ਸਾਰੇ ਚਾਚਾ ਫੱਗੂ ਕਰਕੇ ਬੁਲਾਉਂਦੇ ਸਨ। ਉਸ ਨੇ ਇਲਾਕੇ ਵਿਚ ਸਿੱਖੀ ਦਾ ਭਰਵਾਂ ਪ੍ਰਚਾਰ ਕੀਤਾ ਸੀ। ਇਥੋਂ ਦੇ ਅਗਰੈਰੀ ਬਾਣੀਏ ਤੇ ਕੁਝ ਹੋਰ ਲੋਕ ਚਾਚੇ ਫੱਗੂ ਦੇ ਪ੍ਰਚਾਰ ਸਦਕਾ ਅਜੇ ਤੱਕ ਸਿੱਖ ਚਲੇ ਆਉਂਦੇ ਹਨ। ਉਨ੍ਹਾਂ ਦੀ ਸੰਤਾਨ ਵਿਚੋਂ ਬਣੇ ਸ਼ਰਧਾਵਾਨ ਸਿੱਖ ਕਲਕੱਤੇ ਦੇ 'ਬੜੀ ਸੰਗਤ' ਤੇ 'ਛੋਟੀ ਸੰਗਤ' ਗੁਰਦੁਆਰਿਆਂ ਦੀ ਸੇਵਾ ਕਰਦੇ ਆ ਰਹੇ ਹਨ। ਚਾਚਾ ਫੱਗੂ ਸਤਿਗੁਰਾਂ ਨਾਲ ਇਤਨਾ ਪਿਆਰ ਕਰਦਾ ਸੀ ਕਿ ਉਸਨੇ ਆਪਣੇ ਘਰ ਦਾ ਬਾਹਰਲਾ ਦਰਵਾਜ਼ਾ ਕਾਫੀ ਉੱਚਾ ਰਖਵਾਇਆ ਸੀ ਤਾਂ ਕਿ ਗੁਰੂ ਸਾਹਿਬ ਘੋੜੇ ਤੇ ਚੜ੍ਹੇ ਹੋਏ ਹੀ ਮਕਾਨ ਦੇ ਅੰਦਰ ਆ ਸਕਣ। ਉਸ ਦਾ ਕਹਿਣਾ ਸੀ ਕਿ ਛੋਟੇ ਦੁਆਰ ਰਾਹੀਂ ਗੁਰੂ ਜੀ ਕਿਵੇਂ ਅੰਦਰ ਆ ਸਕਦੇ ਹਨ। 'ਮਹਿਮਾ ਪ੍ਰਕਾਸ਼' ਵਿਚ ਦਰਜ ਹੈ :

ਛੋਟੇ ਦੁਆਰ ਅੰਤਰ ਕਿਮ ਵੜੇ।
ਇਸ ਬੜੇ ਦੁਆਰ ਆਵੇ ਪ੍ਰਭ ਚੜ੍ਹੇ॥ ੨੪॥

ਗੁਰੂ ਜੀ ਉਸਦੇ ਘਰ ਅੰਦਰ ਘੋੜੇ ਤੇ ਸਵਾਰ ਹੋ ਕੇ ਹੀ ਗਏ ਸਨ ਅਤੇ ਜਾ ਕੇ ਦੀਵਾਨ ਸਜਾਏ। ਭਾਈ ਫੱਗੂ ਕਿਰਤੀ ਤੇ ਇਮਾਨਦਾਰ ਸਿੱਖ ਸੀ ਜੋ ਇਕੱਠੀ ਹੋਈ ਕਾਰ-ਭੇਟ ਨੂੰ ਤੋਲ ਕੇ ਗੁਰੂ ਦਰਬਾਰ ਵਿਚ ਪਹੁੰਚਾਇਆ ਕਰਦਾ ਸੀ। ਗੁਰੂ ਜੀ ਨੇ ਚਾਚੇ ਫੱਗੂ ਦੀ ਸੰਗਤਾਂ ਵਿਚ ਵਡਿਆਈ ਕੀਤੀ ਤੇ ਕਿਹਾ ਫੱਗੂ ਵਰਗੇ ਸਿੱਖ ਹੀ ਪੰਥ ਦਾ ਥੰਮ੍ਹ ਹਨ।

ਬੋਧ ਗਯਾ ਪਹੁੰਚ ਕੇ ਫਲਗੂ ਨਦੀ ਕਿਨਾਰੇ, ਉਦਾਸੀਆਂ ਦੇ ਡੇਰੇ ਵਿਚ ਗੁਰੂ ਜੀ ਨੇ ਟਿਕਾਣਾ ਕੀਤਾ ਅਤੇ ਉਪਦੇਸ਼ ਕੀਤਾ—ਤੁਸੀਂ ਉਸ ਥਾਂ ਰਹਿੰਦੇ ਹੋ ਜਿਥੇ ਹਰ ਸਮੇਂ ਮੌਤ ਦਾ ਜ਼ਿਕਰ ਹੁੰਦਾ ਹੈ, ਇਸ ਲਈ ਮੌਤ ਨੂੰ ਚੇਤੇ ਰੱਖੋ। ਇਸ ਨਾਲ ਅਸਲੀਅਤ ਤੋਂ ਨਹੀਂ ਭੱਜੋਗੇ ਅਤੇ ਜੀਵਨ ਵਿਗੜਨ ਤੋਂ ਬਚ ਜਾਵੇਗਾ। ਸਦਾ ਇਕ ਪਰਮਾਤਮਾ ਨੂੰ ਯਾਦ ਰੱਖੋ। ਉਦਾਸੀ ਸੇਵਕ ਮਹੰਤ ਰਾਮਦਾਸ ਨੂੰ ਧਰਮ ਪ੍ਰਚਾਰ ਦਾ ਕੰਮ ਬੜੇ ਜ਼ੋਰ ਨਾਲ ਕਰਨ ਦੀ ਪ੍ਰੇਰਨਾ ਕੀਤੀ।

ਫਿਰ ਸਤਿਗੁਰਾਂ ਨੇ ਕਰਮਨਾਸ਼ ਨਦੀ ਨੂੰ ਪਾਰ ਕੀਤਾ। ਜਦੋਂ ਗੁਰੂ ਜੀ ਇਥੇ ਇਸ਼ਨਾਨ ਕਰਨ ਲੱਗੇ ਤਾਂ ਪੰਡਤਾਂ ਨੇ ਕਿਹਾ ਕਿ ਇਥੇ ਇਸ਼ਨਾਨ ਕਰਨ ਨਾਲ ਸ਼ੁੱਭ ਕਰਮ ਨਾਸ਼ ਹੋ ਜਾਂਦੇ ਹਨ। ਗੁਰੂ ਜੀ ਨੇ ਕਿਹਾ ਕਿ ਇਸ਼ਨਾਨ ਕਰਨ ਨਾਲ ਜਾਂ ਨਾ ਕਰਨ ਨਾਲ

ਅਜਿਹਾ ਨਹੀਂ ਹੁੰਦਾ। ਚੰਗੇ ਕਰਮਾਂ ਦਾ ਨਾਸ਼ ਭੈੜੀ ਸੰਗਤ ਕਰਨ ਅਤੇ ਪ੍ਰਭੂ ਨੂੰ ਵਿਸਾਰਨ ਨਾਲ ਹੁੰਦਾ ਹੈ।

ਗੁਰੂ ਤੇਗ ਬਹਾਦਰ ਜੀ ਆਪਣੀ ਪ੍ਰਚਾਰ ਵਹੀਰ ਸਮੇਤ ਮਈ, 1666 ਵਿਚ ਪਟਨੇ ਪਹੁੰਚੇ। ਪਟਨਾ ਗੰਗਾ ਨਦੀ ਦੇ ਸੱਜੇ ਕਿਨਾਰੇ ਵਸਿਆ ਹੋਇਆ ਸ਼ਹਿਰ ਹੈ।

ਇਹ ਕਈ ਵਾਰ ਢਹਿ-ਢੇਰੀ ਹੋਇਆ ਅਤੇ ਕਈ ਵਾਰ ਨਾਂ ਬਦਲੇ ਗਏ ਇਹ ਪੁਸ਼ਪਪੁਰ, ਕੁਸਮਪੁਰ, ਪਦਮਾਵਤੀ, ਮੌਰੀਆ ਨਗਰ, ਤੇ ਪਾਟਲੀ ਪੁੱਤਰ ਕਰਕੇ ਜਾਣਿਆ ਜਾਂਦਾ ਰਿਹਾ ਹੈ।

ਪਟਨਾ ਪੁੱਜਣ ਤੇ ਉਥੋਂ ਦੇ ਮੁਖੀ ਸਿੱਖਾਂ ਅਤੇ ਸਾਧ-ਸੰਗਤ ਨੇ ਆਪ ਦਾ ਨਿੱਘਾ ਸਵਾਗਤ ਕੀਤਾ। ਪਹਿਲਾਂ ਉਸ ਅਸਥਾਨ 'ਤੇ ਸਤਿਸੰਗ ਸਮਾਗਮ ਹੋਣ ਲੱਗੇ ਜਿੱਥੇ ਹੁਣ ਗਊਘਾਟ ਗੁਰਦੁਆਰਾ ਹੈ, ਇਸ ਨੂੰ ਗੁਰਦੁਆਰਾ ਬੜੀ ਸੰਗਤ ਕਿਹਾ ਜਾਂਦਾ ਸੀ। ਸੰਗਤਾਂ ਦੀ ਗਿਣਤੀ ਰੋਜ਼ ਵਧਣ ਲੱਗੀ ਤੇ ਇਹ ਅਸਥਾਨ ਸਤਿਸੰਗ ਲਈ ਛੋਟਾ ਜਾਪਣ ਲੱਗਾ। ਭਾਈ ਬੈਸਾਖੀ ਰਾਮ ਨੇ ਬੇਨਤੀ ਕੀਤੀ ਕਿ ਉਸ ਦੀ ਹਵੇਲੀ ਕਾਫੀ ਖੁਲ੍ਹੀ ਹੈ, ਉਥੇ ਸਮਾਗਮ ਕੀਤੇ ਜਾਣ। ਉਸ ਦੀ ਬੇਨਤੀ ਪ੍ਰਵਾਨ ਹੋਈ ਤੇ ਸਤਿਸੰਗ ਸਮਾਗਮ ਉਸਦੀ ਹਵੇਲੀ ਵਿਚ ਹੋਣ ਲੱਗੇ। ਕੁਝ ਸਮੇਂ ਮਗਰੋਂ ਇਹ ਅਸਥਾਨ ਵੀ ਸੰਗਤਾਂ ਦੇ ਨਿੱਤ ਦੇ ਵਾਧੇ ਕਾਰਨ ਛੋਟਾ ਲੱਗਣ ਲੱਗ ਪਿਆ। ਇਸ ਲਈ ਸਤਿਸੰਗ ਅਸਥਾਨ ਵਰਤਮਾਨ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ, ਵਾਲੀ ਜਗ੍ਹਾ ਤੇ ਬਦਲ ਲਿਆ ਗਿਆ। ਬੈਸਾਖੀ ਰਾਮ ਖੁਸ਼ੀ ਵਿਚ ਖੀਵਾ ਹੋ ਗਿਆ। ਸੰਗਤਾਂ ਨੇ ਬੇਨਤੀ ਕੀਤੀ ਕਿ ਆਪ ਦੇ ਦਰਸ਼ਨ ਕਿਵੇਂ ਕਰਦੇ ਰਹੀਏ ? ਗੁਰੂ ਜੀ ਨੇ ਫ਼ੁਰਮਾਇਆ ਜਿਥੇ ਸੰਗਤ ਹੋਵੇਗੀ, ਉਥੇ ਮੇਰਾ ਵਾਸਾ ਹੋਵੇਗਾ। ਸੰਗਤ ਗੁਰੂ ਦੇ ਦੱਸੇ ਰਸਤੇ ਤੇ ਚਲਦੀ ਹੈ, ਇਸ ਲਈ ਸੰਗਤ ਵਿਚੋਂ ਹੀ ਗੁਰੂ ਦੇ ਦਰਸ਼ਨ ਹੁੰਦੇ ਹਨ।

ਪਟਨਾ ਸਾਹਿਬ ਵਿਖੇ ਹੀ ਯੋਗੀਆਂ ਦੀ ਇਕ ਢਾਣੀ ਆਪਣੇ ਆਗੂ ਮਹੰਤ ਸਮੇਤ ਚਰਚਾ ਕਰਨ ਆਈ। ਮਹੰਤ ਯੋਗੀ ਤਕੜੀ ਜਾਇਦਾਦ ਦਾ ਮਾਲਕ ਸੀ। ਤੇਰ-ਮੇਰ ਬਹੁਤ ਕਰਦਾ ਸੀ। ਉਸ ਨੂੰ ਸਮਝਾਇਆ ਕਿ ਜੋ ਤੇਰ-ਮੇਰ, ਸਰੀਰ-ਸਾਧਨਾ ਅਤੇ ਸਰੀਰ ਸੰਵਾਰਨ ਵਿਚ ਲੱਗਾ ਹੋਇਆ ਹੈ, ਉਸ ਨੂੰ ਪ੍ਰਭੂ ਦਾ ਦੀਦਾਰ ਨਹੀਂ ਹੋ ਸਕਦਾ। ਪ੍ਰਭੂ ਦੇ ਦੀਦਾਰ ਲਈ ਭੈੜੀਆਂ ਸੰਸਾਰਿਕ ਰੁਚੀਆਂ ਅਤੇ ਮੋਹ, ਮਮਤਾ, ਮਾਇਕ ਰੁਚੀਆਂ, ਹੰਕਾਰ ਆਦਿ ਨੂੰ ਤਿਆਗਣਾ ਪੈਂਦਾ ਹੈ। ਪ੍ਰਭੂ ਦੇ ਨਾਮ ਵਿਚ ਸੁਰਤ ਜੋੜਨਾ ਹੀ ਅਸਲ ਯੋਗ ਹੈ।

ਸੰਨ 1666 ਦੇ ਦੁਸਹਿਰੇ ਦੇ ਅਵਸਰ 'ਤੇ ਢਾਕੇ ਦੇ ਕੁਝ ਮੁਖੀ ਸਿੱਖਾਂ ਨੇ ਪਟਨਾ ਆ ਕੇ ਆਪ ਦੇ ਦਰਸ਼ਨ ਕੀਤੇ। ਉਨ੍ਹਾਂ ਨੇ ਢਾਕੇ ਦੀ ਸੰਗਤ ਦੀ ਬੇਨਤੀ ਵੀ ਪਹੁੰਚਾਈ ਕਿ ਸਤਿਗੁਰੂ ਜੀ ਵਹੀਰ ਸਮੇਤ ਢਾਕੇ ਆਉਣ। ਸਤਿਗੁਰਾਂ ਨੇ ਢਾਕੇ ਦੀ ਸੰਗਤ ਦੀ ਇਹ ਬੇਨਤੀ ਪ੍ਰਵਾਨ ਕਰ ਲਈ।

### *ਢਾਕੇ ਵੱਲ ਰਵਾਨਾ ਹੋਣਾ*

ਢਾਕੇ ਵੱਲ ਜਾਣ ਤੋਂ ਪਹਿਲਾਂ ਸਤਿਗੁਰੂ ਜੀ ਨੇ ਆਪਣੇ ਪਰਿਵਾਰ ਦੀ ਦੇਖ-ਰੇਖ

ਦੀ ਸੇਵਾ ਪਟਨੇ ਦੇ ਮੁਖੀ ਸਿੱਖਾਂ ਰਾਜਾ ਫਤਹਿ ਚੰਦ ਮੈਨੀ, ਰਾਮ ਰਾਇ, ਚੈਨ ਸੁਖ, ਹੀਰਾ ਨੰਦ, ਮੁਰਲੀਧਰ, ਮਿਹਰ ਚੰਦ, ਸੰਗਤ ਦਾਸ ਆਦਿ ਦੀ ਲਾਈ। ਆਪ ਆਪਣੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਗੁਰਦਿੱਤਾ ਆਦਿਕ ਪ੍ਰਮੁੱਖ ਸਿੱਖਾਂ ਨੂੰ ਲੈ ਕੇ ਢਾਕੇ ਵੱਲ ਚੱਲ ਪਏ।

ਭਾਈ ਦਿਆਲ ਦਾਸ (ਭਾਈ ਦਿਆਲਾ) ਜੀ ਨੂੰ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਇਲਾਕਿਆਂ ਦਾ ਮੁਖੀ ਥਾਪ ਦਿੱਤਾ ਗਿਆ। ਇਹ ਸੇਵਾ ਭਾਈ ਦਿਆਲਾ ਜੀ ਨੂੰ ਉਨ੍ਹਾਂ ਦੇ ਉੱਚੇ-ਸੁੱਚੇ ਜੀਵਨ, ਗੁਰਮਤਿ ਸਿਧਾਤਾਂ ਦੀ ਨਿਰੋਲਤਾ ਅਤੇ ਪ੍ਰਚਾਰ-ਢੰਗ ਵਿਚ ਇਕਸਾਰਤਾ ਰੱਖਣ ਵਿਚ ਪਰਬੀਨਤਾ ਕਾਰਨ ਬਖ਼ਸ਼ੀ ਗਈ ਸੀ।

ਸਤਿਗੁਰਾਂ ਦੀ ਵਹੀਰ ਪਟਨੇ ਤੋਂ 55 ਕਿਲੋਮੀਟਰ ਚੱਲ ਕੇ **'ਬੜ'** ਕਸਬੇ (ਬੜਗਾਂਵ) ਪੁੱਜੀ। ਇਥੇ ਕੁਝ ਸਮਾਂ ਟਿਕ ਕੇ ਗੁਰਮਤਿ ਦਾ ਪ੍ਰਚਾਰ ਕੀਤਾ। 'ਬੜੀ ਸੰਗਤ' ਨਾਮ ਦਾ ਗੁਰਦੁਆਰਾ ਹੋਂਦ ਵਿਚ ਆਇਆ। ਸਿੱਖੀ ਦੇ ਮੂਲ ਸੋਮਿਆਂ ਨਾਲ ਸੰਬੰਧਿਤ ਨਾ ਰਹਿਣ ਕਰਕੇ ਹੁਣ ਉਥੇ ਕੋਈ ਯਾਦਗਾਰ ਨਹੀਂ ਹੈ। ਬਾਦਸ਼ਾਹ ਮੁਹੰਮਦ ਸ਼ਾਹ ਦੇ ਰਾਜ-ਕਾਲ ਨਾਲ ਸੰਬੰਧਿਤ ਫ਼ਾਰਸੀ ਦੀ ਇਕ ਲਿਖਤ ਤੋਂ ਪਤਾ ਚਲਦਾ ਹੈ ਕਿ ਸਿੱਖੀ ਦਾ ਇਹ ਕੇਂਦਰ ਸੰਨ 1723 ਈਸਵੀ ਤੱਕ ਭਾਈ ਉਦੋ ਜੀ ਦੀ ਸਰਪ੍ਰਸਤੀ ਹੇਠ ਚੰਗੀ ਤਰ੍ਹਾਂ ਚਲਦਾ ਰਿਹਾ ਹੈ।

ਅਗਲਾ ਟਿਕਾਣਾ ਮੁੰਗੇਰ ਵਿਖੇ ਕੀਤਾ। ਮੁੰਗੇਰ ਪਟਨੇ ਤੋਂ ਲਗਭਗ 160 ਕਿਲੋਮੀਟਰ ਦੂਰ ਹੈ। ਇਥੇ ਬੇਲਨ ਬਾਜ਼ਾਰ ਖੇਤਰ ਵਿਚ, ਪੁਰਾਣੇ ਕਿਲ੍ਹੇ ਦੇ ਕੋਲ ਗੁਰਦੁਆਰਾ 'ਪੱਕੀ ਸੰਗਤ' ਸਥਾਪਿਤ ਕੀਤਾ ਗਿਆ ਸੀ, ਜੋ ਸੰਨ 1934 ਦੇ ਭੂਚਾਲ ਸਮੇਂ ਢੱਠ ਗਿਆ ਤੇ ਸਾਲ ਕੁ ਮਗਰੋਂ ਨਵੀਂ ਇਮਾਰਤ ਬਣਾ ਦਿੱਤੀ ਗਈ। ਇਥੇ ਆਇਤਾਕਾਰ ਕਮਰੇ ਦੇ ਸਾਹਮਣੇ ਇਕ ਬਰਾਂਡਾ ਹੈ। ਬ੍ਰਾਹਮਣ ਪੁਜਾਰੀ ਸੇਵਾ ਕਰਦੇ ਰਹੇ ਹਨ।

ਮੁੰਗੇਰ ਵਿਖੇ ਗੁਰੂ ਜੀ ਨੇ ਬਾਵਾ ਪ੍ਰਦੇਸੀ ਰਾਮ ਤੇ ਕਈ ਹੋਰ ਬ੍ਰਾਹਮਣਾਂ ਨੂੰ ਸਿੱਖੀ ਵਿਚ ਸ਼ਾਮਿਲ ਕੀਤਾ ਸੀ। ਸਿੱਖੀ ਦੇ ਕਿਸੇ ਮੁਖ ਕੇਂਦਰ ਨਾਲ ਜੁੜੇ ਨਾ ਰਹਿਣ ਕਰਕੇ ਇਨ੍ਹਾਂ ਦੀ ਸੰਤਾਨ ਮੁੜ ਬ੍ਰਾਹਮਣਾਂ ਵਿਚ ਸਮਾਅ ਗਈ।

ਮੁੰਗੇਰ ਤੋਂ 63 ਕਿਲੋਮੀਟਰ ਦੀ ਦੂਰੀ ਤੇ ਭਾਗਲਪੁਰ ਨਾਂ ਦਾ ਕਸਬਾ ਹੈ ਜੋ ਗੰਗਾ ਨਦੀ ਦੇ ਸੱਜੇ ਕਿਨਾਰੇ ਵਸਿਆ ਹੋਇਆ ਹੈ। ਇਥੇ ਗੁਰੂ ਜੀ ਸੰਨ 1667 ਵਿਚ ਪੁੱਜੇ ਸਨ। ਬੂੜਾਨਾਥ ਘਾਟ ਤੇ ਗੁਰੂ ਜੀ ਇਕ ਪੱਥਰ ਦੀ ਸਿਲ ਉਤੇ ਬਿਰਾਜਮਾਨ ਹੋਏ ਸਨ। ਇਥੇ ਸੰਨ 1974 ਵਿਚ ਸਰਦਾਰ ਇੰਦਰ ਸਿੰਘ (ਅਟਵਾਲ) ਨੇ ਕਮਰਾ ਬਣਵਾ ਦਿੱਤਾ ਸੀ। ਹੁਣ ਇਸ ਅਸਥਾਨ ਦਾ ਨਾਮ 'ਗੁਰਦੁਆਰਾ ਬੜੀ ਸੰਗਤ, ਚੌਂਕੀ ਸਾਹਿਬ ਗੁਰੂ ਤੇਗ਼ ਬਹਾਦਰ ਜੀ' ਹੈ। ਸ਼ਹਿਰ ਵਿਚਲੇ ਗੁਰਦੁਆਰਾ ਸਿੰਘ ਸਭਾ ਤੋਂ ਹਰ ਮਹੀਨੇ ਮੱਸਿਆ ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਆ ਕੇ ਦੀਵਾਨ ਲਾਇਆ ਜਾਂਦਾ ਹੈ।

ਭਾਗਲਪੁਰ ਵਿਚ ਛੋਟੀ ਸੰਗਤ ਨਾਮ ਦਾ ਗੁਰਦੁਆਰਾ ਵੀ ਸੀ, ਜਿਸ ਨੂੰ ਮਗਰੋਂ ਮੰਦਰ ਵਿਚ ਬਦਲ ਦਿੱਤਾ ਗਿਆ।

ਬਿਹਾਰ ਵਿਚ ਹੋਰ ਵੀ ਕਈ ਗੁਰਦੁਆਰੇ ਸਨ ਜੋ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਸਨ। ਇਹ ਗੁਰਦੁਆਰੇ ਸਾਹਿਬ ਗੰਜ, ਕਾਹਿਲ, ਕੰਤ ਨਗਰ, ਰਾਜ ਮਹਲ ਅਤੇ ਰਾਜਗੀਰ ਕਸਬਿਆਂ ਵਿਚ ਸਨ। ਇਨ੍ਹਾਂ ਦਾ ਪ੍ਰਬੰਧ ਉਦਾਸੀ ਮਹੰਤਾਂ ਦੇ ਹੱਥ ਹੋਣ ਕਰਕੇ, ਹੁਣ ਇਹ ਮੰਦਰਾਂ ਵਿਚ ਤਬਦੀਲ ਕਰ ਦਿੱਤੇ ਗਏ ਹਨ। ਇਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਥਾਨ 'ਤੇ ਮੂਰਤੀਆਂ ਸਥਾਪਿਤ ਕਰ ਦਿੱਤੀਆਂ ਗਈਆਂ ਹਨ। (Historical Sikh Shrines/Gurmukh Singh/P. 331-33)

ਗੁਰੂ ਤੇਗ ਬਹਾਦਰ ਜੀ ਕੰਤ ਨਗਰ ਵਿਖੇ ਵੀ ਠਹਿਰੇ ਸਨ। ਇਹ ਅਸਥਾਨ ਹੜ੍ਹਾਂ ਕਾਰਨ ਤਬਾਹ ਹੋ ਗਿਆ ਅਤੇ ਹੁਣ ਇਥੇ ਲਛਮੀਪੁਰ ਕਸਬਾ ਵੱਸਦਾ ਹੈ। ਇਥੋਂ 10 ਕਿਲੋਮੀਟਰ ਦੇ ਘੇਰੇ ਵਿਚ ਸਿੱਖਾਂ ਦੇ ਸੱਤ ਪਿੰਡ ਸਨ, ਜਿਨ੍ਹਾਂ ਵਿਚੋਂ ਕੰਤ ਨਗਰ (ਲਛਮੀਪੁਰ) ਇਕ ਸੀ। ਨਦੀ ਕਿਨਾਰੇ ਹੋਣ ਕਰਕੇ ਇਥੋਂ ਦੇ ਸਿੱਖ ਨਦੀ ਨਾਲ ਜੁੜੇ ਕਿੱਤੇ ਕਰਦੇ ਸਨ। ਉਹ ਕਾਫ਼ਲਿਆਂ ਦੇ ਰੂਪ ਵਿਚ ਨਦੀ ਵਿਚ ਜਾਂਦੇ ਸਨ ਤੇ ਸਭ ਤੋਂ ਅਗਲੀ ਕਿਸ਼ਤੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਦਰ-ਸਤਿਕਾਰ ਨਾਲ ਰੱਖਦੇ ਸਨ। ਬਿਹਾਰੀ ਸਿੱਖਾਂ ਨੇ ਸ਼ਹਿਰ (ਕੰਤ ਨਗਰ) ਦੁਬਾਰਾ ਉਸਾਰਿਆ ਸੀ, ਪਰ ਉਹ ਵੀ ਹੜ੍ਹਾਂ ਦੀ ਭੇਟ ਚੜ੍ਹ ਗਿਆ। ਫਿਰ ਬਿਹਾਰੀ ਸਿੱਖਾਂ ਨੇ ਦਰਭੰਗਾ ਦੇ ਰਾਜੇ ਨੂੰ ਆਖ ਕੇ ਨਵਾਂ ਸ਼ਹਿਰ ਲਕਸ਼ਮੀਪੁਰ ਵਸਾ ਲਿਆ। ਇਹ ਘਟਨਾ ਅਪ੍ਰੈਲ, ਸੰਨ 1855 ਦੀ ਹੈ। ਇਥੇ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਇਕ ਹੱਥ-ਲਿਖਤ ਬੀੜ ਪਈ ਹੈ ਤੇ ਕੁਝ ਹੁਕਮਨਾਮੇ ਵੀ ਪਏ ਹਨ।

ਬਿਹਾਰ ਦੇ ਇਸ ਇਲਾਕੇ ਦੇ ਪਿੰਡਾਂ ਵਿਚ ਅਜੇ ਤੱਕ ਕੁਝ ਪਿੰਡ ਦੇਖੇ ਜਾ ਸਕਦੇ ਹਨ, ਜੋ ਸਿੱਖਾਂ ਦੇ ਪਿੰਡ ਅਖਵਾ ਸਕਦੇ ਹਨ। ਇਨ੍ਹਾਂ ਦੇ ਨਿਵਾਸੀ ਅਜੇ ਤੱਕ ਕਈ ਸਿੱਖ ਰੀਤ-ਰਿਵਾਜਾਂ, ਪਰੰਪਰਾਵਾਂ ਅਤੇ ਸਿਧਾਤਾਂ ਅਨੁਸਾਰ ਜੀਵਨ ਦੇ ਕਾਰਜ ਕਰਦੇ ਹਨ। ਇਹ ਲੋਕ ਗੁਰੂ ਸਾਹਿਬ ਦੇ ਇੱਧਰ ਆਉਣ ਅਤੇ ਉਨ੍ਹਾਂ ਦੀਆਂ ਬਖ਼ਸ਼ਿਸ਼ਾਂ ਬਾਰੇ ਕਈ ਗੱਲਾਂ ਦੱਸਦੇ ਹਨ। ਇਹ ਮੈਥਿਲੀ ਬੋਲੀ ਬੋਲਦੇ ਹਨ ਸਥਾਨਕ ਪਹਿਰਾਵਾ ਪਹਿਨਦੇ ਹਨ। ਸਿੱਖਾਂ ਵਲੋਂ ਸਾਰ ਨਾ ਲਏ ਜਾਣ ਕਾਰਨ ਇਹ ਬ੍ਰਾਹਮਣੀ ਮੱਤ ਦਾ ਅਸਰ ਕਬੂਲ ਰਹੇ ਹਨ।

ਬਿਹਾਰ ਦੇ ਇਲਾਕੇ ਵਿਚ ਪ੍ਰਚਾਰ ਕਰਦਿਆਂ ਸਤਿਗੁਰੂ ਜੀ ਬੰਗਾਲ ਵਿਚ ਪਹੁੰਚੇ। 1947 ਵਿਚ ਭਾਰਤ ਦੀ ਵੰਡ ਨਾਲ ਬੰਗਾਲ ਦੀ ਵੰਡ ਵੀ ਹੋ ਗਈ ਤੇ ਇਸ (ਭਾਰਤੀ) ਭਾਗ ਨੂੰ 'ਪੱਛਮੀ ਬੰਗਾਲ' ਦਾ ਨਾਮ ਦਿੱਤਾ ਗਿਆ। ਪਹਿਲਾਂ ਸਤਿਗੁਰੂ ਜੀ ਮਾਲਦਾ ਵਿਚ ਪਹੁੰਚੇ। ਮਾਲਦਾ ਸੂਫੀਆਂ ਦਾ ਗੜ੍ਹ ਸੀ। ਸਤਿਗੁਰਾਂ ਦਾ ਵਹੀਰ ਇਥੇ ਇਕ ਮਹੀਨੇ ਤੋਂ ਵੱਧ ਟਿਕਿਆ। ਗੁਰੂ ਸਾਹਿਬ ਨੇ ਸੂਫੀ ਫਕੀਰਾਂ ਨੂੰ ਗੁਰਮਤਿ ਗਿਆਨ ਬਖ਼ਸ਼ਿਆ।

ਮਹਿਮਾ ਪ੍ਰਕਾਸ਼ ਦੇ ਲਿਖਾਰੀ ਅਨੁਸਾਰ ਗੁਰੂ ਜੀ ਮਾਲਦਾ ਪਹੁੰਚ ਕੇ ਹੈਰਾਨ ਹੋਏ ਕਿ ਪੰਡੂਏ ਗਾਂਵ ਕਿਸੇ ਮਖਦੂਮ ਦੀ ਕਬਰ ਤੇ ਲੱਗੇ ਮੇਲੇ ਵਿਚ ਸਿੱਖ ਵੀ ਪਹੁੰਚੇ ਹੋਏ ਸਨ। ਆਪ ਜੀ ਨੇ ਉਪਦੇਸ਼ ਕੀਤਾ ਕਿ ਕਬਰਾਂ ਪੂਜਣਾ ਸਿੱਖੀ ਦੇ ਵਿਰੁੱਧ ਹੈ। ਸਿੱਖਾਂ

ਨੇ ਕੇਵਲ ਇਕ ਅਕਾਲਪੁਰਖ ਦਾ ਧਿਆਨ ਧਰਨਾ ਹੈ।

ਮਾਲਦਾ ਵਿਚ ਗੁਰੂ ਤੇਗ ਬਹਾਦਰ ਜੀ ਦਾ ਇਕ ਯਾਦਗਾਰੀ ਸਥਾਨ, 'ਗੁਰਦੁਆਰਾ ਨਿਮ ਸਰਾਇ ਗੁਰੂ ਤੇਗ ਬਹਾਦਰ' ਸੀ। ਨਵਾਂ ਮਾਲਦਾ ਸ਼ਹਿਰ ਬਣਨ ਨਾਲ ਇਥੇ ਵਸੋਂ ਬਹੁਤ ਘੱਟ ਗਈ। ਗੁਰਦੁਆਰਾ ਵੀ ਸੇਵਾ-ਸੰਭਾਲ ਖੁਣੋਂ ਖੰਡਰ ਬਣ ਗਿਆ। ਸੰਨ 1960 ਵਿਚ ਇਕ ਸਿੱਖ ਠੇਕੇਦਾਰ ਨੇ ਫਿਰ ਤੋਂ ਚਾਰ ਦੀਵਾਰੀ ਬਣਾ ਦਿੱਤੀ। ਫਿਰ ਨਵਾਂ ਮਾਲਦਾ ਦੇ ਸਿੱਖਾਂ ਨੇ, ਜੋ ਜ਼ਿਆਦਾਤਰ ਟ੍ਰਾਂਸਪੋਰਟ ਦਾ ਧੰਦਾ ਕਰਦੇ ਸਨ, ਗੁਰਦੁਆਰੇ ਦੀ ਇਮਾਰਤ ਤਿਆਰ ਕਰਵਾ ਲਈ। ਗੁਰਦੁਆਰੇ ਦਾ ਨਾਮ 'ਸ੍ਰੀ ਪ੍ਰਯਾਗ ਸਾਹਿਬ', ਸਾਰਬਾੜੀ, ਪੁਰਾਣਾ ਮਾਲਦਾ ਰੱਖਿਆ।

ਫਿਰ ਸਤਿਗੁਰੂ ਜੀ **ਮੁਰਸ਼ਿਦਾਬਾਦ** ਆਏ। ਇਹ ਨਗਰ ਵੀ ਗੰਗਾ ਨਦੀ ਦੇ ਕਿਨਾਰੇ ਵਸਿਆ ਹੋਇਆ ਹੈ। ਇਥੇ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਗੁਰਦੁਆਰੇ ਬਣੇ ਹੋਏ ਸਨ, ਜਿਨ੍ਹਾਂ ਦਾ ਪ੍ਰਬੰਧ ਉਦਾਸੀ ਸਾਧਾਂ ਕੋਲ ਸੀ ਪਰ ਹੁਣ ਗੁਰਦੁਆਰਿਆਂ ਦੇ ਕੋਈ ਚਿੰਨ੍ਹ ਨਹੀਂ ਹਨ।

ਮੁਰਸ਼ਿਦਾਬਾਦ ਤੋਂ ਸਤਿਗੁਰਾਂ ਦਾ ਵਹੀਰ **ਢਾਕਾ** ਪੁੱਜਾ। ਢਾਕਾ ਪਹਿਲਾਂ ਬੰਗਾਲ ਵਿਚ ਹੀ ਸ਼ਾਮਿਲ ਸੀ, ਪਰ 1971 ਦੀ ਪਾਕ-ਭਾਰਤ ਜੰਗ ਮਗਰੋਂ 'ਬੰਗਲਾ ਦੇਸ਼' ਨਾਂ ਦਾ ਦੇਸ਼ ਹੋਂਦ ਵਿਚ ਆਇਆ, ਜਿਸ ਦੀ ਰਾਜਧਾਨੀ ਢਾਕਾ ਬਣਿਆ। ਢਾਕਾ ਸਿੱਖੀ ਦਾ ਇਕ ਵੱਡਾ ਕੇਂਦਰ ਰਿਹਾ ਹੈ। ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਇਥੇ ਆਏ ਸਨ। ਉਨ੍ਹਾਂ ਦੀ ਯਾਦ ਵਿਚ ਧਾਨ ਮੰਡੀ, ਰੇਅਰ ਬਾਜ਼ਾਰ ਵਿਚ ਗੁਰਦੁਆਰਾ ਸਥਾਪਿਤ ਹੈ, ਜਿਸਦੇ ਲਾਗੇ ਯਾਦਗਾਰੀ ਬਾਉਲੀ ਵੀ ਬਣੀ ਹੋਈ ਹੈ। ਗੁਰੂ ਅਮਰਦਾਸ ਜੀ ਦੇ ਸਮੇਂ ਇਥੇ ਪ੍ਰਚਾਰਕ ਸਿੱਖੀ ਦੀ ਖੁਸ਼ਬੋ ਫੈਲਾਉਣ ਆਉਂਦੇ ਰਹੇ ਹਨ। ਗੁਰੂ ਹਰਿਗੋਬਿੰਦ ਸਮੇਂ, ਉਦਾਸੀ ਮੱਤ ਤੋਂ ਬਣੇ ਸਿੱਖ ਪ੍ਰਚਾਰਕ ਭਾਈ ਅਲਮਸਤ ਜੀ (ਕਸ਼ਮੀਰੀ ਬ੍ਰਾਹਮਣ ਹਰੀਦੱਤ ਦਾ ਪੁੱਤਰ) ਨੇ ਇਥੇ ਸਿੱਖੀ ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ ਸੀ। ਉਸ ਕੇਂਦਰ ਦਾ ਮੁਖੀ ਭਾਈ ਨੱਥਾ ਜੀ ਨੂੰ ਥਾਪਿਆ ਸੀ, ਜੋ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਨਿਧੜਕ ਹੋ ਕੇ ਪ੍ਰਚਾਰ ਕਰ ਰਹੇ ਸਨ। ਦੂਜੇ ਪ੍ਰਚਾਰਕ ਭਾਈ ਬੁਲਾਕੀ ਦਾਸ ਜੀ ਸਨ। ਉਨ੍ਹਾਂ ਦੀ ਮਾਂ ਵੀ ਸਿੱਖ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਵਿਚ ਸਹਾਇਤਾ ਕਰਦੀ ਸੀ।

ਢਾਕੇ ਦੀ ਸੰਗਤ ਨੂੰ 'ਹਜ਼ੂਰੀ ਸੰਗਤ' ਕਿਹਾ ਜਾਂਦਾ ਸੀ, ਜਿਸ ਦੇ ਅਧੀਨ ਉਸ ਇਲਾਕੇ ਦੀਆਂ ਬਹੁਤ ਸਾਰੀਆਂ ਸੰਗਤਾਂ ਸਨ। ਸਥਾਨਕ ਸੰਗਤਾਂ ਤੋਂ ਇਲਾਵਾ ਪੰਜਾਬ ਅਤੇ ਸਿੰਧ ਤੋਂ ਵੀ ਬਹੁਤ ਸਾਰੇ ਸਿੱਖ ਵਪਾਰੀ ਸਦਾ ਆਉਂਦੇ-ਜਾਂਦੇ ਰਹਿੰਦੇ ਸਨ। ਉਥੋਂ ਦੇ ਵਸਨੀਕ ਹਮੇਸ਼ਾ ਆਪਣੇ ਆਪ ਨੂੰ ਵੇਲੇ ਦੇ ਗੁਰੂ ਸਾਹਿਬ ਨਾਲ ਜੋੜੀ ਰੱਖਣ ਲਈ ਉਤਸੁਕ ਰਹਿੰਦੇ ਸਨ ਅਤੇ ਕਦੇ-ਕਦੇ ਉਨ੍ਹਾਂ ਨੂੰ ਭੇਟਾਵਾਂ ਵੀ ਭੇਜਦੇ ਸਨ। ਜਦੋਂ ਗੁਰੂ ਤੇਗ ਬਹਾਦਰ ਜੀ ਉਥੇ ਗਏ ਤਾਂ ਉਥੋਂ ਦੀਆਂ ਸੰਗਤਾਂ ਬਹੁਤ ਖੁਸ਼ ਹੋਈਆਂ ਅਤੇ ਗੁਰੂ ਜੀ ਨੇ ਮੁਖੀ ਸਿੱਖਾਂ ਨਾਲ ਨਿੱਜੀ ਸੰਬੰਧ ਕਾਇਮ ਕੀਤੇ।

ਗੁਰੂ ਤੇਗ਼ ਬਹਾਦਰ ਜੀ ਸੰਨ 1667 ਦੇ ਲਗਭਗ ਅੱਧ ਵਿਚ ਢਾਕੇ ਆਏ ਸਨ। ਭਾਈ ਬੁਲਾਕੀ ਦਾਸ ਦੀ ਮਾਂ ਨੇ ਸਿੰਘਾਸਣ ਤਿਆਰ ਕਰਕੇ ਗੁਰੂ ਜੀ ਨੂੰ ਉਸ ਉਤੇ ਬਿਠਾਇਆ ਸੀ ਅਤੇ ਆਪਣੇ ਤਿਆਰ ਕੀਤੇ ਵਸਤਰ ਗੁਰੂ ਜੀ ਨੂੰ ਪਹਿਨਾ ਕੇ ਆਪਣੀ ਰੀਝ ਪੂਰੀ ਕੀਤੀ ਸੀ। ਗੁਰੂ ਜੀ ਦੇ ਆਗਮਨ ਦੀ ਯਾਦ ਵਿਚ 'ਗੁਰਦੁਆਰਾ ਸੰਗਤ ਟੋਲਾ' ਬਣਿਆ ਹੋਇਆ ਹੈ। ਢਾਕਾ ਨਿਵਾਸ ਸਮੇਂ ਗੁਰੂ ਜੀ ਇਥੇ ਸਤਿਸੰਗ ਸਮਾਗਮ ਕਰਿਆ ਕਰਦੇ ਸਨ।

ਕਿਹਾ ਜਾਂਦਾ ਹੈ ਕਿ ਇਥੇ ਹੀ ਗੁਰੂ ਜੀ ਨੂੰ ਸਾਹਿਬਜ਼ਾਦਾ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ ਜੀ) ਦੇ ਪਟਨਾ ਸਾਹਿਬ ਵਿਖੇ ਜਨਮ ਦੀ ਖ਼ਬਰ ਮਿਲੀ ਸੀ।*

ਗੁਰੂ ਤੇਗ਼ ਬਹਾਦਰ ਜੀ ਨੇ ਢਾਕੇ ਨੂੰ ਟਿਕਾਣਾ ਬਣਾ ਕੇ ਆਲੇ-ਦੁਆਲੇ ਦੇ ਇਲਾਕੇ ਵਿਚ ਦੂਰ-ਦੂਰ ਤੱਕ ਪ੍ਰਚਾਰ ਕੀਤਾ। ਇਕ ਵਾਰ ਆਪ ਜੀ ਮੁੰਗੇਰ ਦੇ ਇਰਦ-ਗਿਰਦ ਪ੍ਰਚਾਰ ਕਰ ਰਹੇ ਸਨ ਕਿ ਉਥੇ ਆਪ ਜੀ ਨੂੰ ਦਿੱਲੀ ਤੋਂ ਭੇਜਿਆ ਹੋਇਆ ਰਾਜਾ ਰਾਮ ਸਿੰਘ ਮਿਲਿਆ। ਉਹ ਇਧਰ ਔਰੰਗਜ਼ੇਬ ਦੇ ਹੁਕਮ ਤੇ ਆਇਆ ਸੀ ਤੇ ਉਸ ਦਾ ਮੁੱਖ ਮਨੋਰਥ ਆਸਾਮ ਵਿਚ ਅਹੋਮੀ ਕਬੀਲੇ ਵਾਲਿਆਂ ਦੀ ਬਗਾਵਤ ਨੂੰ ਕੁਚਲਣਾ ਸੀ। ਔਰੰਗਜ਼ੇਬ ਨੂੰ ਕੁਝ ਕਾਰਣਾਂ ਕਰਕੇ ਰਾਜਾ ਰਾਮ ਸਿੰਘ ਦੀਆਂ ਕਾਰਵਾਈਆਂ ਤੇ ਸ਼ੱਕ ਹੋ ਗਿਆ ਸੀ। ਇਸ ਕਰਕੇ ਉਸ ਨੂੰ ਸਜ਼ਾ ਦੇਣ ਲਈ ਇਸ ਮੁਹਿੰਮ ਤੇ ਭੇਜਿਆ ਗਿਆ।

### *ਰਾਜਾ ਰਾਮ ਸਿੰਘ ਦਾ ਆਸਾਮ ਦੀ ਮੁਹਿੰਮ ਤੇ ਆਉਣਾ*

ਰਾਜਾ ਰਾਮ ਸਿੰਘ ਪ੍ਰਤੀ ਔਰੰਗਜ਼ੇਬ ਦੇ ਸ਼ੱਕ ਦਾ ਮੂਲ ਕਾਰਨ ਉਸਦਾ ਸ਼ੱਕੀ ਸੁਭਾਅ ਸੀ। ਉਂਝ ਕੁਝ ਅਜਿਹੀਆਂ ਗੱਲਾਂ ਵੀ ਹੋ ਗਈਆਂ ਜਿਨ੍ਹਾਂ ਨੇ ਔਰੰਗਜ਼ੇਬ ਦੇ ਸ਼ੱਕ ਨੂੰ ਪੱਕਾ ਕਰ ਦਿੱਤਾ। ਪਹਿਲੀ ਗੱਲ ਤਾਂ ਇਹ ਸੀ ਕਿ ਔਰੰਗਜ਼ੇਬ ਦੀ ਖਾਹਿਸ਼ ਦੇ ਉਲਟ ਰਾਜਾ ਰਾਮ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਪਹਿਲੀ ਗ੍ਰਿਫਤਾਰੀ ਸਮੇਂ ਬਿਨਾਂ ਪੁਛੇ ਹੀ ਰਿਹਾਅ ਕਰ ਦਿੱਤਾ ਸੀ ਤੇ 16 ਦਸੰਬਰ ਸੰਨ 1665 ਨੂੰ ਪਟਨੇ ਜਾਣ ਲਈ ਵਿਦਾ ਕਰ ਦਿੱਤਾ ਸੀ। ਉਦੋਂ ਗੁਰੂ ਜੀ ਉਸ (ਰਾਜਾ ਰਾਮ ਸਿੰਘ) ਦੀ ਸਪੁਰਦਦਾਰੀ ਵਿਚ ਸਨ।

ਇਸ ਘਟਨਾ ਤੋਂ ਕੁਝ ਮਹੀਨਿਆਂ ਮਗਰੋਂ ਇਕ ਹੋਰ ਘਟਨਾ ਵਾਪਰ ਗਈ। ਔਰੰਗਜ਼ੇਬ ਨੇ ਰਾਜਾ ਰਾਮ ਸਿੰਘ ਦੀ ਜ਼ਿੰਮੇਵਾਰੀ ਹੇਠ ਸ਼ਿਵਾ ਜੀ ਮਰਹੱਟੇ ਅਤੇ ਉਸਦੇ ਪੁੱਤਰ ਸੰਭਾ ਜੀ ਨੂੰ ਆਗਰੇ ਦੇ ਕਿਲ੍ਹੇ ਵਿਚ ਕੈਦ ਕੀਤਾ ਹੋਇਆ ਸੀ। ਸ਼ਿਵਾ ਜੀ ਅਤੇ ਉਸ ਦੇ ਪੁੱਤਰ ਸੰਭਾ ਜੀ ਨੇ ਹਾਕਮਾਂ ਪਾਸੋਂ ਬ੍ਰਾਹਮਣਾਂ ਨੂੰ ਦਾਨ ਦੇਣ ਦੀ ਇਜਾਜ਼ਤ ਲੈ ਲਈ

---

* ਸਿੱਖ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਆਮ ਤੌਰ ਤੇ 22 ਦਸੰਬਰ, 1666 ਈਸਵੀ (23 ਪੋਹ, ਸੰਮਤ 1723) ਨੂੰ ਹੋਇਆ ਮੰਨਿਆ ਗਿਆ ਹੈ ਪਰ ਭੱਟ ਵਹੀਆਂ ਵਿਚ (ਭੱਟ ਵਹੀ ਪੂਰਬੀ-ਦੱਖਣੀ), ਭਾਈ ਚਉਪਾ ਸਿੰਘ (ਰਹਿਤਨਾਮਾ ਹਜ਼ੂਰੀ) ਅਤੇ ਕੇਸਰ ਸਿੰਘ ਛਿੱਬਰ (ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ) ਨੇ ਆਪ ਦਾ ਜਨਮ ਪੋਹ ਸੁਦੀ ਸਤਵੀਂ, ਸੰਮਤ 1718 (ਸੰਨ 1661) ਦਾ ਮੰਨਿਆ ਹੈ। ਇਸ ਲਈ ਕਈ ਇਤਿਹਾਸਕਾਰ ਆਪ ਦੇ ਜਨਮ ਦੀ ਇਹੀ ਤਰੀਕ ਲਿਖ ਰਹੇ ਹਨ।

ਸੀ। ਦੋਵੇਂ ਚਲਾਕੀ ਨਾਲ ਦਾਨ ਕੀਤੀ ਜਾਣ ਵਾਲੀ ਮਿਠਾਈ ਦੇ ਟੋਕਰਿਆਂ ਵਿਚ ਹੀ ਬੈਠ ਕੇ ਧੋਖੇ ਨਾਲ ਕਿਲ੍ਹੇ ਵਿਚੋਂ ਭੱਜ ਗਏ ਸਨ। ਔਰੰਗਜ਼ੇਬ ਨੇ ਇਨ੍ਹਾਂ ਘਟਨਾਵਾਂ ਕਰਕੇ ਰਾਜਾ ਰਾਮ ਸਿੰਘ ਦੀ ਨੀਅਤ ਉਤੇ ਆਪਣੇ ਮਨ ਵਿਚ ਸ਼ੱਕ ਪੈਦਾ ਕਰ ਲਿਆ ਸੀ, ਭਾਵੇਂ ਕਿ ਸ਼ਿਵਾ ਜੀ ਤੇ ਸੰਭਾ ਜੀ ਵਾਲੀ ਘਟਨਾ ਵਿਚ ਉਸਦਾ ਕੋਈ ਹੱਥ ਨਹੀਂ ਸੀ।

ਔਰੰਗਜ਼ੇਬ ਨੇ ਕੁਟਿਲ ਨੀਤੀ ਵਰਤਦਿਆਂ ਰਾਜਾ ਰਾਮ ਸਿੰਘ ਨੂੰ ਸ਼ਾਹੀ ਤੋਹਫੇ ਤੇ ਸਿਰੋਪਾ ਦੇ ਕੇ ਤੇ ਸ਼ਾਹੀ ਜਰਨੈਲ ਬਣਾ ਕੇ 27 ਦਸੰਬਰ, 1667 ਈਸਵੀ ਨੂੰ ਅਹੋਮੀਆਂ ਦੀ ਬਗਾਵਤ ਦਬਾਉਣ ਲਈ ਆਸਾਮ ਨੂੰ ਰਵਾਨਾ ਕਰ ਦਿੱਤਾ। ਇਹ ਉਸ ਦੀ ਵੱਡੀ ਚਾਲ ਸੀ ਕਿ ਜੇ ਰਾਮ ਸਿੰਘ ਜਿੱਤ ਜਾਵੇ ਤਾਂ ਆਸਾਮ ਦਾ ਵੱਡਾ ਇਲਾਕਾ ਕੇਂਦਰੀ ਹਕੂਮਤ ਦੇ ਹੱਥ ਆ ਜਾਣਾ ਸੀ ਅਤੇ ਜੇ ਰਾਜਾ ਰਾਮ ਸਿੰਘ ਆਸਾਮ ਦੀ ਮੁਹਿੰਮ ਵਿਚ ਮਾਰਿਆ ਵੀ ਜਾਵੇ, ਤਦ ਰਾਜਪੂਤਾਨੇ ਦੇ ਵੱਡੇ ਇਲਾਕੇ ਤੇ ਔਰੰਗਜ਼ੇਬ ਦਾ ਕਬਜ਼ਾ ਹੋ ਜਾਣਾ ਸੀ।

## *ਅਹੋਮੀ ਕਬੀਲੇ ਦੀ ਬਗਾਵਤ*

ਆਸਾਮ ਦਾ ਇਲਾਕਾ ਦਿੱਲੀ ਤੋਂ ਦੂਰ ਪੈਂਦਾ ਸੀ, ਇਸ ਲਈ ਦਿੱਲੀ ਦੀ ਹਕੂਮਤ ਨੂੰ ਆਸਾਮੀ ਲੋਕਾਂ ਨੂੰ ਆਪਣੇ ਵੱਸ ਵਿਚ ਰੱਖਣਾ ਬਹੁਤ ਔਖਾ ਤੇ ਮਹਿੰਗਾ ਪੈਂਦਾ ਸੀ। ਇਸ ਦਾ ਲਾਭ ਉਠਾਉਂਦਿਆਂ ਹੋਇਆਂ ਇਥੋਂ ਦੇ ਲੋਕ ਸਮੇਂ-ਸਮੇਂ ਬਗਾਵਤ ਖੜ੍ਹੀ ਕਰ ਦਿੰਦੇ ਸਨ। ਅਹੋਮੀ ਕਬੀਲਾ ਤਾਂ ਖਾਸ ਕਰ ਕੇ ਦਿੱਲੀ ਦੀ ਸਰਦਾਰੀ ਨੂੰ ਮੰਨਣ ਲਈ ਤਿਆਰ ਨਹੀਂ ਸੀ। ਇਨ੍ਹਾਂ ਤੋਂ ਤੰਗ ਆ ਕੇ ਔਰੰਗਜ਼ੇਬ ਦਾ ਭਰਾ ਸ਼ਾਹ ਸ਼ੁਜਾਹ ਬੰਗਾਲ ਤੋਂ ਵਾਪਸ ਚਲਾ ਗਿਆ ਸੀ। ਕੂਚ ਬਿਹਾਰ ਦੇ ਰਾਜੇ ਨੇ ਹਾਲਾਤ ਦਾ ਲਾਭ ਉਠਾਉਂਦਿਆਂ ਹੋਇਆਂ ਆਸਾਮ ਦੇ ਮੁਗ਼ਲੀਆ ਹਿੱਸੇ ਉਤੇ ਹਮਲਾ ਕਰ ਦਿੱਤਾ ਅਤੇ ਅਹੋਮੀ ਕਬੀਲੇ ਨੇ 1658 ਵਿਚ ਆਸਾਮ ਦੇ ਬਹੁਤ ਵੱਡੇ ਹਿੱਸੇ ਉਤੇ ਕਬਜ਼ਾ ਕਰ ਲਿਆ। ਇਹ ਕਬਜ਼ਾ ਸੰਨ 1660 ਤੱਕ ਕਾਇਮ ਰਿਹਾ।

ਔਰੰਗਜ਼ੇਬ ਨੇ ਬੰਗਾਲ ਦਾ ਅਗਲਾ ਸੂਬੇਦਾਰ ਮੀਰ ਜੁਮਲਾ ਨੂੰ ਨਿਯਤ ਕਰ ਦਿੱਤਾ। ਉਹ 1 ਨਵੰਬਰ, 1661 ਨੂੰ ਆਸਾਮ ਤੇ ਹਮਲਾ ਕਰਨ ਤੁਰਿਆ। ਪਹਿਲਾਂ ਉਸ ਨੇ ਕੂਚ ਬਿਹਾਰ (ਬੰਗਾਲ) ਜਿੱਤਿਆ ਅਤੇ ਫਿਰ 4 ਜਨਵਰੀ, 1662 ਈਸਵੀ ਨੂੰ ਰੰਗਾਮਾਟੀ ਨੂੰ ਜਿੱਤ ਕੇ ਦੋ-ਤਿੰਨ ਮਹੀਨਿਆਂ ਵਿਚ ਅਹੋਮੀਆਂ ਕੋਲੋਂ ਬਹੁਤ ਸਾਰੇ ਇਲਾਕੇ ਖੋਹ ਲਏ। ਅਹੋਮੀਆਂ ਨੂੰ ਮੁਗ਼ਲਾਂ ਦੀਆਂ ਸ਼ਰਤਾਂ 'ਤੇ ਉਨ੍ਹਾਂ ਨਾਲ ਸਮਝੌਤਾ ਕਰਨਾ ਪਿਆ।

ਸੰਨ 1663 ਵਿਚ ਅਹੋਮੀ ਰਾਜਾ ਚਕ੍ਰਧਵੱਜ ਸਿੰਹ ਗੱਦੀ ਤੇ ਬੈਠਾ। ਉਸ ਨੇ ਮੁਗ਼ਲਾਂ ਪਾਸੋਂ ਇਲਾਕੇ ਖਾਲੀ ਕਰਵਾਉਣੇ ਆਰੰਭ ਕੀਤੇ।

ਆਸਾਮ ਦੀ ਮੁਹਿੰਮ ਦੇ ਵਿਚ ਹੀ ਮੁਗ਼ਲ ਸਰਕਾਰ ਦਾ ਗਵਰਨਰ ਮੀਰ ਜੁਮਲਾ ਵਾਪਸ ਪਰਤਦਿਆਂ ਸੰਨ 1665 ਵਿਚ ਮਲੇਰੀਏ ਨਾਲ ਮਰ ਗਿਆ। ਅਹੋਮੀ ਰਾਜੇ ਚਕ੍ਰਧਵੱਜ ਸਿੰਹ ਨੇ ਮੁਗ਼ਲਾਂ ਤੋਂ ਲਗਭਗ ਸਾਰੇ ਇਲਾਕੇ ਖਾਲੀ ਕਰਵਾ ਲਏ। ਉਹ ਗੋਹਾਟੀ ਤੱਕ ਪੁੱਜ ਗਿਆ।

ਮੁਗ਼ਲ ਸਲਤਨਤ ਵਿਚ ਆਸਾਮ ਦੀ ਮੁਹਿੰਮ ਬਾਰੇ ਪੂਰਾ ਭਰੋਸਾ ਵੀ ਨਹੀਂ ਸੀ। ਉਹ ਆਸਾਮ ਦੇ ਜਾਦੂ-ਟੋਣਿਆਂ ਤੋਂ ਡਰਦੇ ਸਨ। ਰਾਜਾ ਰਾਮ ਸਿੰਘ ਤੇ ਵੀ ਸ਼ੱਕ ਦੀ ਸੂਈ ਚਲਦੀ ਸੀ। ਰਾਜਾ ਜੈ ਸਿੰਘ (ਰਾਜਾ ਰਾਮ ਸਿੰਘ ਦਾ ਪਿਤਾ) ਮੁਗ਼ਲਾਂ ਦੇ ਰਾਜ ਦੇ ਫੈਲਾਅ ਲਈ ਲੜਦਾ ਹੋਇਆ ਦੱਖਣ ਵਿਚ 10 ਜੁਲਾਈ, 1667 ਨੂੰ ਬੁਰਹਾਨਪੁਰ ਵਿਖੇ ਮਾਰਿਆ ਗਿਆ ਸੀ।

ਆਸਾਮ ਦੀ ਮੁਹਿੰਮ ਤੇ ਜਾਣ ਸਮੇਂ ਰਾਜਾ ਰਾਮ ਸਿੰਘ ਦੀ ਮਾਤਾ ਨੇ ਪੁੱਤਰ ਨੂੰ ਕਿਹਾ ਕਿ ਉਹ ਪਟਨੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਮੁਹਿੰਮ ਤੇ ਜਾਵੇ। ਜਦ ਰਾਜਾ ਰਾਮ ਸਿੰਘ ਪਟਨੇ ਪੁੱਜਾ ਤਾਂ ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਕੁਝ ਸਿੱਖਾਂ ਸਮੇਤ ਢਾਕੇ ਵੱਲ ਪ੍ਰਚਾਰ ਕਰਨ ਗਏ ਹਨ। ਉਹ ਵੀ ਢਾਕੇ ਵੱਲ ਚੱਲ ਪਿਆ ਅਤੇ ਮੁੰਗੇਰ ਦੇ ਨੇੜੇ ਗੁਰੂ ਜੀ ਨੂੰ ਮਿਲਿਆ ਅਤੇ ਗੁਰੂ ਜੀ ਤੋਂ ਆਸ਼ੀਰਵਾਦ ਪ੍ਰਾਪਤ ਕੀਤੀ। ਉਸ ਨੇ ਬੇਨਤੀ ਕੀਤੀ ਕਿ ਆਸਾਮ ਦੀ ਮੁਹਿੰਮ ਵਿਚ ਗੁਰੂ ਜੀ ਉਸ ਦਾ ਸਾਥ ਦੇਣ। ਸੋ ਗੁਰੂ ਸਾਹਿਬ ਵੀ ਆਪਣੇ ਜਥੇ ਨਾਲ ਵੱਖਰੇ ਤੌਰ ਤੇ ਆਸਾਮ ਵੱਲ ਤੁਰ ਪਏ। 1669 ਦੇ ਅਰੰਭਲੇ ਮਹੀਨਿਆਂ ਵਿਚ ਗੁਰੂ ਜੀ ਆਪਣੇ ਜਥੇ ਸਮੇਤ ਆਸਾਮ ਪ੍ਰਾਂਤ ਵਿਚ ਦਾਖ਼ਲ ਹੋ ਗਏ ਅਤੇ ਬ੍ਰਹਮਪੁੱਤਰ ਦਰਿਆ ਪਾਰ ਕਰਕੇ ਧੂਬੜੀ ਨਗਰ ਚਲੇ ਗਏ। ਰਾਮ ਸਿੰਘ ਨੇ ਰੰਗਾਮਾਟੀ ਪੜਾਅ ਕਰਕੇ ਗੋਹਾਟੀ ਨੂੰ ਘੇਰ ਲਿਆ। ਆਸਾਮ ਦੇ ਰਾਜਾ ਚਕ੍ਰਧਵੱਜ ਸਿੰਹ, ਸੈਨਾਪਤੀ ਲਚਿਤ ਬਾਰਫੂਕਨ ਅਤੇ ਇੰਦ੍ਰਦਮਨ ਸਿੰਹ (ਜਰਨੈਲ) ਨੇ ਪੰਡਤਾਂ ਤੋਂ ਕਾਮਾਖਿਆ ਦੇਵੀ ਦੀ ਪੂਜਾ ਕਰਵਾਈ ਤੇ ਜਾਦੂ ਟੂਣੇ ਕੀਤੇ। ਜਾਦੂਗਰਨੀ ਧੋਬਣ ਵੀ ਕੁਝ ਨਾ ਕਰ ਸਕੀ। ਰਾਜਾ ਰਾਮ ਸਿੰਘ ਅੱਗੇ ਵਧ ਰਿਹਾ ਸੀ। ਸਤਿਗੁਰੂ ਜੀ ਹਾਜੋ ਵਾਲੀ ਥਾਂ, ਰਾਮ ਸਿੰਘ ਦੇ ਕੈਂਪ ਨੇੜੇ ਰੁਕੇ। ਆਸਾਮੀਆਂ ਨੂੰ ਇਹ ਖਦਸ਼ਾ ਸੀ ਕਿ ਉਨ੍ਹਾਂ ਦੀ ਹਾਰ ਗੁਰੂ ਤੇਗ ਬਹਾਦਰ ਜੀ ਕਾਰਨ ਹੋਈ ਸੀ। ਇਸ ਲਈ ਅਹੋਮੀ ਜਰਨੈਲ ਤੇ ਫੌਜੀ ਗੁਰੂ ਦਰਬਾਰ ਦੀ ਹਾਜ਼ਰੀ ਭਰਨ ਲੱਗੇ। ਰਾਜਾ ਚਕ੍ਰਧਵੱਜ ਸਿੰਹ ਵੀ ਸੰਗਤ ਵਿਚ ਆਉਂਦਾ ਸੀ। ਰਾਜਾ ਰਾਮ ਸਿੰਘ ਤੇ ਉਸਦੇ ਜਰਨੈਲ ਤਾਂ ਪਹਿਲਾਂ ਹੀ ਗੁਰੂ ਜੀ ਦੀ ਸੰਗਤ (ਦੀਵਾਨ) ਵਿਚ ਆਉਂਦੇ ਸਨ। ਗੁਰੂ ਸਾਹਿਬ ਦੇ ਉਪਦੇਸ਼ਾਂ ਨੇ ਦੋਹਾਂ ਧਿਰਾਂ ਦੇ ਮਨਾਂ ਵਿਚੋਂ ਵੈਰ-ਭਾਵਨਾ ਨੂੰ ਘੱਟ ਕੀਤਾ। ਦੋਹਾਂ ਧਿਰਾਂ ਦੇ ਜਰਨੈਲਾਂ ਦਾ ਗੁਰੂ ਜੀ ਤੇ ਇਨਾ ਵਿਸ਼ਵਾਸ ਹੋ ਗਿਆ ਕਿ ਉਨ੍ਹਾਂ ਨੇ ਗੁਰੂ ਜੀ ਨੂੰ ਸਾਲਸ ਮੰਨਣਾ ਪ੍ਰਵਾਨ ਕਰ ਲਿਆ। ਗੁਰੂ ਜੀ ਨੇ ਅਹੋਮੀਆਂ ਨੂੰ ਜਿਥੇ ਆਪਣੇ ਇਲਾਕਿਆਂ ਵਿਚ ਰਹਿ ਕੇ ਅਮਨ-ਅਮਾਨ ਨਾਲ ਰਹਿਣ ਦੀ ਪ੍ਰੇਰਨਾ ਦਿੱਤੀ ਉਥੇ ਰਾਜਾ ਰਾਮ ਸਿੰਘ ਨੂੰ ਮੁਗ਼ਲ ਸਰਕਾਰ ਦੀ ਕੁਟਿਲ ਨੀਤੀ ਬਾਰੇ ਦੱਸਿਆ। ਸਤਿਗੁਰਾਂ ਨੇ ਫੈਸਲਾ ਦੇ ਦਿੱਤਾ ਕਿ ਦੋਵੇਂ ਧੜੇ ਆਪਣੀ ਪੁਰਾਣੀ ਸਰਹੱਦ ਨੂੰ ਸੱਚੇ ਦਿਲੋਂ ਪ੍ਰਵਾਨ ਕਰ ਲੈਣ। ਇਸ ਸਮਝੌਤੇ ਦੀ ਪ੍ਰਮਾਣਿਕਤਾ ਐਸ ਕੇ ਭੂਆਂ ਦੀ ਪੁਸਤਕ 'ਬਾਰਫੂਕਨ ਐਂਡ ਹਿਜ਼ ਟਾਈਮਜ਼', ਈ. ਏ. ਗੇਟ ਦੀ ਪੁਸਤਕ 'ਹਿਸਟਰੀ ਆਫ਼ ਆਸਾਮ' ਤੇ ਅਰਜਨ ਸਿੰਘ ਦੀ ਰਚਨਾ 'ਗੁਰੂ ਤੇਗ ਬਹਾਦਰ ਐਂਡ ਆਸਾਮ ਪ੍ਰਦੇਸ਼' ਤੋਂ ਹੋ ਜਾਂਦੀ ਹੈ। ਇਸ ਘਟਨਾ ਦੀ ਯਾਦ ਵਿਚ ਆਸਾਮੀ ਤੇ ਮੁਗ਼ਲ ਫੌਜਾਂ ਦੇ ਸਿਪਾਹੀਆਂ ਨੇ ਗੁਰੂ ਨਾਨਕ ਦੇਵ ਜੀ

ਦੇ ਯਾਦਗਾਰੀ ਟਿੱਲੇ ਦੀ ਉਸਾਰੀ ਕੀਤੀ। ਹਾਜੋ ਵਾਲੀ ਥਾਂ ਦਾ ਨਾਮ ਬਾਅਦ ਵਿਚ ਤੇਗ਼ਪੁਰ ਜਾਂ ਤੇਗ਼ ਪਰਬਤ ਪਿਆ।

ਇਥੇ ਹੀ ਪੂਰਬੀ ਬੰਗਾਲ ਦੇ ਨਗਰ ਗੋਰੀਪੁਰ ਦਾ ਜਗੀਰਦਾਰ ਰਾਜਾ ਰਾਮ ਰਾਇ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਉਸ ਦੇ ਬੇਨਤੀ ਕਰਨ ਤੇ ਸਤਿਗੁਰਾਂ ਨੇ ਪੁੱਤਰ ਦੀ ਬਖ਼ਸ਼ਿਸ਼ ਲਈ ਅਰਦਾਸ ਕੀਤੀ। ਜਦੋਂ ਪੁੱਤਰ ਪੈਦਾ ਹੋਇਆ ਤਾਂ ਉਸਦਾ ਨਾਮ ਰਤਨ ਰਾਇ ਰੱਖਿਆ ਗਿਆ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਆਪਣੀ ਮਾਤਾ ਸਵਰਨਮਤੀ ਸਮੇਤ ਪ੍ਰਸਾਦੀ ਹਾਥੀ ਤੇ ਪੰਜ-ਕਲਾ ਸ਼ਸਤਰ ਆਦਿਕ ਭੇਟਾਵਾਂ ਲੈ ਕੇ ਆਇਆ ਸੀ।

'ਗੁਰੂ ਕੀਆਂ ਸਾਖੀਆਂ' ਵਿਚ ਰਤਨ ਰਾਇ ਨੂੰ ਰਾਜਾ ਸੁਰਗਦੇਵ (ਚਕ੍ਰਧਵੱਜ ਸਿੰਹ) ਦਾ ਪੁੱਤਰ ਕਰਕੇ ਲਿਖਿਆ ਗਿਆ ਹੈ।

### *ਆਸਾਮ ਤੋਂ ਪੰਜਾਬ ਪਰਤਣਾ*

ਔਰੰਗਜ਼ੇਬ ਨੇ ਸੰਨ 1669 ਵਿਚ ਸਾਰੇ ਭਾਰਤ ਲਈ ਇਕ ਨਵਾਂ ਹੁਕਮ ਜਾਰੀ ਕੀਤਾ ਕਿ ਕਾਫ਼ਰਾਂ (ਹਿੰਦੂਆਂ) ਦੀਆਂ ਸਭ ਪਾਠਸ਼ਾਲਾਵਾਂ ਅਤੇ ਮੰਦਰ ਢਾਹ ਦਿੱਤੇ ਜਾਣ, ਉਨ੍ਹਾਂ ਦੀਆਂ ਧਾਰਮਿਕ ਰਸਮਾਂ ਅਤੇ ਵਿੱਦਿਆ ਨੂੰ ਖ਼ਤਮ ਕਰ ਦਿੱਤਾ ਜਾਵੇ। ਇਸ ਹੁਕਮ ਦਾ ਇਹ ਨਤੀਜਾ ਨਿਕਲਿਆ ਕਿ ਮਥਰਾ, ਅਯੁੱਧਿਆ, ਕਾਂਸ਼ੀ (ਬਨਾਰਸ) ਆਦਿ ਹਿੰਦੂ ਸਭਿਅਤਾ ਵਾਲੇ ਸ਼ਹਿਰਾਂ ਦੇ ਸਦੀਆਂ ਪੁਰਾਣੇ ਮੰਦਰ ਢਾਹ ਦਿੱਤੇ ਗਏ ਅਤੇ ਕਈਆਂ ਨੂੰ ਮਸਜਿਦਾਂ ਵਿਚ ਬਦਲ ਦਿੱਤਾ ਗਿਆ। ਹਿੰਦੂਆਂ ਉਤੇ ਜਜ਼ੀਆ ਲਗਾ ਦਿੱਤਾ ਗਿਆ, ਧਾਰਮਿਕ ਮੇਲਿਆਂ ਉਤੇ ਬੜੀਆਂ ਕਰੜੀਆਂ ਬੰਦਸ਼ਾਂ ਲਾ ਦਿੱਤੀਆਂ ਗਈਆਂ ਅਤੇ ਹਿੰਦੂਆਂ ਨੂੰ ਹੌਲੀ-ਹੌਲੀ ਸਰਕਾਰੀ ਨੌਕਰੀਆਂ ਵਿਚੋਂ ਕੱਢਿਆ ਜਾਣ ਲੱਗਾ।*

ਹਿੰਦੂਆਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ। ਹਿੰਦੂਆਂ ਦੇ ਰਾਖੇ ਅਖਵਾਉਣ ਵਾਲੇ ਖੱਤਰੀ ਪਹਿਲਾਂ ਹੀ ਮੁਗ਼ਲਾਂ ਦੀ ਅਧੀਨਗੀ ਸਵੀਕਾਰ ਕਰ ਚੁੱਕੇ ਸਨ। ਇਸ ਲਈ ਸਾਰੇ ਦੇਸ਼ ਵਿਚ ਹਫ਼ੜਾ-ਦਫੜੀ ਮੱਚ ਗਈ, ਖਾਸ ਤੌਰ ਤੇ ਪੂਰਬੀ ਤੇ ਉੱਤਰੀ ਭਾਰਤ ਵਿਚ।

ਸਿੱਖ ਧਰਮ ਨੇ ਆਰੰਭ ਤੋਂ ਹੀ ਨਿਰਭਉ ਅਤੇ ਨਿਰਵੈਰ ਹੋਣ ਦੀ ਪ੍ਰੇਰਨਾ ਦਿੱਤੀ ਸੀ। ਗੁਰੂ ਤੇਗ਼ ਬਹਾਦਰ ਜੀ ਵੀ ਚੜ੍ਹਦੀ ਕਲਾ ਦਾ ਸੰਚਾਰ ਕਰਨ ਲਈ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ" ਦਾ ਪ੍ਰਚਾਰ ਵਿਸ਼ੇਸ਼ ਤੌਰ ਤੇ ਕਰ ਰਹੇ ਸਨ। ਆਪ ਨੇ ਹਿੰਦੂਆਂ ਨੂੰ ਸਰਕਾਰੀ ਅੱਤਿਆਚਾਰਾਂ ਤੋਂ ਬਚਾਉਣ ਲਈ ਪੰਜਾਬ ਪਰਤਣ ਦਾ ਫੈਸਲਾ ਕਰ ਲਿਆ। ਰਾਜਾ ਰਾਮ ਸਿੰਘ ਨੂੰ ਤਾਂ ਇਲਾਕੇ ਵਿਚ ਪ੍ਰਬੰਧ ਲਈ ਉਥੇ ਰੁਕਣਾ ਪੈਣਾ ਸੀ ਇਸ ਲਈ ਉਸ ਨੇ ਸਤਿਗੁਰੂ ਜੀ ਨੂੰ ਬੜੇ ਸਤਿਕਾਰ ਨਾਲ ਵਾਪਸੀ ਯਾਤਰਾ ਲਈ

---

*ਪ੍ਰੋ. ਸਾਹਿਬ ਸਿੰਘ, ਜੀਵਨ-ਬਿਰਤਾਂਤ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਪੰਨਾ 37 ਦੇ ਆਧਾਰ 'ਤੇ।

ਆਸਾਮ ਤੋਂ ਵਿਦਾ ਕੀਤਾ। ਗੁਰੂ ਜੀ ਨੇ ਰਾਮ ਸਿੰਘ ਨੂੰ ਦੱਸਿਆ ਕਿ ਉਹ ਪੰਜਾਬ ਜਾਣ ਸਮੇਂ ਦਿੱਲੀ ਹੁੰਦੇ ਹੋਏ ਜਾਣਗੇ ਅਤੇ ਉਥੇ ਉਸਦੀ ਮਾਤਾ ਪੁਸ਼ਪਾ ਰਾਣੀ ਨੂੰ ਵੀ ਮਿਲਣਗੇ।

ਸਤਿਗੁਰੂ ਜੀ ਆਸਾਮ ਤੋਂ ਚੱਲ ਕੇ ਪਟਨਾ ਆਏ ਜਿਥੇ ਉਨ੍ਹਾਂ ਨੇ ਆਪਣੇ ਸਪੁੱਤਰ ਗੋਬਿੰਦ ਰਾਏ ਨੂੰ ਪਹਿਲੀ ਵਾਰ ਤੱਕਿਆ। ਆਪ ਜੀ ਬਹੁਤ ਥੋੜ੍ਹਾ ਚਿਰ ਹੀ ਪਟਨਾ ਰੁਕੇ ਤੇ ਤੇਜ਼ੀ ਨਾਲ ਪੰਜਾਬ ਵੱਲ ਚੱਲ ਪਏ। ਉਨ੍ਹਾਂ ਨੇ ਆਪਣੇ ਪਰਿਵਾਰ, ਜਿਸ ਵਿਚ ਉਨ੍ਹਾਂ ਦੀ ਮਾਤਾ ਜੀ, ਸੁਪਤਨੀ ਬੀਬੀ ਗੁਜਰੀ ਜੀ ਅਤੇ ਬਾਲਕ ਗੋਬਿੰਦ ਰਾਇ ਸ਼ਾਮਿਲ ਸਨ, ਨੂੰ ਕੁਝ ਸਿੱਖਾਂ ਸਮੇਤ ਲਖਨੌਰ ਪੁੱਜਣ ਲਈ ਕਿਹਾ, ਜਿਥੇ ਉਨ੍ਹਾਂ ਨੇ ਵੀ ਪੁੱਜਣਾ ਸੀ।

### *ਆਗਰੇ ਵਿਚ ਦੂਜੀ ਗ੍ਰਿਫ਼ਤਾਰੀ*

ਗੁਰੂ ਤੇਗ਼ ਬਹਾਦਰ ਜੀ ਪਟਨੇ ਤੋਂ ਛੋਟੇ ਰਸਤੇ ਰਾਹੀਂ ਪੰਜਾਬ ਵੱਲ ਆਏ। ਉਹ ਥਾਂ-ਥਾਂ ਲੋਕਾਂ ਨੂੰ ਇਹੀ ਉਪਦੇਸ਼ ਦੇ ਰਹੇ ਸਨ ਕਿ ਅਸਲੀ ਗਿਆਨਵਾਨ ਮਨੁੱਖ ਉਹੀ ਹੈ ਜੋ ਪੂਰੀ ਤਰ੍ਹਾਂ ਭਉ-ਮੁਕਤ ਹੋ ਚੁੱਕਾ ਹੈ; ਜੋ ਨਾ ਤਾਂ ਆਪ ਡਰਦਾ ਹੈ ਅਤੇ ਨਾ ਹੀ ਸਰੀਰਕ, ਆਰਥਕ ਜਾਂ ਰਾਜਨੀਤਿਕ ਬਲ ਨਾਲ ਕਿਸੇ ਹੋਰ ਨੂੰ ਡਰਾਉਂਦਾ ਹੈ—**ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**

ਗੁਰੂ ਸਾਹਿਬ ਦੇ ਸਿੱਖਾਂ ਦੀ ਗਿਣਤੀ ਹਜ਼ਾਰਾਂ ਵਿਚ ਨਹੀਂ ਸਗੋਂ ਲੱਖਾਂ ਵਿਚ ਸੀ। ਸੈਂਕੜੇ ਸਿੱਖ ਗੁਰੂ ਸਾਹਿਬ ਨਾਲ ਇਕ ਨਗਰ ਤੋਂ ਦੂਜੇ ਨਗਰ ਤੱਕ ਜਾਂਦੇ ਸਨ। ਸਿੱਖ ਸਰਕਾਰ ਦੇ ਅੱਤਿਆਚਾਰਾਂ ਤੋਂ ਬਿਲਕੁਲ ਨਹੀਂ ਘਬਰਾਉਂਦੇ ਸਨ। ਇਸੇ ਲਈ ਸਰਕਾਰ ਗੁਰੂ-ਘਰ ਵਿਚ ਫੁੱਟ ਪਾਉਣ, ਵਿਰੋਧੀਆਂ ਨੂੰ ਸਹਾਇਤਾ ਦੇਣ ਅਤੇ ਕਈ ਵਾਰ ਪ੍ਰਗਟ ਰੂਪ ਵਿਚ ਸਿੱਖ-ਲਹਿਰ ਨੂੰ ਦਬਾਉਣ ਦੇ ਯਤਨ ਕਰਦੀ ਰਹਿੰਦੀ ਸੀ। ਔਰੰਗਜ਼ੇਬ ਦੇ ਤਾਜ਼ਾ ਹੁਕਮਾਂ ਦਾ ਗੁਰੂ ਸਾਹਿਬ ਨੇ ਡਟ ਕੇ ਵਿਰੋਧ ਕੀਤਾ, ਧਾਰਮਿਕ ਸੁਤੰਤਰਤਾ 'ਤੇ ਜ਼ੋਰ ਦਿੱਤਾ। ਇਸੇ ਕਰਕੇ ਉਹ ਦੂਜੀ ਵਾਰ ਗ੍ਰਿਫ਼ਤਾਰ ਕੀਤੇ ਗਏ।

ਦਿੱਲੀ ਤੋਂ ਹਕੂਮਤ ਨੇ ਆਪਣਾ ਫੈਸਲਾ ਆਗਰੇ ਭੇਜ ਦਿੱਤਾ ਕਿ ਗੁਰੂ ਤੇਗ਼ ਬਹਾਦਰ ਨੂੰ ਆਗਰਾ ਪੁੱਜਦੇ ਸਾਰ ਹੀ ਗ੍ਰਿਫ਼ਤਾਰ ਕਰਕੇ ਦਿੱਲੀ ਪਹੁੰਚਾਇਆ ਜਾਵੇ। ਗੁਰੂ ਜੀ ਅਪ੍ਰੈਲ 1670 ਈਸਵੀ ਵਿਚ ਆਗਰਾ ਪੁੱਜੇ। ਉਥੇ ਉਨ੍ਹਾਂ ਨੂੰ ਬਾਕੀ ਗੁਰਸਿੱਖਾਂ ਸਮੇਤ ਗ੍ਰਿਫ਼ਤਾਰ ਕਰਕੇ ਸਖਤ ਪਹਿਰੇ ਹੇਠ ਦਿੱਲੀ ਲਿਆਂਦਾ ਗਿਆ। ਨਾਲ ਹੀ ਸਤੀ ਦਾਸ, ਜੇਠਾ ਜੀ ਤੇ ਦੁਰਗਾ ਜੀ ਵੀ ਸਨ। ਇਹ ਉਨ੍ਹਾਂ ਦੀ ਦੂਜੀ ਗ੍ਰਿਫ਼ਤਾਰੀ ਸੀ।

ਸਤਿਗੁਰੂ ਜੀ 2 ਮਹੀਨੇ 13 ਦਿਨ ਸ਼ਾਹੀ ਫੌਜ ਦੀ ਨਿਗਰਾਨੀ ਹੇਠ ਨਜ਼ਰਬੰਦ ਰਹੇ। ਸੈਫ਼ ਖ਼ਾਨ, ਜੋ ਔਰੰਗਜ਼ੇਬ ਦਾ ਰਿਸ਼ਤੇਦਾਰ ਸੀ ਤੇ ਗੁਰੂ ਸਾਹਿਬ ਦਾ ਸ਼ਰਧਾਲੂ ਸੀ, ਸਤਿਗੁਰੂ ਜੀ ਨੂੰ ਦਿੱਲੀ ਵੱਲ ਆਉਂਦੇ ਸਮੇਂ ਰਸਤੇ ਵਿਚ ਮਿਲ ਚੁੱਕਾ ਸੀ। ਭੱਟ ਵਹੀ ਤਲੌਂਢਾ ਪਰਗਣਾ ਜੀਂਦ ਅਨੁਸਾਰ ਸਤਿਗੁਰੂ ਜੀ 20 ਜੂਨ, 1670 ਨੂੰ ਸੈਫ਼ ਖ਼ਾਨ ਸਮੇਤ ਦਿੱਲੀ ਵਿਚ ਸਨ। ਸੈਫ਼ ਖ਼ਾਨ ਨੇ ਆਪਣਾ ਅਸਰ-ਰਸੂਖ ਵਰਤ ਕੇ ਗੁਰੂ ਜੀ ਨੂੰ ਸ਼ਾਹੀ ਕੈਦ ਵਿਚੋਂ ਰਿਹਾਅ ਕਰਵਾ ਦਿੱਤਾ। ਸਤਿਗੁਰੂ ਜੀ ਸੰਗਤਾਂ ਸਮੇਤ ਦਿੱਲੀ ਵਿਚ ਭਾਈ

ਕਲਿਆਣੇ ਦੀ ਧਰਮਸ਼ਾਲਾ ਪੁੱਜੇ। ਰਾਮ ਸਿੰਘ ਦੀ ਮਾਤਾ ਪੁਸ਼ਪਾ ਰਾਣੀ ਵੀ ਸਤਿਗੁਰਾਂ ਨੂੰ ਆ ਕੇ ਮਿਲੀ ਤੇ ਆਸਾਮ ਦੀ ਲੜਾਈ ਬਾਰੇ ਵੇਰਵਾ ਪ੍ਰਾਪਤ ਕੀਤਾ। ਅਹੋਮੀਆਂ ਨਾਲ ਹੋਏ ਸਮਝੌਤੇ ਬਾਰੇ ਸੁਣ ਕੇ ਉਸ ਦੀ ਚਿੰਤਾ ਦੂਰ ਹੋ ਗਈ।

### *ਦਿੱਲੀ ਤੋਂ ਬਕਾਲਾ ਵਾਪਸੀ*

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਗੁਰੂ ਸਾਹਿਬ ਦਾ ਪਰਿਵਾਰ, ਭਾਈ ਮਤੀ ਦਾਸ ਜੀ, ਭਾਈ (ਮਾਮਾ) ਕਿਰਪਾਲ ਚੰਦ, ਭਾਈ ਸਾਧੂ ਰਾਮ ਜੀ, ਭਾਈ ਚਉਪਤ ਰਾਇ, ਭਾਈ ਗੁਆਲ ਦਾਸ ਆਦਿ ਦੀ ਵਹੀਰ ਪਟਨੇ ਤੋਂ ਗੁਰੂ ਜੀ ਦੇ ਮਗਰੋਂ ਚੱਲੀ ਸੀ ਅਤੇ ਦੋਹਾਂ ਵਹੀਰਾਂ ਦਾ ਲਖਨੌਰ (ਜ਼ਿਲ੍ਹਾ ਅੰਬਾਲਾ) ਵਿਖੇ ਮਿਲਣ ਦਾ ਪ੍ਰੋਗਰਾਮ ਸੀ।

ਗੁਰੂ ਜੀ ਦੇ ਪਰਿਵਾਰ ਵਾਲਾ ਵਹੀਰ ਅਯੁੱਧਿਆ, ਲਖਨਊ, ਨਾਨਕਮਤਾ, ਹਰਿਦੁਆਰ ਹੁੰਦਾ ਹੋਇਆ ਅਜੋਕੇ ਹਰਿਆਣਾ ਪ੍ਰਾਂਤ ਵਿਚ ਪੁੱਜਾ ਅਤੇ ਪਿਹੋਵਾ, ਕੁਰੂਕਸ਼ੇਤਰ ਹੁੰਦਾ ਹੋਇਆ 13 ਸਤੰਬਰ 1670 ਈਸਵੀ ਨੂੰ ਲਖਨੌਰ ਪੁੱਜਾ। ਲਖਨੌਰ ਜ਼ਿਲ੍ਹਾ ਅੰਬਾਲੇ ਵਿਚ ਹੈ ਅਤੇ ਅੰਬਾਲਾ ਸ਼ਹਿਰ ਤੋਂ ਲਗਭਗ 15 ਕਿਲੋਮੀਟਰ ਦੀ ਦੂਰੀ 'ਤੇ ਹੈ। ਇਥੇ ਮਾਤਾ ਗੁਜਰੀ ਜੀ ਦੇ ਵੱਡੇ ਭਰਾ ਮਿਹਰ ਚੰਦ ਜੀ ਰਹਿੰਦੇ ਸਨ। ਰਿਸ਼ਤੇਦਾਰਾਂ ਅਤੇ ਸੰਗਤਾਂ ਨੇ ਸਾਹਿਬਜ਼ਾਦਾ ਗੋਬਿੰਦ ਰਾਇ ਦੇ ਪਹਿਲੀ ਵਾਰ ਦਰਸ਼ਨ ਕੀਤੇ ਅਤੇ ਬੜਾ ਖੁਸ਼ੀਆਂ ਭਰਿਆ ਮਾਹੌਲ ਬਣਿਆ।

ਗੁਰੂ ਤੇਗ ਬਹਾਦਰ ਜੀ ਅਤੇ ਸਾਥੀ ਸਿੱਖ ਦਿੱਲੀ ਤੋਂ ਪੁਸ਼ਪਾ ਰਾਣੀ ਅਤੇ ਭਾਈ ਕਲਿਆਣੇ ਦੀ ਧਰਮਸ਼ਾਲਾ ਦੀ ਸੰਗਤ ਤੋਂ ਵਿਦਾ ਹੋ ਕੇ ਰੋਹਤਕ, ਕੁਰੂਕਸ਼ੇਤਰ ਤੇ ਪਿਹੋਵਾ ਨਗਰਾਂ ਵਿਚੋਂ ਹੁੰਦੇ ਹੋਏ ਲਖਨੌਰ ਪੁੱਜੇ। ਮੁਆਸਰ-ਇ-ਆਲਮਗੀਰੀ ਤੇ ਡਾਕਟਰ ਗੰਡਾ ਸਿੰਘ ਵਲੋਂ ਸੰਪਾਦਿਤ ਹੁਕਮਨਾਮਿਆਂ ਅਨੁਸਾਰ ਸੈਫ਼ ਖ਼ਾਨ ਵੀ ਗੁਰੂ ਜੀ ਦੇ ਨਾਲ ਸੀ। ਉਸ ਦਾ ਮਨੋਰਥ ਇਕ ਤਾਂ ਗੁਰੂ ਜੀ ਦੀ ਸੁਰੱਖਿਆ ਨੂੰ ਨਿਸ਼ਚਿਤ ਕਰਨਾ ਸੀ; ਦੂਜਾ, ਉਹ ਚਾਹੁੰਦਾ ਸੀ ਕਿ ਰਸਤੇ ਵਿਚਲੇ ਨਗਰਾਂ ਅਤੇ ਪਿੰਡਾਂ ਪਿਛੋਂ ਗੁਰੂ ਜੀ ਤੇ ਉਨ੍ਹਾਂ ਦੀ ਵਹੀਰ ਕੁਝ ਸਮੇਂ ਲਈ ਸੈਫ਼ਾਬਾਦ ਟਿਕ ਕੇ ਪ੍ਰਚਾਰ ਕਰਨ ਤੇ ਸੰਗਤਾਂ ਨੂੰ ਦਰਸ਼ਨ ਦੇਣ।

ਸਤਿਗੁਰੂ ਜੀ ਲਖਨੌਰ ਤੋਂ ਅਜੋਕੇ ਮੁਕਤਸਰ ਜ਼ਿਲ੍ਹੇ ਦੇ ਪਿੰਡ ਮੱਲ੍ਹਾ ਪੁੱਜੇ। ਇਥੇ ਉਨ੍ਹਾਂ ਦੀ ਭੈਣ ਬੀਬੀ ਵੀਰੋ ਰਹਿੰਦੀ ਸੀ ਅਤੇ ਸੰਗਤ ਨਾਲ ਵੀ ਮੇਲ-ਮਿਲਾਪ ਕਰਨਾ ਸੀ। ਬੀਬੀ ਵੀਰੋ ਜੀ ਦੇ ਪਤੀ ਭਾਈ ਸਾਧੂ ਰਾਮ ਪਹਿਲਾਂ ਹੀ ਸਤਿਗੁਰਾਂ ਦੇ ਨਾਲ ਪਟਨਾ ਤੋਂ ਆਏ ਸਨ। ਉਨ੍ਹਾਂ ਦੇ ਨਾਲ ਭਾਈ ਦਿਆਲਾ ਜੀ ਵੀ ਗੁਰੂ ਜੀ ਦੇ ਨਾਲ ਸਨ। ਬੀਬੀ ਵੀਰੋ ਜੀ ਦੇ ਸਪੁੱਤਰ, ਸੰਗੋ ਸ਼ਾਹ ਤੇ ਗੰਗਾ ਰਾਮ ਆਪਣੇ ਪਿਤਾ ਸਾਧੂ ਰਾਮ ਤੇ ਆਪਣੇ ਮਾਮਾ, ਗੁਰੂ ਤੇਗ ਬਹਾਦਰ ਜੀ, ਦੇ ਦਰਸ਼ਨ ਕਰਕੇ ਨਿਹਾਲ ਹੋਏ। ਇਥੇ ਇਕ ਮਹੀਨਾ ਨਿਵਾਸ ਕਰਕੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ।

ਪਿੰਡ ਮੱਲ੍ਹੇ ਤੋਂ ਸਤਿਗੁਰੂ ਜੀ ਕਰਤਾਰਪੁਰ ਆਏ। ਇਥੇ ਸਤਿਗੁਰੂ ਜੀ ਮਾਤਾ ਗੁਜਰੀ

ਜੀ ਦੇ ਪਿਤਾ ਲਾਲ ਚੰਦ ਨੂੰ ਮਿਲੇ ਤੇ ਬਕਾਲੇ ਪਹੁੰਚ ਕੇ ਮਾਤਾ ਨਾਨਕੀ ਜੀ ਤੇ ਪਰਿਵਾਰ ਕੋਲ ਠਹਿਰੇ। ਸਤਿਗੁਰਾਂ ਦੇ ਇਥੇ ਆਉਣ ਤੇ ਇਥੋਂ ਦੀਆਂ ਸੰਗਤਾਂ ਨੇ ਬਹੁਤ ਖ਼ੁਸ਼ੀਆਂ ਮਨਾਈਆਂ। ਇਥੇ ਡੇਢ ਸਾਲ ਸਿੱਖੀ ਦਾ ਪ੍ਰਚਾਰ ਕੀਤਾ। ਇਥੇ ਗੁਰੂ ਜੀ ਕੋਲ ਮਾਝਾ ਮਾਲਵਾ, ਦੁਆਬਾ, ਪੋਠੋਹਾਰ, ਕਾਬਲ, ਹਰਿਆਣਾ ਤੇ ਉੱਤਰ ਪ੍ਰਦੇਸ਼ ਆਦਿ ਦੀਆਂ ਸੰਗਤਾਂ ਉਪਦੇਸ਼ ਲੈਣ ਅਤੇ ਸਿੱਖ ਸਜਣ ਲਈ ਆਉਂਦੀਆਂ ਰਹੀਆਂ।

### ਬਕਾਲੇ ਤੋਂ ਅਨੰਦਪੁਰ ਸਾਹਿਬ

ਗੁਰੂ ਕੀਆਂ ਸਾਖੀਆਂ ਅਨੁਸਾਰ ਸਾਹਿਬਜ਼ਾਦਾ ਗੋਬਿੰਦ ਰਾਇ ਨੇ ਗੁਰੂ ਤੇਗ ਬਹਾਦਰ ਜੀ ਦੀ ਹਾਜ਼ਰੀ ਵਿਚ ਦਾਦੀ ਮਾਤਾ ਨਾਨਕੀ ਜੀ ਤੋਂ ਉਨ੍ਹਾਂ ਦੇ ਨਾਮ ਤੇ ਵਸਾਏ ਨਗਰ 'ਚੱਕ ਨਾਨਕੀ' ਨੂੰ ਵੇਖਣ ਦੀ ਉਤਸੁਕਤਾ ਦਰਸਾਈ। ਦੀਵਾਨ ਦਰਘਾ ਮੱਲ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦੇ ਦੀ ਇੱਛਾ ਅਨੁਸਾਰ ਚੱਕ ਨਾਨਕੀ (ਅਨੰਦਪੁਰ ਸਾਹਿਬ) ਵਿਖੇ ਚੱਲਣਾ ਚਾਹੀਦਾ ਹੈ। ਇਸੇ ਦੌਰਾਨ ਚੰਪਾ ਰਾਣੀ ਨੇ ਵੀ ਆਪਣਾ ਵਿਸ਼ੇਸ਼ ਵਜ਼ੀਰ ਗੁਰੂ ਸਾਹਿਬ ਤੇ ਮਾਤਾ ਨਾਨਕੀ ਜੀ ਵੱਲ ਭੇਜਿਆ ਸੀ ਕਿ ਸਤਿਗੁਰੂ ਜੀ ਆਪ ਆ ਕੇ 'ਚੱਕ ਨਾਨਕੀ' ਦੀ ਧਰਤੀ ਨੂੰ ਭਾਗ ਲਾਉਣ। ਸਤਿਗੁਰੂ ਜੀ ਉਸ ਦੀ ਬੇਨਤੀ 'ਤੇ 'ਚੱਕ ਨਾਨਕੀ' ਵਿਖੇ ਆਉਣਾ ਮੰਨ ਚੁੱਕੇ ਸਨ।

ਸੰਨ 1672 ਦੇ ਆਰੰਭ ਵਿਚ ਹੀ ਸਤਿਗੁਰੂ ਜੀ ਆਪਣੇ ਪਰਿਵਾਰ ਤੇ ਮੁਖੀ ਸਿੱਖਾਂ ਸਮੇਤ ਚੱਕ ਨਾਨਕੀ ਆ ਗਏ। ਇਸ ਨਗਰ ਦੀ ਰੌਣਕ ਦਿਨੋ-ਦਿਨ ਵਧਣ ਲੱਗੀ ਕਿਉਂਕਿ ਇਥੇ ਹੁਣ ਭਾਰੀ ਗਿਣਤੀ ਵਿਚ ਸੰਗਤਾਂ ਆਉਣ ਲੱਗ ਪਈਆਂ। ਇਥੇ ਨਿਵਾਸ ਸਮੇਂ ਆਪ ਆਲੇ-ਦੁਆਲੇ ਦੇ ਇਲਾਕੇ ਵਿਚ ਗੁਰਮਤਿ ਦਾ ਸੁਨੇਹਾ ਦੇਣ ਜਾਂਦੇ ਰਹੇ। ਸੰਨ 1672 ਦੀ ਵਿਸਾਖੀ ਸਮੇਂ ਭਾਈ ਮਨੀ ਸਿੰਘ ਜੀ ਚੱਕ ਨਾਨਕੀ ਆਏ ਸਨ। ਬਿਲਾਸਪੁਰ ਦੀ ਰਾਣੀ ਚੰਪਾ ਨੇ ਸਤਿਗੁਰਾਂ ਨੂੰ ਆਪਣੇ ਮਹਿਲ ਬੁਲਾਇਆ। ਸਤਿਗੁਰੂ ਜੀ ਪਰਿਵਾਰ ਸਮੇਤ ਬਿਲਾਸਪੁਰ ਆਏ। ਰਾਣੀ ਨੇ ਜਿਥੇ ਆਪ ਜੀ ਨੂੰ ਕੀਮਤੀ ਭੇਟਾਵਾਂ ਅਰਪਣ ਕੀਤੀਆਂ ਉਥੇ ਸਾਹਿਬਜ਼ਾਦਾ ਗੋਬਿੰਦ ਰਾਇ ਨੂੰ ਸੁੰਦਰ ਵਸਤਰ ਤੇ ਹੋਰ ਉਪਹਾਰ ਦਿੱਤੇ। ਰਾਣੀ ਨੇ ਸਾਹਿਬਜ਼ਾਦੇ ਦੇ ਪਹਿਲੀ ਵਾਰ ਦਰਸ਼ਨ ਕੀਤੇ ਸਨ।

ਸੰਨ 1673 ਦੀ ਵਿਸਾਖੀ ਨੂੰ ਚੱਕ ਨਾਨਕੀ ਵਿਖੇ ਇਕ ਬਹੁਤ ਵੱਡਾ ਗੁਰਮਤਿ ਸਮਾਗਮ ਕੀਤਾ ਗਿਆ।

# ਮਾਲਵੇ ਤੇ ਬਾਂਗਰ ਦੇਸ਼ ਦੀ ਪ੍ਰਚਾਰ ਫੇਰੀ

ਮਾਲਵਾ ਮੋਟੇ ਤੌਰ ਤੇ ਉਸ ਭੂਮੀ ਨੂੰ ਕਿਹਾ ਜਾਂਦਾ ਹੈ ਜੋ ਸਤਲੁਜ ਅਤੇ ਘੱਗਰ ਨਦੀ ਦੇ ਵਿਚਕਾਰ ਆਉਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ (ਮਹਾਨ ਕੋਸ਼) ਅਨੁਸਾਰ ਇਹ ਫਿਰੋਜ਼ਪੁਰ, ਲੁਧਿਆਣਾ, ਪਟਿਆਲਾ, ਨਾਭਾ, ਜੀਂਦ, ਫਰੀਦਕੋਟ ਦਾ ਮਾਰੂ (ਰੇਤਲਾ) ਇਲਾਕਾ ਸੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵਰਦਾਨ ਨਾਲ ਸਰਸਬਜ਼ (ਹਰਾ-ਭਰਾ) ਕੀਤਾ।

ਬਾਂਗਰ (ਜਾਂ ਬਾਂਗੜ) ਦੇ ਇਲਾਕੇ ਵਿਚ ਅਜੋਕੇ ਹਰਿਆਣੇ ਦੇ ਹਿਸਾਰ, ਰੋਹਤਕ, ਕਰਨਾਲ ਆਦਿਕ ਜ਼ਿਲ੍ਹਿਆਂ ਦੇ ਇਲਾਕੇ ਆਉਂਦੇ ਹਨ।

ਗੁਰੂ ਤੇਗ਼ ਬਹਾਦਰ ਜੀ ਨੇ ਮਾਲਵੇ ਅਤੇ ਬਾਂਗਰ ਦੇਸ਼ ਦੀ ਪ੍ਰਚਾਰ ਫੇਰੀ ਸੰਨ 1673 ਅੱਧ ਵਿਚ ਆਰੰਭ ਕੀਤੀ ਅਤੇ ਡੇਢ ਸਾਲ ਮਗਰੋਂ ਸੰਨ 1674 ਦੇ ਅੰਤ ਵਿਚ ਵਾਪਸ ਆਏ। ਉਨ੍ਹਾਂ ਦੇ ਨਾਲ ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਗੋਬਿੰਦ ਰਾਇ ਅਤੇ ਕੁਝ ਮੁਖੀ ਸਿੱਖ ਸਨ। ਗੁਰੂ ਤੇਗ਼ ਬਹਾਦਰ ਜੀ ਇਨ੍ਹਾਂ ਇਲਾਕਿਆਂ ਦਾ ਪਹਿਲਾਂ ਵੀ ਦੌਰਾ ਕਰ ਚੁੱਕੇ ਸਨ ਅਤੇ ਉਨ੍ਹਾਂ ਦੇ ਧਰਮ ਪ੍ਰਚਾਰ ਕਾਰਨ ਸਿੱਖੀ ਦੀਆਂ ਜੜ੍ਹਾਂ ਚੰਗੀ ਤਰ੍ਹਾਂ ਲੱਗ ਚੁੱਕੀਆਂ ਸਨ। ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਹਰਿ ਰਾਇ ਜੀ ਨੇ ਵੀ ਇਨ੍ਹਾਂ ਇਲਾਕਿਆਂ ਦਾ ਦੌਰਾ ਕੀਤਾ ਸੀ, ਜਿਸ ਕਾਰਨ ਹਜ਼ਾਰਾਂ ਵਿਅਕਤੀ ਸਿੱਖੀ ਦੇ ਦਾਇਰੇ ਵਿਚ ਆ ਚੁੱਕੇ ਸਨ। ਇਧਰ ਸਿੱਖੀ ਦੇ ਪ੍ਰਚਾਰ ਵਿਚ ਭਾਈ ਦੱਗੋ, ਭਾਈ ਮੀਹਾਂ ਤੇ ਕਈ ਉਦਾਸੀ ਮਹਾਂ-ਪੁਰਖਾਂ ਨੇ ਭਰਪੂਰ ਹਿੱਸਾ ਪਾਇਆ ਸੀ।

ਅਨੰਦਪੁਰ ਸਾਹਿਬ (ਚੱਕ ਨਾਨਕੀ) ਤੋਂ ਚੱਲ ਕੇ ਗੁਰੂ ਜੀ ਨੇ ਪਹਿਲਾ ਪੜਾਅ ਸੈਫ਼ਾਬਾਦ (ਹੁਣ ਬਹਾਦਰਗੜ੍ਹ) ਵਿਖੇ ਕੀਤਾ। ਗੁਰੂ ਜੀ ਦੇ ਅਨਿੰਨ ਸ਼ਰਧਾਲੂ ਸੈਫ਼ ਖ਼ਾਨ ਨੇ ਗੁਰੂ ਸਾਹਿਬ ਤੇ ਪ੍ਰਚਾਰ ਵਹੀਰ ਨੂੰ ਆਪਣੇ ਕੋਲ ਤਿੰਨ ਮਹੀਨੇ ਰੱਖਿਆ ਤੇ ਤਨ, ਮਨ ਤੇ ਧਨ ਨਾਲ ਸੇਵਾ ਕੀਤੀ। ਸੈਫ਼ ਖ਼ਾਨ ਨੇ ਇਥੇ ਇਕ ਕਿਲ੍ਹਾ ਬਣਵਾਇਆ ਹੋਇਆ ਸੀ। ਇਲਾਕੇ ਦੇ ਪਿੰਡਾਂ ਵਿਚ ਧਰਮ ਪ੍ਰਚਾਰ ਕੀਤਾ ਗਿਆ ਜਿਸ ਕਰਕੇ ਭਾਰੀ ਗਿਣਤੀ ਵਿਚ ਲੋਕਾਂ ਨੇ ਸਿੱਖੀ ਧਾਰਨ ਕੀਤੀ। ਗੁਰੂ ਜੀ ਦੀ ਯਾਦ ਵਿਚ ਦੋ ਗੁਰਦੁਆਰੇ ਹਨ—ਇਕ ਕਿਲ੍ਹੇ ਦੇ ਅੰਦਰ ਅਤੇ ਦੂਸਰਾ ਕਿਲ੍ਹੇ ਤੋਂ 200 ਗਜ਼ ਦੀ ਦੂਰੀ 'ਤੇ।

ਸੈਫ਼ ਖ਼ਾਨ ਦਾ ਕਿਲ੍ਹਾ ਉਸ ਦੇ ਵੰਸ਼ ਤੋਂ ਪਟਿਆਲੇ ਦੇ ਰਾਜਾ ਅਮਰ ਸਿੰਘ ਨੇ ਸੰਨ 1774 ਵਿਚ ਖਰੀਦ ਲਿਆ ਸੀ ਅਤੇ ਮਹਾਰਾਜਾ ਕਰਮ ਸਿੰਘ ਦੇ ਰਾਜ ਕਾਲ ਦੌਰਾਨ (1837 ਤੋਂ 1845 ਦੇ ਵਿਚਕਾਰ) ਦੁਬਾਰਾ ਬਣਵਾਇਆ ਗਿਆ ਤੇ ਇਸ ਦਾ ਨਾਮ 'ਬਹਾਦਰ ਗੜ੍ਹ' ਰੱਖਿਆ ਗਿਆ। ਇਹ ਪਟਿਆਲੇ ਤੋਂ 9 ਕਿਲੋਮੀਟਰ ਦੀ ਦੂਰੀ 'ਤੇ ਪਟਿਆਲਾ-ਚੰਡੀਗੜ੍ਹ ਮੁੱਖ ਮਾਰਗ ਤੇ ਸਥਿਤ ਹੈ।

ਪ੍ਰਚਾਰ ਵਹੀਰ ਸੈਫ਼ਾਬਾਦ ਤੋਂ ਚੱਲ ਕੇ ਉਸ ਇਲਾਕੇ ਵਿਚ ਆਈ ਜਿਥੇ ਹੁਣ ਪਟਿਆਲਾ ਸ਼ਹਿਰ ਵਸਿਆ ਹੋਇਆ ਹੈ। ਸਤਿਗੁਰਾਂ ਦੇ ਆਗਮਨ ਦੀ ਯਾਦ ਵਿਚ ਇਥੇ

ਦੇ ਗੁਰਦੁਆਰੇ—ਗੁਰਦੁਆਰਾ ਦੂਖ ਨਿਵਾਰਨ ਅਤੇ ਗੁਰਦੁਆਰਾ ਮੋਤੀ ਬਾਗ ਬਣੇ ਹੋਏ ਹਨ।

ਪਟਿਆਲੇ ਵਾਲੇ ਅਸਥਾਨ ਤੋਂ 80 ਕੁ ਕਿਲੋਮੀਟਰ ਦੀ ਦੂਰੀ 'ਤੇ ਪੱਛਮ ਵੱਲ **ਮੂਲੋਵਾਲ** ਨਗਰ ਵਸਿਆ ਹੋਇਆ ਹੈ। ਸਤਿਗੁਰਾਂ ਦੀ ਪ੍ਰਚਾਰ ਵਹੀਰ ਨੇ ਇਥੇ ਪੰਜ ਦਿਨਾਂ ਲਈ ਟਿਕਾਣਾ ਕੀਤਾ। ਇਥੇ ਪਾਣੀ ਦੀ ਬੜੀ ਕਿੱਲਤ ਸੀ। ਸਤਿਗੁਰਾਂ ਨੇ ਜ਼ਿਆਦਾ ਡੂੰਘਾਈ ਵਾਲੇ ਖੂਹ ਲਗਵਾਏ, ਜਿਨ੍ਹਾਂ ਦਾ ਪਾਣੀ ਵਧੀਆ ਤੇ ਮਿੱਠਾ ਨਿਕਲਿਆ। ਪਿੰਡ ਦੇ ਚੌਧਰੀ ਗੋਂਦੇ ਤੇ ਹੋਰ ਮੁਖੀਆਂ ਉੱਤੇ ਸਤਿਗੁਰੂ ਜੀ ਦੇ ਉਪਦੇਸ਼ਾਂ ਦਾ ਬਹੁਤ ਚੰਗਾ ਪ੍ਰਭਾਵ ਪਿਆ। ਉਹ ਸਤਿਗੁਰਾਂ ਦੀ ਬਖ਼ਸ਼ਿਸ਼ ਦੇ ਵਿਸ਼ੇਸ਼ ਪਾਤਰ ਬਣੇ। ਸਾਰੇ ਪਿੰਡ ਨੇ ਹੀ ਸਿੱਖੀ ਧਾਰਨ ਕਰ ਲਈ।

ਫਿਰ **ਸੇਖੇ** ਪਿੰਡ ਪੁੱਜੇ। ਇਥੇ ਚੌਧਰੀ ਤ੍ਰਿਲੋਕਾ ਅਤੇ ਹੋਰ ਪਿੰਡ ਵਾਸੀ ਸਖੀ-ਸਰਵਰੀਆਂ* ਦੇ ਪ੍ਰਭਾਵ ਥੱਲੇ ਸਨ। ਇਥੋਂ **ਹੰਢਿਆਇ** ਕਸਬੇ ਪੁੱਜੇ। ਆਸ-ਪਾਸ ਦੇ ਪਿੰਡਾਂ ਤੋਂ ਲੋਕ ਭਾਰੀ ਗਿਣਤੀ ਵਿਚ ਗੁਰੂ-ਦਰਬਾਰ ਵਿਚ ਪੁੱਜੇ, ਜਿਨ੍ਹਾਂ ਵਿਚੋਂ ਬਹੁਤ ਸਖੀ-ਸਰਵਰੀਆਂ ਦੇ ਪ੍ਰਭਾਵ ਥੱਲੇ ਸਨ। ਭਾਰੀ ਗਿਣਤੀ ਵਿਚ ਸਖੀਏ ਸਰਵਰੀਏ ਸਿੱਖੀ ਵਿਚ ਦਾਖਲ ਹੋਏ। ਉਨ੍ਹਾਂ ਨੇ ਹੰਢਿਆਇ ਵਿਖੇ ਲੱਗੇ ਗੁਰੂ-ਦਰਬਾਰ ਵਿਚ ਹਾਜ਼ਰ ਹੋ ਕੇ ਗੁਰੂ ਕੇ ਲੰਗਰ ਲਈ ਅਨਾਜ, ਦੁੱਧ, ਦਹੀਂ, ਮੱਖਣ ਆਦਿ ਭਰਪੂਰ ਮਾਤਰਾ ਵਿਚ ਭੇਟ ਕੀਤੇ। ਇਨ੍ਹਾਂ ਦਿਨਾਂ ਵਿਚ ਹੀ ਸੇਖੇ ਪਿੰਡ ਉਤੇ ਲੁਟੇਰੇ ਫੌਜਦਾਰ ਈਸਾਖਾਨ ਨੇ ਹਮਲਾ ਕਰ ਕੇ ਭਾਰੀ ਲੁੱਟ ਮਚਾਈ ਸੀ। ਇਥੋਂ ਦੇ ਵਸਨੀਕਾਂ (ਸਰਵਰੀਆਂ) ਦੇ ਮਨ ਵਿਚ ਵਹਿਮ ਪੈ ਗਿਆ ਕਿ ਇਹ ਸਜ਼ਾ ਉਨ੍ਹਾਂ ਨੂੰ ਤਾਂ ਹੀ ਮਿਲੀ ਹੈ ਕਿਉਂਕਿ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਉਪਦੇਸ਼ਾਂ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ। ਇਹ ਸੋਚ ਕੇ ਸੇਖੇ ਪਿੰਡ ਦੇ ਸਭ ਵਾਸੀ ਹੰਢਿਆਇ ਵਿਖੇ ਗੁਰੂ ਦਰਬਾਰ ਵਿਚ ਪੁੱਜੇ ਤੇ ਉਨ੍ਹਾਂ ਨੇ ਆਪਣੀ ਅਵੱਗਿਆ ਲਈ ਸਤਿਗੁਰਾਂ ਤੋਂ ਮੁਆਫ਼ੀ ਮੰਗੀ। ਉਹ ਸਾਰੇ ਹੀ ਸਿੱਖ ਧਰਮ ਵਿਚ ਦਾਖਲ ਹੋ ਗਏ।

ਉਨ੍ਹਾਂ ਦਿਨਾਂ ਵਿਚ, ਇਲਾਕੇ ਵਿਚ ਗਲ ਘੋਟੂ ਬੀਮਾਰੀ ਫੈਲੀ ਹੋਈ ਸੀ। ਸਤਿਗੁਰਾਂ ਨੇ ਬੀਮਾਰਾਂ ਦਾ ਯਥਾਯੋਗ ਇਲਾਜ ਕਰਵਾਇਆ। ਇਸ ਦੀ ਯਾਦ ਵਿਚ ਲੋਕਾਂ ਨੇ 'ਗੁਰੂ ਸਰ' ਸਰੋਵਰ ਵੀ ਨਗਰ ਵਿਚ ਬਣਵਾ ਲਿਆ।

ਇਥੋਂ **ਢਿਲਵਾਂ** ਪਿੰਡ ਆਏ ਤੇ ਕਈ ਮਹੀਨੇ ਟਿਕ ਕੇ ਇਲਾਕੇ ਵਿਚ ਗੁਰਮਤਿ

---

* ਸਖੀ ਸਰਵਰ ਮੁਸਲਮਾਨਾਂ ਦਾ ਇਕ ਫਿਰਕਾ ਹੈ, ਜੋ ਮੁਸਲਮਾਨ ਪੀਰ ਸੁਲਤਾਨ ਸਈਅਦ ਅਹਿਮਦ ਨੇ 13ਵੀਂ ਸਦੀ ਵਿਚ ਚਲਾਇਆ ਸੀ। ਸੁਲਤਾਨ ਅਹਿਮਦ ਨੂੰ ਸਖੀ ਸਰਵਰ, ਲਖਦਾਤਾ, ਲਾਲਾਂ ਵਾਲਾ, ਧੌਂਕਲੀਆ ਆਦਿਕ ਨਾਵਾਂ ਨਾਲ ਵੀ ਪੁਕਾਰਿਆ ਜਾਂਦਾ ਹੈ। ਇਸ ਪੀਰ ਦੀ ਕਬਰ ਪਿੰਡ ਨਗਾਹੇ (ਡੇਰਾ ਇਸਮਾਈਲ ਖ਼ਾਨ, ਪਾਕਿਸਤਾਨ) ਵਿਚ ਹੈ।

ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਪਹਿਲਾਂ ਸਖੀ ਸਰਵਰ ਦੇ ਚੇਲੇ ਬਣਾਇਆ ਜਾਂਦਾ ਸੀ, ਜੋ ਅੱਧ-ਪਚੱਧੇ ਹੀ ਮੁਸਲਮਾਨ ਹੁੰਦੇ ਸਨ। ਮਗਰੋਂ ਜਾ ਕੇ ਹੌਲੀ-ਹੌਲੀ ਪੂਰਨ ਰੂਪ ਵਿਚ ਮੁਸਲਮਾਨ ਬਣ ਜਾਂਦੇ ਸਨ।

ਦਾ ਸੁਨੇਹਾ ਲੋਕਾਂ ਤੱਕ ਪਹੁੰਚਾਇਆ। ਸੂਰਜ ਗ੍ਰਹਿਣ ਦੇ ਸਮੇਂ ਅਨੇਕਾਂ ਲੋਕ ਗੁਰੂ ਦਰਬਾਰ ਵਿਚ ਆਏ। ਉਨ੍ਹਾਂ ਨੇ ਅਨੇਕਾਂ ਗਊਆਂ ਗੁਰੂ-ਦਰਬਾਰ ਨੂੰ ਭੇਟ ਕੀਤੀਆਂ। ਗੁਰੂ ਜੀ ਨੇ ਉਹ ਲੋੜਵੰਦਾਂ ਵਿਚ ਵੰਡ ਦਿੱਤੀਆਂ, ਜਿਨ੍ਹਾਂ ਦੀ ਗਿਣਤੀ ਸੌ ਤੋਂ ਵੀ ਵੱਧ ਸੀ। ਗੁਰੂ ਜੀ ਨੇ 'ਸੂਰਜ ਗ੍ਰਹਿਣ' ਦੇ ਭਰਮ ਵਿਚੋਂ ਲੋਕਾਂ ਨੂੰ ਬਾਹਰ ਕੱਢਿਆ। ਉਨ੍ਹਾਂ ਸਮਝਾਇਆ ਕਿ ਲੋੜਵੰਦਾਂ ਦੀ ਸਹਾਇਤਾ ਹਮੇਸ਼ਾ ਕਰਨੀ ਚਾਹੀਦੀ ਹੈ ਅਤੇ 'ਸੂਰਜ ਗ੍ਰਹਿਣ' ਸਮੇਂ ਪੁਜਾਰੀਆਂ ਨੂੰ ਦਿੱਤੇ ਦਾਨ ਦਾ ਕੋਈ ਲਾਭ ਨਹੀਂ।

ਢਿਲਵਾਂ ਤੋਂ ਚੱਲ ਕੇ ਪ੍ਰਚਾਰ ਵਹੀਰ ਨੇ ਭਿੱਖੀ, ਮਾਈਸਰ ਖਾਨਾ, ਪੰਧੇਰੀਆਂ, ਅਲੀਸ਼ੇਰ, ਜੋਗਾ, ਭੂਪਾਲੀ ਤੇ ਖੀਵਾ ਆਦਿਕ ਪਿੰਡਾਂ ਵਿਚ ਪੜਾਅ ਕੀਤਾ ਤੇ ਗੁਰਮਤਿ ਸੰਦੇਸ਼ ਨੂੰ ਫੈਲਾਇਆ।

ਅਗਲਾ ਪੜਾਅ ਪਿੰਡ ਸਮਾਊਂ ਵਿਖੇ ਕੀਤਾ। ਪਿੰਡ ਵਾਸੀਆਂ ਨੇ ਗੁਰੂ ਸਾਹਿਬ ਦਾ ਨਿੱਘਾ ਸਵਾਗਤ ਕੀਤਾ ਅਤੇ ਪ੍ਰਚਾਰ ਵਹੀਰ ਦੀ ਵਧ ਚੜ੍ਹ ਕੇ ਸੇਵਾ ਕੀਤੀ। ਗੁਰੂ ਉਪਦੇਸ਼ ਨੂੰ ਸੁਣ-ਮੰਨ ਕੇ ਕੇਵਲ ਸਾਰਾ ਪਿੰਡ ਹੀ ਸਿੱਖ ਨਹੀਂ ਸਜਿਆ ਸਗੋਂ ਆਲੇ-ਦੁਆਲੇ ਦੇ ਕਈ ਪਿੰਡਾਂ ਦੇ ਲੋਕਾਂ ਨੇ ਵੀ ਗੁਰ-ਉਪਦੇਸ਼ ਗ੍ਰਹਿਣ ਕੀਤਾ ਤੇ ਕਈ ਸਿੱਖੀ ਦੇ ਦਾਇਰੇ ਵਿਚ ਆਏ।

ਸਮਾਊਂ ਵਿਖੇ ਹੀ ਕਾਬਲ ਦੀ ਸੰਗਤ ਦਾ ਇਕ ਬਹੁਤ ਵੱਡਾ ਜਥਾ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਪਹਿਲਾਂ ਇਹ ਜਥਾ ਅਨੰਦਪੁਰ ਸਾਹਿਬ ਵਿਖੇ ਪੁੱਜਾ ਸੀ, ਪਰ ਉਦੋਂ ਗੁਰੂ ਜੀ ਪ੍ਰਚਾਰ-ਫੇਰੀ ਤੇ ਨਿਕਲ ਚੁੱਕੇ ਸਨ। ਗੁਰੂ ਜੀ ਦੇ ਮਾਲਵੇ ਵਿਚ ਹੋਣ ਦੇ ਪਤਾ ਲੱਗਣ ਤੇ ਜਥਾ ਇਥੇ ਪੁੱਜਾ ਸੀ। ਪਿੰਡ ਸਮਾਊਂ ਅਤੇ ਆਸ-ਪਾਸ ਦੀਆਂ ਸੰਗਤਾਂ ਨੇ ਬੜੀ ਸ਼ਰਧਾ ਤੇ ਪ੍ਰੇਮ ਨਾਲ ਕਾਬਲੀ ਗੁਰ-ਭਾਈਆਂ ਦੀ ਸੇਵਾ ਕੀਤੀ।

ਇਥੋਂ ਚੱਲ ਕੇ ਖਿਆਲਾ ਤੇ ਫਿਰ ਮੌੜ ਪਿੰਡ ਵਿਚ ਆਏ। ਲੋਕ ਇਸ ਜਗ੍ਹਾ ਨੂੰ ਸ੍ਰਾਪੀ ਹੋਈ ਤੇ ਭੂਤਾਂ-ਪ੍ਰੇਤਾਂ ਦੇ ਵਸੇਬੇ ਵਾਲੀ ਹੋਣ ਕਾਰਨ ਉਥੇ ਨਹੀਂ ਸਨ ਜਾਂਦੇ। ਗੁਰੂ ਜੀ ਨੇ ਸਮਝਾਇਆ ਕਿ ਭੂਤ-ਪ੍ਰੇਤ ਮਨ ਦਾ ਵਹਿਮ ਹੀ ਹਨ। ਅਸਲੀ ਭੂਤ-ਪ੍ਰੇਤ ਤਾਂ ਵਿਕਾਰੀ ਬੰਦੇ ਹਨ ਜੋ ਈਰਖਾ, ਤ੍ਰਿਸ਼ਨਾ, ਵਿਭਚਾਰ, ਨਿਰਦਇਤਾ ਆਦਿ ਵਾਲੀ ਬਿਰਤੀ ਦੇ ਧਾਰਨੀ ਬਣ ਕੇ ਇਨਸਾਨੀਅਤ ਤੋਂ ਡਿੱਗ ਚੁੱਕੇ ਹਨ। ਕਹੀ ਜਾਂਦੀ ਸ੍ਰਾਪੀ ਹੋਈ ਜਗ੍ਹਾ ਤੇ ਹੀ ਗੁਰੂ ਸਾਹਿਬ ਨੇ ਗੁਰਮਤਿ-ਦੀਵਾਨ ਲਗਾਏ। ਕਥਾ-ਕੀਰਤਨ ਤੇ ਗੁਰਮਤਿ ਵਿਚਾਰਾਂ ਦਾ ਐਸਾ ਪ੍ਰਭਾਵ ਪਿਆ ਕਿ ਭੂਤਾਂ-ਪ੍ਰੇਤਾਂ ਦੀ ਹੋਂਦ ਹੀ ਲੋਕਾਂ ਦੇ ਮਨਾਂ ਵਿਚੋਂ ਨਿਕਲ ਗਈ। ਇਥੋਂ ਚੱਲ ਕੇ ਵਹੀਰ ਨੇ 'ਟਾਹਲਾ ਸਾਹਿਬ' ਦੇ ਅਸਥਾਨ ਤੇ ਲਗਭਗ ਡੇਢ ਮਹੀਨਾ ਟਿਕਾਣਾ ਕੀਤਾ।

ਟਾਹਲਾ ਸਾਹਿਬ ਤੋਂ ਤਲਵੰਡੀ ਸਾਬੋ ਆ ਗਏ। ਇਸ ਸਾਰੇ ਇਲਾਕੇ ਵਿਚ ਗੁਰੂ ਜੀ ਦੇ ਪਹਿਲੇ ਦੌਰੇ ਸਮੇਂ ਭਾਰੀ ਗਿਣਤੀ ਵਿਚ ਲੋਕ ਸਿੱਖ ਬਣੇ ਸਨ। ਉਨ੍ਹਾਂ ਨੇ ਪ੍ਰਚਾਰ ਵਹੀਰ ਦਾ ਨਿੱਘਾ ਸਵਾਗਤ ਕੀਤਾ। 'ਗੁਰੂ-ਸਰ' ਸਰੋਵਰ ਦੀ ਸੇਵਾ ਕੀਤੀ ਗਈ। ਇਥੋਂ ਚੱਲ ਕੇ ਪਹਿਲਾਂ ਬਠਿੰਡਾ ਤੇ ਫਿਰ 'ਸੂਲੀਸਰ' ਵਾਲੇ ਅਸਥਾਨ ਤੇ ਗਏ। ਇਥੇ ਕੁਝ ਚੋਰਾਂ

ਨੇ ਪ੍ਰਚਾਰ-ਵਹੀਰ ਦੇ ਕੁਝ ਘੋੜੇ ਚੋਰੀ ਕਰ ਲਏ ਸਨ। ਜਦੋਂ ਇਨ੍ਹਾਂ ਚੋਰਾਂ ਨੂੰ ਗੁਰੂ ਸਾਹਿਬ ਦੀ ਰੱਬੀ-ਸ਼ਖ਼ਸੀਅਤ, ਮਹਾਨ-ਪਰਉਪਕਾਰੀ, ਲੋਕਾਂ ਦੀ ਸੇਵਾ ਕਰਨ ਵਾਲੇ ਅਤੇ ਸਰਬੱਤ ਦਾ ਭਲਾ ਮੰਗਣ ਵਾਲੇ ਹੋਣ ਦਾ ਪਤਾ ਚੱਲਿਆ ਤਾਂ ਉਨ੍ਹਾਂ ਨੂੰ ਬਹੁਤ ਨਮੋਸ਼ੀ ਹੋਈ। ਉਹ ਆਪਣੇ ਆਪ ਨੂੰ ਮਹਾਂ-ਪਾਪੀ ਸਮਝਣ ਲੱਗੇ। ਨਮੋਸ਼ੀ ਕਾਰਨ ਉਨ੍ਹਾਂ ਦਰੱਖਤ ਦੀ ਸੂਲੀ ਬਣਾ ਕੇ ਆਤਮ ਹੱਤਿਆ ਕਰ ਲਈ।

ਅਗਲਾ ਟਿਕਾਣਾ **ਬਝੇ** ਪਿੰਡ ਕੀਤਾ। ਪਿੰਡ ਵਾਸੀਆਂ ਨੇ ਸੇਵਾ ਦੀ ਹੱਦ ਹੀ ਕਰ ਦਿੱਤੀ। ਉਨ੍ਹਾਂ ਗੁਰੂ-ਦਰਬਾਰ ਦੇ ਘੋੜਿਆਂ ਅਤੇ ਦੁਧਾਰੂ ਪਸ਼ੂਆਂ ਲਈ ਚਾਰੇ ਦੇ ਖੇਤ ਰਾਖਵੇਂ ਰੱਖ ਦਿੱਤੇ। ਇਸ ਤੋਂ ਬਿਨਾਂ ਅੰਨ, ਜਲ, ਦੁੱਧ, ਦਹੀਂ ਨਾਲ ਵਹੀਰ ਦੀ ਸੇਵਾ ਕੀਤੀ। ਚੌਮਾਸੇ ਦੀ ਵਰਖਾ ਦਾ ਬਹੁਤਾ ਹਿੱਸਾ ਇਸੇ ਪਿੰਡ ਵਿਚ ਹੀ ਕੱਟਿਆ। ਫਿਰ ਸਤਿਗੁਰਾਂ ਨੇ ਬਛੋਆਣਾ, ਗੋਬਿੰਦਪੁਰਾ, ਗਾਗਾ, ਗੁਰਨਾ, ਮਕਰੋੜ ਆਦਿਕ ਪਿੰਡਾਂ ਨੂੰ ਭਾਗ ਲਾਏ ਅਤੇ ਆਪਣੇ ਪਹਿਲਾਂ ਸਥਾਪਤ ਕੀਤੇ ਮੁੱਖ ਪ੍ਰਚਾਰ-ਕੇਂਦਰ **ਧਮਤਾਣ** ਸਾਹਿਬ ਵਿਖੇ ਆ ਗਏ।

**ਧਮਤਾਣ** ਸਾਹਿਬ ਤੋਂ ਉਨ੍ਹਾਂ ਇਲਾਕਿਆਂ ਵਿਚ ਆਏ, ਜਿਨ੍ਹਾਂ ਨੂੰ ਬਾਂਗਰ ਦੇਸ਼ ਕਿਹਾ ਜਾਂਦਾ ਹੈ। ਧਮਤਾਣ ਹਰਿਆਣੇ ਦੇ ਜ਼ਿਲ੍ਹਾ ਜੀਂਦ ਵਿਚ ਪੈਂਦਾ ਹੈ। ਉਥੋਂ ਚੱਲ ਕੇ ਕੈਥਲ ਆਏ। ਫਿਰ ਸਿਰਸਾ ਅਤੇ ਹਿਸਾਰ ਜ਼ਿਲ੍ਹਿਆਂ ਦੇ ਪਿੰਡਾਂ ਵਿਚ ਗਏ। ਹਰ ਥਾਂ ਅਕਾਲ ਪੁਰਖ ਨਾਲ ਜੁੜ ਕੇ ਨਿਰਭਉ ਅਤੇ ਨਿਰਵੈਰ ਬਣਨ ਦੀ ਪ੍ਰੇਰਨਾ ਦਿੱਤੀ। ਮੁੱਖ ਸਰਕਾਰ ਦੇ ਵੱਖ-ਵੱਖ ਕੇਂਦਰਾਂ ਵਲੋਂ ਔਰੰਗਜ਼ੇਬ ਦੇ ਹੁਕਮਾਂ ਨੂੰ ਅਮਲ ਵਿਚ ਲਿਆਂਦੇ ਜਾਣ ਕਰ ਕੇ ਹਿੰਦੂਆਂ 'ਤੇ ਅੱਤਿਆਚਾਰਾਂ ਦਾ ਦੌਰ ਤੇਜ਼ ਹੋ ਗਿਆ। ਗੁਰੂ ਤੇਗ ਬਹਾਦਰ ਜੀ ਸਾਰੇ ਹਾਲਾਤ 'ਤੇ ਨਜ਼ਰ ਰੱਖ ਰਹੇ ਸਨ ਅਤੇ ਲੋਕਾਂ ਨੂੰ ਅੱਤਿਆਚਾਰਾਂ ਖਿਲਾਫ਼ ਲਾਮਬੰਦ ਕਰ ਰਹੇ ਸਨ।

ਗੁਰੂ ਜੀ ਇਸ ਪ੍ਰਚਾਰ ਫੇਰੀ ਤੋਂ ਸੰਨ 1674 ਦੇ **ਅੰਤ ਵਿਚ ਵਾਪਸ ਅਨੰਦਪੁਰ** (ਚੱਕ ਨਾਨਕੀ) ਆ ਗਏ।

# ਔਰੰਗਜ਼ੇਬ ਤੇ ਉਸ ਦੀ ਕੱਟੜ ਧਾਰਮਿਕ ਨੀਤੀ

ਅਬੂਜ਼ਫਰ ਮੁਹੱਈਉੱਦੀਨ ਮੁਹੰਮਦ ਔਰੰਗਜ਼ੇਬ ਦਾ ਜਨਮ ਮਹਾਂਰਾਸ਼ਟਰ ਦੇ ਦੋਹਦ ਨਗਰ ਵਿਚ 3 ਨਵੰਬਰ, ਸੰਨ 1618 ਨੂੰ ਬੇਗਮ ਅਰਜ਼ਮੰਦ ਬਾਨੋ ਦੀ ਕੁਖੋਂ ਹੋਇਆ। ਰਾਜ ਪ੍ਰਾਪਤ ਕਰਨ ਮਗਰੋਂ ਉਸਨੇ ਆਲਮਗੀਰ ਖਿਤਾਬ ਧਾਰਨ ਕੀਤਾ। ਉਸਨੇ 50 ਸਾਲ ਰਾਜ (1658-1707) ਕੀਤਾ ਅਤੇ ਮਜ਼ਹਬੀ ਤੰਗ-ਦਿਲੀ ਤੇ ਜ਼ੁਲਮ ਜਬਰ ਦੀ ਨੀਤੀ ਕਾਰਨ ਮੁਗ਼ਲੀਆ ਸਲਤਨਤ ਨੂੰ ਤਬਾਹ ਕਰਨ ਦਾ ਦੋਸ਼ੀ ਬਣਿਆ। ਸਰ ਜਾਦੂ ਨਾਥ ਸਰਕਾਰ ਨੇ ਉਸਦੀ ਸਪੇਨੀ ਫੋੜੇ ਨਾਲ ਤੁਲਨਾ ਕੀਤੀ ਹੈ ਜਿਸਨੇ ਨੈਪੋਲੀਅਨ ਨੂੰ ਨਸ਼ਟ ਕੀਤਾ ਸੀ। ਉਹ 21 ਫਰਵਰੀ, 1707 ਈਸਵੀ ਨੂੰ 90 ਸਾਲ ਦੀ ਉਮਰ ਵਿਚ ਅਹਿਮਦ ਨਗਰ (ਦੱਖਣ) ਵਿਚ ਮਰਿਆ ਅਤੇ ਦੌਲਤਾਬਾਦ ਵਿਖੇ ਰੋਜ਼ੇ ਵਿਚ ਦਫ਼ਨ ਕੀਤਾ ਗਿਆ ਸੀ।

ਔਰੰਗਜ਼ੇਬ ਨੇ ਆਪਣੇ ਪਿਤਾ ਸ਼ਾਹਜਹਾਨ ਨੂੰ ਆਗਰੇ ਦੇ ਕਿਲ੍ਹੇ ਵਿਚ 18 ਜੂਨ, 1658 ਨੂੰ ਕੈਦ ਕਰ ਲਿਆ ਜਿਸ ਨੂੰ ਕਾਫੀ ਤਸੀਹੇ ਦਿੱਤੇ ਗਏ ਅਤੇ ਉਹ ਫਰਵਰੀ, 1666 ਵਿਚ ਮਰ ਗਿਆ। ਔਰੰਗਜ਼ੇਬ ਉਸਦੇ ਜਨਾਜ਼ੇ ਵਿਚ ਸ਼ਾਮਿਲ ਨਾ ਹੋਇਆ। ਉਸਨੇ ਆਪਣੇ ਭਰਾ ਮੁਰਾਦ ਨੂੰ ਦਿੱਲੀ ਦਾ ਤਖ਼ਤ ਦੇਣ ਦਾ ਭਰੋਸਾ ਦੇ ਕੇ ਆਪਣੇ ਨਾਲ ਰਲਾ ਕੇ ਦੂਜੇ ਭਰਾ ਦਾਰਾ ਤੇ ਹਮਲਾ ਕਰ ਦਿੱਤਾ ਅਤੇ ਆਗਰੇ ਕੋਲ ਫ਼ਤਿਹਾਬਾਦ ਵਿਖੇ ਉਸਨੂੰ ਹਰਾ ਦਿੱਤਾ। ਜਿੱਤ ਦੀ ਖੁਸ਼ੀ ਮਨਾਉਣ ਸਮੇਂ ਮੁਰਾਦ ਨੂੰ ਜ਼ਿਆਦਾ ਸ਼ਰਾਬ ਪਿਲਾ ਕੇ ਬੇਹੋਸ਼ ਕਰ ਕੇ ਗਵਾਲੀਅਰ ਦੇ ਕਿਲ੍ਹੇ ਵਿਚ, 5 ਜੁਲਾਈ 1658 ਨੂੰ ਬੰਦ ਕਰ ਦਿੱਤਾ। ਉਸਨੂੰ ਤਿੰਨ ਸਾਲ ਬਾਅਦ 4 ਦਸੰਬਰ, 1661 ਈ: ਨੂੰ ਇਕ ਸੱਯਦ ਦੇ ਕਤਲ ਦਾ ਦੋਸ਼ ਲਾ ਕੇ ਕਤਲ ਕਰਵਾ ਦਿੱਤਾ ਗਿਆ। ਵੱਡੇ ਭਰਾ ਦਾਰਾ ਨੂੰ ਵੀ ਸਾਜ਼ਿਸ ਰਚ ਕੇ 30 ਅਗਸਤ 1659 ਨੂੰ ਮਰਵਾ ਦਿੱਤਾ। ਤੀਜਾ ਭਰਾ ਸ਼ਾਹ ਸੁਜਾਹ ਵੀ ਔਰੰਗਜ਼ੇਬ ਦੇ ਡਰੋਂ 1657 ਈ: ਵਿਚ ਆਸਾਮ ਨੂੰ ਛੱਡ ਕੇ ਭੱਜ ਗਿਆ ਸੀ ਅਤੇ ਕੁਝ ਸਮੇਂ ਬਾਅਦ ਮਰ ਗਿਆ। ਦਾਰੇ ਦੇ ਪੁੱਤਰ ਸੁਲੇਮਾਨ ਸ਼ਿਕੋਹ (ਭਤੀਜੇ) ਨੂੰ ਵੀ ਕਤਲ ਕਰਵਾ ਦਿੱਤਾ। ਆਪਣੇ ਵੱਡੇ ਪੁੱਤਰ ਸੁਲਤਾਨ ਮੁਹੰਮਦ ਨੂੰ ਜੇਲ੍ਹ ਵਿਚ ਹੀ ਜ਼ਹਿਰ ਦੇ ਕੇ ਮਾਰ ਦਿੱਤਾ। ਦੂਜੇ ਪੁੱਤਰ ਮੁਅੱਜ਼ਮ ਨੂੰ 1687 ਤੋਂ 1695 ਤੱਕ ਬੰਦੀ ਬਣਾਈ ਰੱਖਿਆ। ਤੀਜਾ ਪੁੱਤਰ ਅਕਬਰ ਬਗਾਵਤ ਕਰਕੇ ਇਰ਼ਾਨ ਵੱਲ ਨੂੰ ਭੱਜ ਗਿਆ। ਉਸਨੇ ਆਪਣੀ ਭੈਣ ਰੋਸ਼ਨ ਆਰਾ ਭੈਣ ਨੂੰ ਵੀ ਹਲਕਾ ਜ਼ਹਿਰ ਦੇ ਕੇ ਮਾਰ ਦਿੱਤਾ। ਸ਼ਾਹ ਜਹਾਨ ਦੇ ਰਾਜ-ਕਾਲ ਸਮੇਂ ਸੰਨ 1644 ਵਿਚ ਔਰੰਗਜ਼ੇਬ ਨੂੰ ਗੁਜਰਾਤ ਦਾ ਸੂਬੇਦਾਰ ਬਣਾਇਆ ਗਿਆ ਸੀ। ਉਦੋਂ ਉਸਨੇ ਹਿੰਦੂਆਂ ਦੇ ਮੰਦਰ ਢਾਹ ਦਿੱਤੇ ਸਨ। ਅਹਿਮਦਾਬਾਦ ਦੇ ਚਿੰਤਾਮਣੀ ਮੰਦਰ ਨੂੰ ਢਾਹ ਕੇ ਉਥੇ ਮਸਜਿਦ ਬਣਾ ਦਿੱਤੀ ਗਈ। ਤਖ਼ਤ ਤੇ ਬੈਠਦਿਆਂ ਹੀ 1658 ਈ: ਵਿਚ ਉਸਨੇ ਹਿੰਦੂ ਮੰਦਰਾਂ ਤੇ ਪਾਠਸ਼ਾਲਾਵਾਂ ਬਣਨ 'ਤੇ ਰੋਕ ਲਗਾ ਦਿੱਤੀ। 1659 ਈ: ਵਿਚ ਨਵਰੋਜ਼ ਮਨਾਉਣਾ, ਸੰਗੀਤ ਨਾਚ, ਝਰੋਖਾ ਦਰਸ਼ਨ, ਜੋਤਸ਼ੀਆਂ ਦੇ ਕੰਮ

ਆਦਿ ਬੰਦ ਕਰਵਾ ਦਿੱਤੇ। 10 ਮਾਰਚ, 1659 ਨੂੰ ਬਨਾਰਸ ਤੋਂ ਸ਼ਾਹੀ ਫੁਰਮਾਨ ਜਾਰੀ ਹੋਇਆ ਕਿ ਕਿਧਰੇ ਵੀ ਨਵੇਂ ਮੰਦਰ ਨਾ ਉਸਾਰਨ ਦਿੱਤੇ ਜਾਣ। ਇਨ੍ਹਾਂ ਹੁਕਮਾਂ ਦੇ ਅਧੀਨ ਹੀ ਬੰਗਾਲ ਦੇ ਸੂਬੇਦਾਰ ਮੀਰ ਜੁਮਲਾ ਨੇ ਕੂਚ ਬਿਹਾਰ ਦੀ ਰਾਜਧਾਨੀ 'ਤੇ ਹਮਲੇ ਸਮੇਂ (19 ਦਸੰਬਰ 1661) ਸਭ ਮੰਦਰ ਤੋੜ ਦਿੱਤੇ।

ਸੰਨ 1664 ਵਿਚ ਸ਼ਾਹੀ ਫੁਰਮਾਨ ਜਾਰੀ ਕਰਕੇ ਸਰਕਾਰੀ ਪ੍ਰਵਾਨਗੀ ਤੋਂ ਬਿਨਾਂ ਮੰਦਰਾਂ ਦੀ ਮੁਰੰਮਤ ਉਤੇ ਵੀ ਪਾਬੰਦੀ ਲਾ ਦਿੱਤੀ ਗਈ। 1669 ਵਿਚ ਬਨਾਰਸ ਦੇ ਵਿਸ਼ਵਨਾਥ ਅਤੇ ਗੋਪੀ ਨਾਥ ਮੰਦਰ ਢਾਹ ਕੇ ਉਨ੍ਹਾਂ ਦੀ ਥਾਂ ਮਸਜਿਦਾਂ ਬਣਵਾਈਆਂ। ਮਥੁਰਾ ਵਿਚ ਕੇਸ਼ਵ ਰਾਇ ਦਾ ਮੰਦਰ ਬੀਰ ਸਿੰਘ ਬੁੰਦੇਲੇ ਨੇ 33 ਲੱਖ ਖਰਚ ਕੇ ਬਣਵਾਇਆ ਸੀ, ਜਿਸ ਤੇ ਜੰਗਲਾ ਦਾਰਾ ਨੇ ਲਗਵਾਇਆ ਪਰ 1670 ਈ: ਵਿਚ ਇਹ ਮੰਦਰ ਢਾਹ ਕੇ ਥਾਂ ਪੱਧਰੀ ਕਰ ਦਿੱਤੀ ਗਈ। ਸਰਕਾਰੀ ਨੌਕਰੀਆਂ ਵਿਚ ਹਿੰਦੂਆਂ ਦੀ ਗਿਣਤੀ ਘਟਾ ਦਿੱਤੀ ਗਈ। ਹਿੰਦੂਆਂ ਲਈ ਵੱਖਰਾ ਨਿਆਂ ਸੀ। ਸੰਨ 1675 ਵਿਚ ਕੁਝ ਜਾਤਾਂ ਨੂੰ ਛੱਡ ਕੇ ਬਾਕੀ ਸਭ ਤੇ ਰੇਸ਼ਮੀ ਕੱਪੜਾ ਪਹਿਨਣ ਤੇ ਘੋੜੇ ਦੀ ਸਵਾਰੀ 'ਤੇ ਪਾਬੰਦੀ ਲਗਾਈ ਗਈ। ਕੁਝ ਥਾਵਾਂ 'ਤੇ ਬਗਾਵਤਾਂ ਵੀ ਹੋਈਆਂ ਪਰ ਉਨ੍ਹਾਂ ਨੂੰ ਕੁਚਲ ਦਿੱਤਾ ਗਿਆ।

2 ਅਪ੍ਰੈਲ, 1679 ਨੂੰ ਹਿੰਦੂਆਂ ਨੇ ਜਜ਼ੀਆ ਟੈਕਸ ਵਿਰੁੱਧ ਸ਼ਾਂਤਮਈ ਜਲੂਸ ਕੱਢਿਆ ਪਰ ਔਰੰਗਜ਼ੇਬ ਨੇ ਹਿੰਦੂਆਂ ਨੂੰ ਸ਼ਾਹੀ ਹਾਥੀਆਂ ਹੇਠ ਕੁਚਲਣ ਦੇ ਫੁਰਮਾਨ ਜਾਰੀ ਕਰ ਦਿੱਤੇ।

ਔਰੰਗਜ਼ੇਬ ਆਪ 'ਸੁੰਨੀ' ਮੁਸਲਮਾਨ ਸੀ। ਇਸ ਲਈ ਸ਼ੀਆ ਫਿਰਕੇ ਦੇ ਮੁਸਲਮਾਨ ਵੀ ਉਸ ਦੀ ਕਰੋਪੀ ਦੇ ਸ਼ਿਕਾਰ ਹੋਏ। ਸ਼ੀਆ ਮੁਸਲਮਾਨਾਂ ਦੇ ਸਿਰਕੱਢ ਆਗੂ ਮੁਹੰਮਦ ਨੂੰ ਵੀ ਔਰੰਗਜ਼ੇਬ ਨੇ ਕਤਲ ਕਰਵਾ ਦਿੱਤਾ। ਈਰਾਨ ਤੋਂ ਆਏ ਸੂਫ਼ੀ ਫਕੀਰ ਸਰਮਦ ਨੂੰ ਵੀ ਵੱਖਰੇ ਵਿਚਾਰਾਂ ਕਾਰਨ ਕਤਲ ਕਰਵਾ ਦਿੱਤਾ ਗਿਆ।

ਔਰੰਗਜ਼ੇਬ ਦੀ ਧਾਰਮਿਕ ਨੀਤੀ 'ਤੇ ਨਕਸ਼ਬੰਦੀ ਗੱਦੀਦਾਰਾਂ ਦਾ ਪ੍ਰਭਾਵ ਸੀ, ਜਿਸ ਕਾਰਨ ਉਹ ਨਿਰਦਈ ਤੇ ਜਨੂੰਨੀ ਬਣ ਗਿਆ। ਖ਼ਾਫ਼ੀ ਖ਼ਾਨ ਤੇ ਜਾਦੂ ਨਾਥ ਸਰਕਾਰ ਅਨੁਸਾਰ ਉਸਨੇ ਸਿੱਖ ਧਰਮ ਦੇ ਪ੍ਰਚਾਰਕ ਮਸੰਦਾਂ ਨੂੰ ਵੀ ਨਗਰਾਂ ਤੋਂ ਬਾਹਰ ਕੱਢਣ ਦੇ ਫੁਰਮਾਨ ਜਾਰੀ ਕੀਤੇ। ਉਹ ਜਬਰ ਤੇ ਧੱਕੇ ਨਾਲ ਮੁਸਲਮਾਨੀ ਰਾਜ ਤੇ ਮੱਤ ਦਾ ਬੋਲਬਾਲਾ ਕਰਨਾ ਚਾਹੁੰਦਾ ਸੀ। ਇਸ ਮਨੋਰਥ ਨੂੰ ਪੂਰਾ ਕਰਨ ਲਈ ਉਸਨੇ ਸਾਮ, ਦਾਮ, ਦੰਡ, ਭੇਦ ਸਾਰੀਆਂ ਨੀਤੀਆਂ ਦੀ ਵਰਤੋਂ ਕੀਤੀ। ਹਿੰਦੂਆਂ ਉੱਤੇ ਜਜ਼ੀਆ ਆਦਿ ਟੈਕਸ ਲਾਏ ਗਏ ਅਤੇ ਉਨ੍ਹਾਂ ਉਤੇ ਅੱਤਿਆਚਾਰ ਕਰਕੇ ਉਨ੍ਹਾਂ ਨੂੰ ਮੁਸਲਮਾਨ ਬਣਨ ਲਈ ਮਜਬੂਰ ਕਰ ਦਿੱਤਾ।

ਔਰੰਗਜ਼ੇਬ ਨੇ ਆਪਣੀ ਦਮਨਕਾਰੀ ਨੀਤੀ ਅਨੁਸਾਰ ਸਤੰਬਰ 1671 ਵਿਚ ਇਫ਼ਤਿਖ਼ਾਰ ਖ਼ਾਨ ਨੂੰ ਕਸ਼ਮੀਰ ਦਾ ਗਵਰਨਰ ਬਣਾ ਦਿੱਤਾ ਸੀ। ਇਸ ਦਾ ਖਿਤਾਬ 'ਸ਼ੇਰਿ-ਅਫ਼ਗਾਨ' ਸੀ। ਇਹ ਵੀ ਤੰਗ-ਦਿਲ, ਕੱਟੜ, ਜਨੂੰਨੀ ਅਤੇ ਅੱਤਿਆਚਾਰੀ ਸੁਭਾਅ ਵਾਲਾ ਸੀ। ਇਹ ਅਪ੍ਰੈਲ 1676 ਤੱਕ ਕਸ਼ਮੀਰ ਦਾ ਗਵਰਨਰ ਰਿਹਾ।

### *ਕਸ਼ਮੀਰ ਵਿਚ ਜ਼ੁਲਮ*

ਜ਼ਾਲਮ ਅਤੇ ਨਿਰਦਈ ਸੁਭਾਅ ਵਾਲੇ ਇਫ਼ਤਿਖ਼ਾਰ ਖ਼ਾਨ ਨੇ ਕੋਈ ਅਜਿਹਾ ਜ਼ੁਲਮ ਨਹੀਂ ਸੀ ਜੋ ਹਿੰਦੂਆਂ ਤੇ ਨਾ ਢਾਇਆ ਹੋਵੇ। ਕਸ਼ਮੀਰ ਦਾ ਸੂਬਾ ਵਿਦਵਾਨ ਬ੍ਰਾਹਮਣਾਂ ਦਾ ਗੜ੍ਹ ਸੀ। ਇਹ ਆਪਣੇ ਆਪ ਨੂੰ ਸਮੁੱਚੇ ਦੇਸ਼ ਦੇ ਹਿੰਦੂਆਂ ਦੇ ਆਗੂ ਸਮਝਦੇ ਅਤੇ ਪ੍ਰਚਾਰਦੇ ਸਨ। ਇਸੇ ਲਈ ਇਫ਼ਤਿਖ਼ਾਰ ਖ਼ਾਨ ਇਹ ਸਮਝਦਾ ਸੀ ਕਿ ਜੇ ਕਸ਼ਮੀਰ ਦੇ ਬ੍ਰਾਹਮਣਾਂ ਨੂੰ ਮੁਸਮਲਾਨ ਬਣਾ ਲਿਆ ਜਾਵੇ ਤਾਂ ਉਨ੍ਹਾਂ ਦੀ ਦੇਖਾ-ਦੇਖੀ ਬਾਕੀ ਦੇਸ਼ ਦੇ ਹਿੰਦੂ ਵੀ ਮੁਸਲਮਾਨ ਬਣ ਜਾਣਗੇ। ਹਿੰਦੂਆਂ ਨੂੰ ਆਰਥਿਕ ਤੌਰ ਤੇ ਪ੍ਰੇਸ਼ਾਨ ਕਰਕੇ ਦਬਾਉਣ ਲਈ ਉਨ੍ਹਾਂ 'ਤੇ ਜਜ਼ੀਆ ਟੈਕਸ, ਵਾਧੂ ਵਿਕਰੀ ਟੈਕਸ, ਤੀਰਥ-ਯਾਤਰਾ ਟੈਕਸ, ਧਾਰਮਿਕ ਮੇਲਾ ਟੈਕਸ ਆਦਿ ਟੈਕਸ ਲਾਏ ਗਏ। ਹਿੰਦੂਆਂ ਨੂੰ ਸਰਕਾਰੀ ਨੌਕਰੀਆਂ ਤੋਂ ਹਟਾਇਆ ਗਿਆ ਤੇ ਅਜਿਹਾ ਪ੍ਰਬੰਧ ਕੀਤਾ ਗਿਆ ਕਿ ਉਨ੍ਹਾਂ ਨੂੰ ਅੱਗੋਂ ਤੋਂ ਸਰਕਾਰੀ ਨੌਕਰੀ ਵਿਚ ਲਿਆ ਹੀ ਨਾ ਜਾਵੇ। ਸਰਕਾਰੀ ਆਦੇਸ਼ ਕਾਰਨ ਨਵੇਂ ਮੰਦਰ, ਸ਼ਿਵਾਲੇ ਤੇ ਹਿੰਦੂ ਵਿਦਿਆਲੇ ਤਾਂ ਖੁਲ੍ਹ ਹੀ ਨਹੀਂ ਸਨ ਸਕਦੇ ਅਤੇ ਉਨ੍ਹਾਂ ਦੀ ਮੁਰੰਮਤ ਤੇ ਵੀ ਰੋਕ ਸੀ। ਇਸ ਕਾਰਨ ਮੰਦਰ ਅਤੇ ਵਿਦਿਆਲੇ ਬੰਦ ਹੋਣੇ ਸ਼ੁਰੂ ਹੋ ਗਏ।

ਹਿੰਦੂਆਂ ਨੂੰ ਧਾਰਮਿਕ ਤੌਰ ਤੇ ਬੇਪੱਤ ਕਰਨ ਲਈ ਉਨ੍ਹਾਂ ਦੇ ਜਨੇਊ ਤੋੜੇ ਜਾਂਦੇ ਸਨ, ਟਿੱਕੇ ਸਾਫ਼ ਕਰ ਦਿੱਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਗਾਂ ਦਾ ਮਾਸ ਜਬਰੀ ਖੁਆਇਆ ਜਾਂਦਾ ਸੀ। ਉਨ੍ਹਾਂ ਦੀਆਂ ਧੀਆਂ, ਭੈਣਾਂ ਤੇ ਪਤਨੀਆਂ ਦੀ ਇੱਜ਼ਤ-ਆਬਰੂ ਲੁੱਟੀ ਜਾਂਦੀ ਸੀ। ਇਸ ਤਰ੍ਹਾਂ ਬੇਦੀਨ (ਅਧਰਮੀ) ਹੋਣ ਕਰਕੇ ਉਹ ਹਿੰਦੂ ਸਮਾਜ ਵਿਚ ਵਾਪਸ ਵੀ ਨਹੀਂ ਸਨ ਆ ਸਕਦੀਆਂ।

ਇਫ਼ਤਿਖ਼ਾਰ ਖ਼ਾਨ ਦੇ ਜ਼ੁਲਮਾਂ ਕਾਰਨ ਹਿੰਦੂਆਂ ਨੇ ਬਹੁ-ਗਿਣਤੀ ਵਿਚ ਧਰਮ-ਪਰਿਵਰਤਨ ਕਰ ਲਿਆ। ਕੇਵਲ ਥੋੜ੍ਹੇ ਜਿਹੇ ਹਿੰਦੂ ਪਰਿਵਾਰ ਹੀ ਆਪਣੇ ਧਰਮ ਵਿਚ ਪੱਕੇ ਰਹਿ ਸਕੇ।

### *ਕਸ਼ਮੀਰੀ ਪੰਡਿਤ ਗੁਰੂ-ਦਰਬਾਰ ਵਿਚ*

ਅਜਿਹੀ ਅਤੀ ਚਿੰਤਾਜਨਕ ਦਸ਼ਾ ਵਿਚ ਸੂਝਵਾਨ ਬ੍ਰਾਹਮਣਾਂ ਨੇ ਧਰਮ ਦੀ ਰਖਿਆ ਲਈ ਸੋਚਣਾ ਸ਼ੁਰੂ ਕੀਤਾ। ਦੇਵੀ-ਦੇਵਤਿਆਂ ਅੱਗੇ ਕੀਤੀਆਂ ਬੇਨਤੀਆਂ ਤਾਂ ਨਿਸਫ਼ਲ ਰਹੀਆਂ। ਬ੍ਰਾਹਮਣਾਂ ਨੇ ਪੂਰੇ ਹਿੰਦੁਸਤਾਨ ਤੇ ਨਜ਼ਰ ਮਾਰੀ ਕਿ ਉਨ੍ਹਾਂ ਦੇ ਧਰਮ ਦੀ ਰੱਖਿਆ ਕੌਣ ਕਰ ਸਕਦਾ ਹੈ? ਉਨ੍ਹਾਂ ਨੂੰ ਗੁਰੂ ਨਾਨਕ ਦੁਆਰਾ ਚਲਾਈ ਸਿੱਖੀ ਦੀ ਲਹਿਰ ਦੇ ਆਗੂ ਗੁਰੂ ਤੇਗ ਬਹਾਦਰ ਜੀ ਹੀ ਆਸ ਦੀ ਕਿਰਨ ਵਿਖਾਈ ਦਿੱਤੇ। ਉਨ੍ਹਾਂ ਦੁਆਰਾ ਲਾਈਆਂ ਦੋ ਵੱਡੀਆਂ ਪ੍ਰਚਾਰ-ਯਾਤਰਾਵਾਂ ਅਤੇ ਪੰਜਾਬ ਤੇ ਹਰਿਆਣੇ ਦੇ ਇਲਾਕਿਆਂ ਵਿਚ ਲਾਈਆਂ ਪ੍ਰਚਾਰ-ਫੇਰੀਆਂ ਦੀ ਕਸ਼ਮੀਰੀ ਬ੍ਰਾਹਮਣਾਂ ਨੂੰ ਖ਼ਬਰ ਸੀ ਕਿ ਕਿਸ ਤਰ੍ਹਾਂ ਸਤਿਗੁਰੂ ਜੀ ਨੇ ਨਾ ਕਿਸੇ ਤੋਂ ਡਰਨ ਤੇ ਨਾ ਕਿਸੇ ਨੂੰ ਅਕਾਰਣ ਹੀ ਡਰਾਉਣ ਦਾ ਥਾਂ-ਥਾਂ ਸੰਦੇਸ਼ ਦਿੱਤਾ ਸੀ ਅਤੇ ਜਨਤਾ ਵਿਚ ਫੈਲ ਰਹੀ ਨਿਰਾਸਤਾ ਨੂੰ ਚੜ੍ਹਦੀ ਕਲਾ ਵਿਚ ਬਦਲਣ ਦੇ ਯਤਨ ਕੀਤੇ ਸਨ। ਕੁਝ ਬ੍ਰਾਹਮਣ ਪਰਿਵਾਰ ਸਿੱਖੀ ਨਾਲ ਜੁੜੇ ਹੋਏ

ਵੀ ਸਨ ਅਤੇ ਸਿੱਖੀ ਪ੍ਰਚਾਰ ਵਿਚ ਹਿੱਸਾ ਪਾ ਰਹੇ ਸਨ। ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾ: ਬ੍ਰਹਮਦਾਸ, ਗੁਰੂ ਅਮਰਦਾਸ ਜੀ ਦੇ ਸਮੇਂ ਭਾ: ਫੇਰਾ, ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਤਿਲੋਕਾ, ਭਾਈ ਭਾਨਾ ਮੱਲ, ਭਾਈ ਰੇਖਾ ਰਾਉ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਭਾਈ ਸੇਵਾ ਦਾਸ, ਭਾਈ ਮਾਧੋ, ਭਾਈ ਕੱਟੂ ਸ਼ਾਹ ਪ੍ਰਚਾਰ ਦੀ ਸੇਵਾ ਨਿਭਾ ਰਹੇ ਸਨ। ਚਾਰ ਧੂਣਿਆਂ ਦੇ ਮੁਖੀ ਭਾਈ ਅਲਮਸਤ, ਭਾਈ ਬਾਲੂ ਹਸਨਾ, ਭਾਈ ਗੋਇੰਦਾ ਤੇ ਭਾਈ ਫੂਲਸ਼ਾਹ ਸਭ ਕਸ਼ਮੀਰ ਪ੍ਰਾਂਤ ਦੇ ਹੀ ਸਨ। ਗੁਰੂ ਨਾਨਕ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਸ਼ਮੀਰ ਵਿਚ ਧਰਮ-ਪ੍ਰਚਾਰ ਲਈ ਯਾਤਰਾ ਵੀ ਕੀਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਤਾਂ 50-55 ਸਾਲ ਪਹਿਲਾਂ ਗਿਲਟੀ-ਤਾਪ ਦੇ ਸ਼ਿਕਾਰ ਲੋਕਾਂ ਦੀ ਵਸਤਰਾਂ, ਦਵਾਈਆਂ ਅਤੇ ਧਨ ਨਾਲ ਸਹਾਇਤਾ ਕੀਤੀ ਸੀ।

ਸੋ ਕਸ਼ਮੀਰੀ ਸਿੱਖ ਪ੍ਰਚਾਰਕਾਂ ਅਤੇ ਗੁਰੂ ਸਾਹਿਬਾਨ ਦੇ ਪ੍ਰਚਾਰ-ਦੌਰਿਆਂ ਰਾਹੀਂ ਸਿੱਖ ਮੱਤ ਦਾ ਸੁਨੇਹਾ ਕਸ਼ਮੀਰ ਵਿਚ ਸਿੱਖੀ ਦੇ ਆਰੰਭ ਤੋਂ ਹੀ ਪੁੱਜ ਰਿਹਾ ਸੀ। ਕਸ਼ਮੀਰੀ ਜਨਤਾ ਗੁਰਬਾਣੀ ਵਿਚਲੇ ਭਗਤ ਕਬੀਰ ਜੀ ਦੇ ਇਸ ਪਾਵਨ ਬਚਨ ਤੋਂ ਭਲੀ ਪ੍ਰਕਾਰ ਜਾਣੂ ਸੀ :

**ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ॥** *(ਰਾਗੁ ਮਾਰੂ—੧੧੦੫)*

ਗੁਰੂ ਨਾਨਕ ਦੇਵ ਜੀ ਨੇ ਆਪਣੇ ਪ੍ਰਚਾਰ ਦੌਰੇ ਸਮੇਂ ਕਸ਼ਮੀਰ ਦੇ ਪੰਡਤ ਬ੍ਰਹਮ ਦਾਸ ਨੂੰ ਵਿਦਵਤਾ ਦਾ ਘੁਮੰਡ ਤਿਆਗ ਕੇ ਸੱਚ ਧਰਮ ਅਪਣਾਉਣ ਲਈ ਪ੍ਰੇਰਨਾ ਕੀਤੀ ਸੀ। ਉਸ ਦੇ ਵੰਸ਼ ਵਿਚ ਪੰਡਤ ਕਿਰਪਾ ਰਾਮ (ਦੱਤ) ਪੈਦਾ ਹੋਇਆ। ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਉਹ ਮਟਨ ਨਗਰ ਦਾ ਪ੍ਰਸਿੱਧ ਵਿਦਵਾਨ ਨੇਤਾ ਸੀ। ਉਹ ਗੁਰੂ ਤੇਗ਼ ਬਹਾਦਰ ਜੀ ਕੋਲ ਆਉਂਦਾ ਰਹਿੰਦਾ ਸੀ। ਭਾਈ ਚੌਪਾ ਸਿੰਘ ਅਨੁਸਾਰ ਉਹ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਦਾ ਅਧਿਆਪਕ ਵੀ ਰਿਹਾ ਸੀ। ਇਹ ਕਿਰਪਾ ਰਾਮ ਦਸਮੇਸ਼ ਜੀ ਤੋਂ ਅੰਮ੍ਰਿਤ ਛਕ ਕੇ ਕਿਰਪਾ ਸਿੰਘ ਬਣਿਆ। ਇਸ ਨੇ ਚਮਕੌਰ ਦੀ ਜੰਗ, ਜੋ ਦਸੰਬਰ 1704 ਵਿਚ ਹੋਈ, ਵਿਚ ਸ਼ਹੀਦੀ ਪ੍ਰਾਪਤ ਕੀਤੀ ਸੀ।

ਪੰਡਿਤ ਕਿਰਪਾ ਰਾਮ ਨੇ ਹਿੰਦੂਆਂ ਨੂੰ ਸਰਕਾਰੀ ਕਹਿਰ ਤੋਂ ਬਚਾਉਣ ਲਈ ਗੁਰੂ-ਘਰ ਦੀ ਸ਼ਰਨ ਲੈਣ ਦਾ ਮਨ ਬਣਾਇਆ। ਉਸਨੇ ਹਰਿਦੁਆਰ, ਕੁਰੂਕਸ਼ੇਤਰ, ਮਥੁਰਾ ਆਦਿ ਦੇ 16 ਮੁਖੀ ਪੰਡਤਾਂ ਨੂੰ ਨਾਲ ਲਿਆ ਅਤੇ 25 ਮਈ, ਸੰਨ 1675 ਨੂੰ ਚੱਕ ਨਾਨਕੀ (ਅਨੰਦਪੁਰ) ਵਿਖੇ ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਆ ਹਾਜ਼ਰ ਹੋਇਆ। ਉਹ ਅਸਥਾਨ ਜਿਥੇ ਇਹ ਪੰਡਤਾਂ ਦਾ ਟੋਲਾ ਪੁੱਜਾ ਸੀ ਅੱਜ ਵੀ ਅਨੰਦਪੁਰ ਸਾਹਿਬ ਦੇ 'ਗੁਰਦੁਆਰਾ ਭੋਰਾ ਸਾਹਿਬ' ਦੀ ਬਾਹਰਲੀ ਚਾਰ-ਦੀਵਾਰੀ ਦੇ ਅੰਦਰਲੇ ਮੈਦਾਨ ਵਿਚ ਮੌਜੂਦ ਹੈ।

ਪੰਡਿਤਾਂ ਨੇ ਡਾਢੇ ਦੁਖੀ ਹਿਰਦੇ ਨਾਲ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਅਤੇ ਕਸ਼ਮੀਰ ਦੇ ਗਵਰਨਰ ਇਫ਼ਤਿਖ਼ਾਰ ਖ਼ਾਨ ਦੇ ਅੱਤਿਆਚਾਰਾਂ ਨੂੰ ਬਿਆਨ ਕੀਤਾ। ਉਨ੍ਹਾਂ

ਨੇ ਦੱਸਿਆ ਕਿ ਕਿਸੇ ਵੀ ਦੇਵੀ-ਦੇਵਤੇ ਨੇ ਉਨ੍ਹਾਂ ਦੀ ਪੁਕਾਰ ਨਹੀਂ ਸੁਣੀ। ਧਰਮ ਦੇ ਰਾਖੇ ਖੱਤਰੀ ਆਪਣਾ ਖੱਤਰੀ-ਧਰਮ ਭੁੱਲ ਚੁੱਕੇ ਹਨ, ਰਾਜਪੂਤਾਂ ਅਤੇ ਮਰਹੱਟਿਆਂ ਪਾਸੋਂ ਵੀ ਧਰਮ ਦੀ ਰਾਖੀ ਦੀ ਆਸ ਨਹੀਂ। ਇਕ ਗੁਰੂ ਘਰ ਦੀ ਹੀ ਆਸ ਹੈ। ਤੁਸੀਂ ਸਾਡੀ ਬਾਂਹ ਫੜੋ ਤੇ ਸਰਕਾਰੀ ਅੱਤਿਆਚਾਰਾਂ ਤੋਂ ਰੱਖਿਆ ਕਰੋ; ਅਸੀਂ ਆਪਣੇ ਅਕੀਦੇ ਮੁਤਾਬਿਕ ਆਪਣਾ ਜੀਵਨ ਬਸਰ ਕਰਨਾ ਚਾਹੁੰਦੇ ਹਾਂ। ਕਿਰਪਾ ਕਰਕੇ ਕੋਈ ਐਸਾ ਢੰਗ-ਤਰੀਕਾ ਲੱਭੋ ਕਿ ਸਾਨੂੰ ਧਰਮ ਨਾ ਤਿਆਗਣਾ ਪਵੇ।

### *ਧਰਮ-ਰੱਖਿਆ ਦਾ ਬਚਨ*

ਪੰਡਤਾਂ ਦੀ ਦਰਦ-ਭਰੀ ਵਿਥਿਆ ਸੁਣ ਕੇ ਸਾਰੀ ਸੰਗਤ ਦੇ ਹਿਰਦੇ ਦ੍ਰਵੇ ਗਏ ਅਤੇ ਮੌਜੂਦ ਸਾਰੇ ਮਾਈ ਭਾਈ ਡਾਢੇ ਵਿਆਕੁਲ ਤੇ ਚਿੰਤਾਤੁਰ ਹੋਏ। ਬਾਲ ਗੋਬਿੰਦ ਰਾਇ, ਜੋ 9 ਸਾਲਾਂ ਦੇ ਹੀ ਸਨ, ਇਸ ਸਮੇਂ ਗੁਰੂ-ਦਰਬਾਰ ਵਿਚ ਆਏ। ਜਦ ਦਰਦਨਾਕ ਗਾਥਾ ਦਾ ਪਤਾ ਲੱਗਾ ਤਾਂ ਗੰਭੀਰਤਾ ਨਾਲ ਗੁਰੂ ਪਿਤਾ ਨੂੰ ਆਖਿਆ ਕਿ ਹੁਣ ਕੀ ਕੀਤਾ ਜਾਵੇ। ਜਵਾਬ ਮਿਲਿਆ ਕਿ ਕਿਸੇ ਪਵਿੱਤਰ ਆਤਮਾ ਦੀ ਕੁਰਬਾਨੀ ਦੀ ਲੋੜ ਹੈ ਜਿਸ ਨਾਲ ਜ਼ਾਲਮਾਂ ਦਾ ਮਨ ਬਦਲੇਗਾ ਅਤੇ ਜਨਤਾ ਵਿਚ ਰੋਸ ਦੀ ਲਹਿਰ ਜਾਗੇਗੀ। ਗੋਬਿੰਦ ਰਾਇ ਜੀ ਨੇ ਕਿਹਾ ਕਿ ਆਪ ਤੋਂ ਬਿਨਾਂ ਪੂਰਨ ਤੇ ਪਵਿੱਤਰ ਮਨੁੱਖ ਹੋਰ ਕੌਣ ਹੋ ਸਕਦਾ ਹੈ?

ਸਾਹਿਬਜ਼ਾਦੇ ਦਾ ਉੱਤਰ ਸੁਣ ਕੇ ਗੁਰੂ-ਪਰਿਵਾਰ ਦੇ ਅਨੇਕਾਂ ਹਿਤੂ, ਸ਼ਰਧਾਵਾਨ ਸਿੱਖ ਅਤੇ ਵੱਡੀ ਉਮਰ ਵਾਲੇ ਸਿੱਖ ਪ੍ਰਚਾਰਕ ਹੈਰਾਨ ਰਹਿ ਗਏ। ਕੁਝ ਕੁ ਗੁਰਸਿੱਖਾਂ ਨੇ ਤਾਂ ਸਾਹਿਬਜ਼ਾਦਾ ਜੀ ਨੂੰ ਇਹ ਪੁੱਛਿਆ ਕਿ ਕੀ ਉਹ ਆਪਣੀ ਕਹੀ ਗੱਲ ਦਾ ਅਰਥ ਸਮਝਦੇ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਕੁਰਬਾਨੀ ਦਾ ਅਰਥ ਹੈ ਕਿ ਛੋਟੀ ਜਿਹੀ ਉਮਰ ਵਿਚ ਹੀ ਤੁਹਾਡੇ ਸਿਰ 'ਤੇ ਪਿਤਾ ਦਾ ਹੱਥ ਨਹੀਂ ਰਹੇਗਾ। ਬਚਪਨ ਵਿਚ ਹੀ ਤੁਹਾਡੇ ਤੇ ਭਾਰੀ ਜ਼ਿੰਮੇਵਾਰੀ ਆ ਪਵੇਗੀ। ਤੁਹਾਡੀ ਤਾਂ ਉਮਰ ਹੀ ਬਹੁਤ ਥੋੜ੍ਹੀ ਹੈ। ਸਾਹਿਬਜ਼ਾਦਾ ਗੋਬਿੰਦ ਰਾਇ ਨੇ ਜੋ ਜੁਆਬ ਦਿੱਤਾ, ਉਸ ਨੂੰ ਇਕ ਕਵੀ ਨੇ ਇੰਝ ਕਲਮਬੰਦ ਕੀਤਾ ਹੈ :

ਜਬ ਹੁਤੇ ਉਦਰ ਮੇ ਮਾਤ ਕੇ, ਕਰੇ ਰਖਵਾਰੀ ਜੋਇ।
ਅਬ ਤੋ ਭਏ ਕਈ ਸਾਲ ਕੇ, ਕਿਉਂ ਨ ਸਹਾਈ ਹੋਇ।

ਸਾਹਿਬਜ਼ਾਦੇ ਦੇ ਬਚਨ ਸੁਣ ਕੇ ਗੁਰੂ-ਪਿਤਾ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਸਾਹਿਬਜ਼ਾਦੇ ਨੂੰ ਸ਼ਾਬਾਸ਼ ਦਿੱਤੀ। ਪਿਤਾ-ਪੁੱਤਰ ਵਿਚ ਹੋਈ ਗੱਲਬਾਤ ਤੋਂ ਸਿੱਖ ਸੰਗਤਾਂ ਨੂੰ ਵੀ ਪਤਾ ਲੱਗ ਗਿਆ ਕਿ ਗੁਰਗੱਦੀ ਦਾ ਹੋਣ ਵਾਲਾ ਵਾਰਿਸ ਚੜ੍ਹਦੀ ਕਲਾ, ਧੀਰਜ, ਦ੍ਰਿੜ੍ਹਤਾ, ਹੌਸਲੇ ਤੇ ਕੁਰਬਾਨੀ ਦੇ ਜਜ਼ਬੇ ਦਾ ਮਾਲਕ ਹੈ।

ਅਡੋਲ ਤੇ ਦ੍ਰਿੜ੍ਹ ਇਰਾਦੇ ਵਾਲੇ ਗੁਰੂ ਤੇਗ਼ ਬਹਾਦਰ ਜੀ ਨੇ ਕਿਰਪਾ ਰਾਮ ਅਤੇ ਬਾਕੀ ਪੰਡਤਾਂ ਨੂੰ ਇਹ ਆਖ ਦਿੱਤਾ ਕਿ ਉਹ ਬਾਦਸ਼ਾਹ ਤੱਕ ਇਹ ਗੱਲ ਪਹੁੰਚਾ ਦੇਣ

ਕਿ ਜੇ ਉਹ ਗੁਰੂ ਤੇਗ਼ ਬਹਾਦਰ ਨੂੰ ਮੁਸਲਮਾਨ ਬਣਾ ਲਵੇ ਤਾਂ ਸਾਰੇ ਦੇਸ਼ ਦੇ ਹਿੰਦੂ ਅਤੇ ਕਸ਼ਮੀਰੀ ਪੰਡਤ ਆਪਣੇ ਆਪ ਹੀ ਇਸਲਾਮ ਵਿਚ ਦਾਖ਼ਲ ਹੋ ਜਾਣਗੇ।

ਗੁਰੂ ਸਾਹਿਬ ਦੇ ਪਾਵਨ ਮੁੱਖ ਤੋਂ ਇਹ ਗੱਲ ਸੁਣ ਕੇ ਕਸ਼ਮੀਰੀ ਪੰਡਤਾਂ ਨੂੰ ਸੁਖ ਦਾ ਸਾਹ ਆਇਆ। ਉਨ੍ਹਾਂ ਨੂੰ ਪਤਾ ਸੀ ਕਿ ਗੁਰੂ-ਘਰ ਸ਼ਰਨ ਆਏ ਦੀ ਲਾਜ ਪਾਲਦਾ ਆਇਆ ਹੈ, ਜਿਥੇ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ 'ਜਾਬਰ' ਕਹਿਣ ਦੀ ਦਲੇਰੀ ਕੀਤੀ ਸੀ, ਉੱਥੇ ਗੁਰੂ ਅਰਜਨ ਦੇਵ ਜੀ ਨੇ ਵੀ ਸੱਚ, ਧਰਮ ਤੇ ਨਿਆਂ ਦੀ ਖ਼ਾਤਰ ਖ਼ੌਫਨਾਕ ਤਸੀਹੇ ਝਲਦਿਆਂ ਸ਼ਹੀਦੀ ਦੇ ਦਿੱਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਵਿਚ ਸਿੱਖਾਂ ਨੇ ਮੁਗ਼ਲ ਸਰਕਾਰ ਵਲੋਂ ਥੋਪੇ ਗਏ ਜੰਗਾਂ ਵਿਚ ਪਰਲੇ ਦਰਜੇ ਦੀ ਵੀਰਤਾ ਵਿਖਾਈ ਸੀ ਅਤੇ ਸਭ ਯੁੱਧਾਂ ਵਿਚ ਜਿੱਤ ਹਾਸਿਲ ਕੀਤੀ ਸੀ।...ਇਸ ਲਈ ਹੁਣ ਪੰਡਤਾਂ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਗੁਰੂ ਤੇਗ਼ ਬਹਾਦਰ ਜੀ ਉਨ੍ਹਾਂ ਦੇ ਧਰਮ ਦੇ ਬਚਾਅ ਲਈ ਸ਼ਹੀਦੀ ਦੇ ਦੇਣਗੇ ਅਤੇ ਔਰੰਗਜ਼ੇਬ ਦੀ ਸਰਕਾਰ ਦੇ ਖ਼ਿਲਾਫ਼ ਇਕ ਜ਼ਬਰਦਸਤ ਅੰਦੋਲਨ ਭੜਕ ਉਠੇਗਾ ਅਤੇ ਉਨ੍ਹਾਂ ਦਾ ਧਰਮ ਖਤਮ ਹੋਣ ਤੋਂ ਬਚ ਜਾਏਗਾ।

ਕਸ਼ਮੀਰੀ ਪੰਡਤ ਇਸ ਤਰ੍ਹਾਂ ਦੇ ਵਿਚਾਰ ਮਨ ਵਿਚ ਲੈ ਕੇ ਅਨੰਦਪੁਰੋਂ ਚੱਲ ਪਏ। ਉਹਨਾਂ ਦਾ ਅਗਲਾ ਕੰਮ ਔਰੰਗਜ਼ੇਬ ਤੱਕ ਗੁਰੂ ਤੇਗ਼ ਬਹਾਦਰ ਜੀ ਦਾ ਸੰਦੇਸ਼ ਪਹੁੰਚਾਉਣਾ ਸੀ।

# ਸਾਹਿਬਜ਼ਾਦਾ ਗੋਬਿੰਦ ਰਾਇ ਨੂੰ ਗੁਰਿਆਈ

ਕਸ਼ਮੀਰੀ ਪੰਡਤਾਂ ਦੇ ਜਾਣ ਮਗਰੋਂ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਅਗਲੇ ਕਦਮ ਬਾਰੇ ਸੋਚਣਾ ਸ਼ੁਰੂ ਕੀਤਾ। ਇਹ ਗੱਲ ਤਾਂ ਪ੍ਰਤੱਖ ਸੀ ਕਿ ਸ਼ਹਾਦਤ ਤਾਂ ਹੋਣੀ ਹੀ ਹੋਣੀ ਹੈ। ਇਸ ਲਈ ਸਭ ਤੋਂ ਜ਼ਰੂਰੀ ਗੱਲ ਸੀ—ਸਿੱਖ-ਸੰਗਤਾਂ ਦੀ ਅਗਵਾਈ ਲਈ ਅਗਲੇ ਗੁਰੂ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪਣੀ। ਸਾਹਿਬਜ਼ਾਦਾ ਗੋਬਿੰਦ ਰਾਇ ਦੇ ਹੁਣ ਤੱਕ ਦੇ ਜੀਵਨ ਤੋਂ ਆਪ ਪੂਰੀ ਤਰ੍ਹਾਂ ਸੰਤੁਸ਼ਟ ਸਨ ਕਿ ਉਹ ਸਿੱਖ ਲਹਿਰ ਨੂੰ ਅੱਗੇ ਲਿਜਾਉਣ ਵਿਚ ਪੂਰੀ ਤਰ੍ਹਾਂ ਸਮਰੱਥ ਹਨ। ਸਾਹਿਬਜ਼ਾਦੇ ਵਲੋਂ ਆਪ ਨੂੰ ਧਰਮ ਦੀ ਰਾਖੀ ਲਈ ਕੁਰਬਾਨੀ ਦੇਣ ਦੀ ਬੇਨਤੀ ਨੇ ਤਾਂ ਆਪ ਦੇ ਇਸ ਵਿਸ਼ਵਾਸ ਨੂੰ ਹੋਰ ਪਰਪੱਕ ਕਰ ਦਿਤਾ ਕਿ ਉਨ੍ਹਾਂ ਤੋਂ ਬਾਅਦ ਗੁਰਿਆਈ ਦੀ ਜ਼ਿੰਮੇਵਾਰੀ ਕੇਵਲ ਸਾਹਿਬਜ਼ਾਦਾ ਗੋਬਿੰਦ ਰਾਇ ਹੀ ਨਿਭਾ ਸਕਣਗੇ।

ਗੁਰੂ ਤੇਗ਼ ਬਹਾਦਰ ਜੀ ਨੇ ਸਾਹਿਬਜ਼ਾਦੇ ਨੂੰ ਦੇਸ਼ ਵਿਚ ਵਾਪਰ ਰਹੇ ਸਭ ਹਾਲਾਤ ਤੋਂ ਜਾਣੂ ਕਰਵਾਇਆ; ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਦਸ਼ਾ ਬਾਰੇ ਵਿਸਥਾਰ ਵਿਚ ਦੱਸਿਆ। ਧਾਰਮਿਕ ਦਸ਼ਾ ਤਾਂ ਕਸ਼ਮੀਰੀ ਪੰਡਤਾਂ ਦੇ ਅਨੰਦਪੁਰ ਸਾਹਿਬ ਆਉਣ ਨਾਲ ਸਪੱਸ਼ਟ ਹੋ ਗਈ ਸੀ। ਗੁਰੂ ਜੀ ਨੇ ਹਕੂਮਤ ਦੇ ਜ਼ੁਲਮ-ਜਬਰ ਭਰੇ ਰਵੱਈਏ ਅਤੇ ਕੀਤੇ ਜਾ ਰਹੇ ਅਤਿਆਚਾਰਾਂ ਦੀ ਜਾਣਕਾਰੀ ਦਿੱਤੀ। ਆਪ ਨੇ ਹਕੂਮਤ ਦੇ ਧਾਰਮਿਕ ਸਲਾਹਕਾਰਾਂ, ਕਾਜ਼ੀਆ, ਮੁੱਲਾਂ-ਮੁਲਾਣਿਆਂ ਦੀ ਕਰੂਤਤਾ ਭਰੀ ਸੋਚਣੀ, ਨੀਵੇਂ ਕਿਰਦਾਰ ਅਤੇ ਨਿਰਦਈਪੁਣੇ ਨੂੰ ਖੁਲ੍ਹ ਕੇ ਦੱਸਿਆ। ਹਕੂਮਤ ਨਾਲ ਸਿੱਧੀ ਟੱਕਰ ਦੀ ਸੰਭਾਵਨਾ ਬਾਰੇ ਵੀ ਦੱਸਿਆ। ਆਪ ਨੇ ਸਮਝਾਇਆ ਕਿ ਐਸੇ ਭਿਆਨਕ ਹਾਲਾਤ ਦਾ ਟਾਕਰਾ ਅਕਾਲ ਪੁਰਖ ਦੀ ਭਗਤੀ ਅਤੇ ਉਸ ਦਾ ਓਟ-ਆਸਰਾ ਲੈ ਕੇ ਹੀ ਕੀਤਾ ਜਾ ਸਕਦਾ ਹੈ। ਇਸ ਸੰਬੰਧ ਵਿਚ ਗੁਰਬਾਣੀ ਅਤੇ ਪਹਿਲੇ ਸਭ ਸਤਿਗੁਰਾਂ ਦੇ ਜੀਵਨ-ਕਾਰਨਾਮਿਆਂ ਤੋਂ ਸੇਧ ਲੈਣ ਦਾ ਉਪਦੇਸ਼ ਦਿੱਤਾ।

ਆਪ ਜੀ ਨੇ ਸਾਰੀ ਸੰਗਤ ਨੂੰ ਵੀ ਹਮੇਸ਼ਾ ਚੜ੍ਹਦੀ-ਕਲਾ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਕਿ ਜੇ ਮਨ ਨੂੰ ਸ਼ਬਦ-ਗੁਰੂ ਦੀ ਅਗਵਾਈ ਵਿਚ ਰੱਖ ਕੇ ਇਸ ਨੂੰ ਪੂਰੀ ਤਰ੍ਹਾਂ ਕਾਬੂ ਵਿਚ ਰੱਖਿਆ ਜਾਵੇ ਤਾਂ ਕਿ ਇਸ ਨੂੰ ਵਿਕਾਰ ਪ੍ਰਭਾਵਿਤ ਨਾ ਕਰ ਸਕਣ। ਆਪ ਨੇ ਸਮਝਾਇਆ ਕਿ ਕਸ਼ਮੀਰੀ ਪੰਡਤਾਂ ਨੂੰ ਦਿੱਤੇ ਬਚਨ ਕਾਰਣ ਹੁਣ ਸਰਕਾਰ ਸਿੱਖਾਂ ਨੂੰ ਅੱਤਿਆਚਾਰਾਂ ਦਾ ਸ਼ਿਕਾਰ ਬਣਾਵੇਗੀ। ਸਿੱਖ-ਸੰਗਤਾਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਪ੍ਰਕਾਰ ਦੇ ਵੀ ਅੱਤਿਆਚਾਰ, ਜਬਰ-ਜ਼ੁਲਮ ਤੇ ਧੱਕੇਸ਼ਾਹੀ ਅੱਗੇ ਨਾ ਝੁਕਣ, ਸਗੋਂ ਅੱਤਿਆਚਾਰਾਂ ਦਾ ਡਟ ਕੇ ਮੁਕਾਬਲਾ ਕਰਨ ਅਤੇ ਅਣਖ, ਇੱਜ਼ਤ ਤੇ ਗ਼ੈਰਤ ਭਰਿਆ ਜੀਵਨ ਜਿਊਣ; ਬਾਕੀ ਸਮਾਜ ਨੂੰ ਵੀ ਅਜਿਹਾ ਕਰਨ ਦੀ ਪ੍ਰੇਰਨਾ ਦੇਣ। ਗਰੀਬਾਂ, ਨਿਤਾਣਿਆਂ, ਨਿਆਸਰਿਆਂ, ਮਜ਼ਲੂਮਾਂ ਦੀ ਬਾਂਹ ਫੜਨ ਤੇ ਅਜਿਹਾ ਕਰਦਿਆਂ ਆਪਣੀ ਜਾਨ ਦੀ ਵੀ ਪ੍ਰਵਾਹ ਨਾ ਕਰਨ। ਇਹੋ ਜਿਹੇ ਉਪਦੇਸ਼ ਆਪ ਲਗਭਗ ਡੇਢ ਮਹੀਨਾ ਦਿੰਦੇ ਰਹੇ। ਆਪ ਜੀ ਦੇ ਉਪਦੇਸ਼ਾਂ ਦਾ ਜ਼ਿਕਰ

ਕੇਸ਼ਵ (ਕੇਸ਼ੋ) ਭੱਟ ਨੇ ਆਪਣੀ ਰਚਨਾ ਵਿਚ ਇਝ ਕੀਤਾ ਹੈ :

ਚਿਤਿ ਚਰਣ ਕਵਲ ਕਾ ਆਸਰਾ, ਚਿਤ ਚਰਣ ਕੰਵਲ ਸੰਗ ਜੋੜੀਏ।
ਮਨ ਲੋਚੈ ਬੁਰਿਆਈਆਂ, ਗੁਰ ਸ਼ਬਦੀਂ ਇਹ ਮਨ ਹੋੜੀਏ।
ਬਾਂਹਿ ਜਿਨ੍ਹਾਂ ਦੀ ਪਕੜੀਏ, ਸਿਰ ਦੀਜੈ ਬਾਂਹਿ ਨ ਛੋੜੀਏ।
ਤੇਗ਼ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਏ।

ਭੱਟ ਵਹੀ ਤਲੌਂਢਾ, ਪਰਗਣਾ ਜੀਂਦ ਅਤੇ ਗੁਰੂ ਕੀਆਂ ਸਾਖੀਆਂ ਦੀ ਸਾਖੀ ਨੰਬਰ 28 ਅਨੁਸਾਰ* ਗੁਰੂ ਤੇਗ਼ ਬਹਾਦਰ ਜੀ ਨੇ 8 ਜੁਲਾਈ, 1675 (8 ਹਾੜ, ਸੰਮਤ 1732) ਨੂੰ ਗੁਰਿਆਈ ਦੀ ਜ਼ਿੰਮੇਵਾਰੀ (ਗੁਰੂ) ਗੋਬਿੰਦ ਰਾਇ ਨੂੰ ਸੌਂਪ ਦਿੱਤੀ।

ਗੁਰਿਆਈ ਸੌਂਪਣ ਮਗਰੋਂ ਗੁਰੂ ਤੇਗ਼ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਵੱਲ ਤੁਰ ਪਏ।

---

*ਗੁਰੂ ਕੀਆਂ ਸਾਖੀਆਂ/ਸੰਪਾ: ਪਿਆਰਾ ਸਿੰਘ ਪਦਮ/ਚੌਥਾ ਸੰਸਕਰਣ 1999/ਪੰਨਾ 79

# ਔਰੰਗਜ਼ੇਬ ਹਸਨ-ਅਬਦਾਲ ਵਿਚ

ਹਿੰਦੁਸਤਾਨ (ਅੱਜਕੱਲ੍ਹ ਪਾਕਿਸਤਾਨ) ਅਤੇ ਅਫ਼ਗਾਨਿਸਤਾਨ ਦੇ ਸਰਹੱਦੀ (ਫਰੰਟੀਅਰ) ਇਲਾਕੇ ਵਿਚ ਕਈ ਪਠਾਣ ਕਬੀਲੇ ਵੱਸਦੇ ਸਨ। ਅੱਜ ਤੋਂ ਨੌਂ-ਦਸ ਸਦੀਆਂ ਪਹਿਲਾਂ ਇਹ ਕਬੀਲੇ ਅਸੱਭਯ ਗਿਣੇ ਜਾਂਦੇ ਸਨ। ਇਹ ਲੁੱਟਾਂ-ਮਾਰਾਂ ਵਿਚ ਰੁਝੇ ਰਹਿੰਦੇ ਸਨ। ਇਸਲਾਮ ਨੂੰ ਆਪਣਾ ਧਰਮ ਕਬੂਲਣ ਮਗਰੋਂ ਵੀ ਉਨ੍ਹਾਂ ਦੇ ਸੁਭਾਅ ਵਿਚ ਬਹੁਤਾ ਫਰਕ ਨਾ ਪਿਆ। ਸਨ ਤਾਂ ਇਹ ਬਹੁਤ ਬਹਾਦਰ, ਪਰ ਆਪਸ ਵਿਚ ਲੜਦੇ-ਭਿੜਦੇ ਰਹਿੰਦੇ ਸਨ। ਇਸ ਲਈ ਇਨ੍ਹਾਂ ਦੀ ਕੋਈ ਸਾਂਝੀ ਤੇ ਤਕੜੀ ਤਾਕਤ ਨਾ ਬਣ ਸਕੀ। ਇਨ੍ਹਾਂ ਵਿਚ ਉੱਘੇ ਚਾਰ ਕਬੀਲੇ ਹਨ—ਅਫ਼ਰੀਦੀ, ਸ਼ਿਨਵਾਰੀ, ਯੂਸਫ਼ਜ਼ਈ ਅਤੇ ਖਟਕ।

ਇਨ੍ਹਾਂ ਕਬੀਲਿਆਂ ਦਾ ਇਲਾਕਾ ਪਹਾੜੀ ਸੀ, ਇਸ ਕਰਕੇ ਇਥੇ ਵਸੋਂ ਦੀ ਲੋੜ ਮੁਤਾਬਿਕ ਅੰਨ ਨਹੀਂ ਸੀ ਪੈਦਾ ਹੁੰਦਾ। ਸੋ, ਇਹ ਹਿੰਦੁਸਤਾਨ ਅਤੇ ਅਫ਼ਗਾਨਿਸਤਾਨ ਵਿਚਕਾਰ ਹੋ ਰਹੇ ਵਣਜ-ਵਾਪਾਰ ਦੀਆਂ ਵਸਤਾਂ ਉਤੇ ਮਨ-ਭਾਉਂਦਾ ਟੈਕਸ ਲਾਉਂਦੇ ਸਨ। ਮੁਗ਼ਲ ਹਕੂਮਤ ਨੇ ਇਨ੍ਹਾਂ ਦਾ ਇਹ ਹੱਕ ਅਮਲੀ ਤੌਰ ਤੇ ਮੰਨ ਲਿਆ ਸੀ। ਫਿਰ ਵੀ ਇਨ੍ਹਾਂ ਦਾ ਮੁਗ਼ਲ ਸਰਕਾਰ ਨਾਲ ਇੱਟ-ਖੜੱਕਾ ਲੱਗਾ ਹੀ ਰਹਿੰਦਾ ਸੀ।

ਅਕਬਰ ਦੇ ਰਾਜ ਕਾਲ ਸਮੇਂ ਯੂਸਫ਼ਜ਼ਈਆਂ ਨੇ ਬਗਾਵਤ ਕਰ ਦਿੱਤੀ ਸੀ, ਜਿਸ ਨੂੰ ਦਬਾਉਣ ਲਈ ਬੀਰਬਲ ਨੂੰ ਭੇਜਿਆ ਗਿਆ ਸੀ। ਜੰਗ ਵਿਚ ਬੀਰਬਲ ਤੇ ਉਸਦੇ ਅੱਠ ਹਜ਼ਾਰ ਸਿਪਾਹੀਆਂ ਵਿਚੋਂ ਬਹੁਤੇ ਮਾਰੇ ਗਏ ਸਨ।

ਔਰੰਗਜ਼ੇਬ ਦੇ ਸਮੇਂ ਸੰਨ 1667 ਵਿਚ ਯੂਸਫ਼ਜ਼ਈਆਂ ਨੇ ਫਿਰ ਬਗਾਵਤ ਕਰ ਦਿੱਤੀ। ਹੌਲੀ-ਹੌਲੀ ਕਈ ਹੋਰ ਛੋਟੇ ਵੱਡੇ ਕਬੀਲੇ ਵੀ ਉਨ੍ਹਾਂ ਨਾਲ ਮਿਲਦੇ ਗਏ, ਪਰ 1671 ਵਿਚ ਇਨ੍ਹਾਂ ਨੂੰ ਰਾਠੌਰ ਰਾਜਪੂਤਾਂ ਨੇ ਆ ਕੇ ਦਬਾ ਲਿਆ। ਅਗਲੇ ਸਾਲ ਪਹਿਲਾਂ ਅਫ਼ਰੀਦੀਆਂ ਤੇ ਫਿਰ ਖਟਕਾਂ ਨੇ ਬਗਾਵਤ ਕਰ ਦਿੱਤੀ। ਖਟਕ ਕੋਹਾਟ ਅਤੇ ਬੰਨੂ ਦੇ ਇਲਾਕੇ ਵਿਚ ਅਤੇ ਜ਼ਿਲ੍ਹਾ ਪਿਸ਼ੌਰ ਦੇ ਦੱਖਣੀ ਇਲਾਕੇ ਵਿਚ ਵੱਸਦੇ ਸਨ। ਸਾਰੇ ਹੀ ਪਠਾਣ ਇਕੱਠੇ ਹੋ ਗਏ। ਇਨ੍ਹਾਂ 'ਤੇ ਕਾਬੂ ਪਾਉਣਾ ਕਿਸੇ ਇਕ ਸੂਬੇ ਦੀ ਸਰਕਾਰ ਦੇ ਵੱਸ ਦੀ ਗੱਲ ਨਹੀਂ ਸੀ।

ਹਾਲਾਤ ਨੇ ਔਰੰਗਜ਼ੇਬ ਨੂੰ ਮਜਬੂਰ ਕਰ ਦਿੱਤਾ ਕਿ ਉਹ ਖੁਦ ਤਕੜੀ ਮੁਗ਼ਲ-ਸੈਨਾ ਲੈ ਕੇ ਇਧਰ ਆਵੇ। ਔਰੰਗਜ਼ੇਬ 7 ਅਪ੍ਰੈਲ, 1674 ਨੂੰ ਦਿੱਲੀ ਤੋਂ ਤੁਰਿਆ ਅਤੇ 26 ਜੂਨ, 1674 ਨੂੰ ਫਰੰਟੀਅਰ ਦੇ ਨਗਰ ਹਸਨ ਅਬਦਾਲ ਪੁੱਜ ਗਿਆ। ਹਾਲਾਤ ਨੂੰ ਕਾਬੂ ਕਰਨ ਵਿਚ ਕਈ ਮਹੀਨੇ ਲੱਗ ਗਏ। ਡੇਢ ਸਾਲ ਮਗਰੋਂ ਉਹ 23 ਦਸੰਬਰ 1675 ਨੂੰ ਵਾਪਿਸ ਮੁੜਿਆ। 21 ਜਨਵਰੀ, 1676 ਨੂੰ ਲਾਹੌਰ ਪੁੱਜਾ, ਜਿਥੇ ਉਸ ਨੇ ਲਗਭਗ ਇਕ ਮਹੀਨਾ ਆਰਾਮ ਕੀਤਾ ਅਤੇ ਉਥੋਂ 24 ਫ਼ਰਵਰੀ ਨੂੰ ਚੱਲ ਕੇ 27 ਮਾਰਚ, 1676 ਨੂੰ ਦਿੱਲੀ ਪੁੱਜ ਗਿਆ।*

---

* Dr. Ganda Singh/The Punjab Past & Present/April 1976/P. 208.

ਅਫ਼ਗਾਨਿਸਤਾਨ ਵੱਲ ਜਾਂਦਾ ਹੋਇਆ ਔਰੰਗਜ਼ੇਬ ਜਦੋਂ ਸਰਹੰਦ ਤੋਂ ਲੰਘਿਆ ਸੀ, ਉਦੋਂ ਗੁਰੂ ਤੇਗ਼ ਬਹਾਦਰ ਜੀ ਮਾਲਵੇ ਅਤੇ ਬਾਂਗਰ ਦੇ ਇਲਾਕਿਆਂ ਵਿਚ ਗੁਰਮਤਿ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾ ਰਹੇ ਸਨ। ਇਨ੍ਹਾਂ ਇਲਾਕਿਆਂ ਵਿਚ ਗੁਰੂ ਜੀ ਨੇ ਲਗਭਗ ਡੇਢ ਸਾਲ (ਸੰਨ 1673 ਦੇ ਅੱਧ ਤੋਂ ਸੰਨ 1674 ਦੇ ਅੰਤ ਤੱਕ) ਪਿੰਡ-ਪਿੰਡ ਫਿਰ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਸੀ। ਵੇਲੇ ਦੀ ਹਕੂਮਤ ਦੀ ਜਬਰ-ਜ਼ੁਲਮ ਦੀ ਨੀਤੀ ਦਾ ਮੁਕਾਬਲਾ ਕਰਨ ਲਈ ਆਪ ਆਮ ਜਨਤਾ ਨੂੰ ਤਿਆਰ ਕਰ ਰਹੇ ਸਨ। ਉਹ ਲੋਕਾਂ ਨੂੰ ਸਰਬ-ਸਮਰੱਥ ਵਾਹਿਗੁਰੂ ਦੀ ਸ਼ਰਨ ਵਿਚ ਆ ਕੇ 'ਨਾ ਡਰੋ ਤੇ ਨਾ ਡਰਾਓ' ਦੇ ਸਿਧਾਂਤ ਤੇ ਪਹਿਰਾ ਦੇਣ ਦੇ ਉਪਦੇਸ਼ ਕਰ ਰਹੇ ਸਨ। ਗੁਰੂ ਤੇਗ਼ ਬਹਾਦਰ ਜੀ ਦੀਆਂ ਪਹਿਲਾਂ ਹੋ ਚੁੱਕੀਆਂ ਦੋ ਗ੍ਰਿਫ਼ਤਾਰੀਆਂ ਦੇ ਦੌਰਾਨ ਹੋਈ ਵਿਚਾਰ ਚਰਚਾ ਤੋਂ ਉਹ ਗੁਰੂ ਜੀ ਦੀ ਹਿਮਾਲਾ ਵਰਗੀ ਅਡੋਲ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਵਿਚਾਰਾਂ ਤੋਂ ਜਾਣੂ ਹੋ ਚੁਕਾ ਸੀ।

ਜਦੋਂ ਔਰੰਗਜ਼ੇਬ ਨੂੰ ਇਹ ਖ਼ਬਰਾਂ ਪਹੁੰਚਾਈਆਂ ਗਈਆਂ ਕਿ ਗੁਰੂ ਜੀ ਦੇ ਉਪਦੇਸ਼ਾਂ ਨੂੰ ਸੁਣਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਆਉਂਦੇ ਹਨ ਅਤੇ ਉਨ੍ਹਾਂ ਦੇ ਇਕ ਨਗਰ ਤੋਂ ਦੂਜੇ ਨਗਰ ਜਾਣ ਸਮੇਂ ਸੈਂਕੜੇ ਸਿੱਖ ਉਨ੍ਹਾਂ ਦੇ ਨਾਲ ਹੁੰਦੇ ਹਨ, ਤਾਂ ਉਸਦੇ ਮਨ ਵਿਚ ਚਿੰਤਾ ਦੀ ਲਹਿਰ ਦੌੜ ਗਈ। ਉੱਤਰੀ ਭਾਰਤ ਵਿਚ ਕੇਵਲ ਸਿੱਖ-ਲਹਿਰ ਹੀ ਸੀ ਜੋ ਔਰੰਗਜ਼ੇਬ ਦੇ ਨਿਸ਼ਾਨੇ "ਪੂਰੇ ਦੇਸ਼ ਨੂੰ 'ਦਾਰੁਲ ਇਸਲਾਮ' (ਇਸਲਾਮ ਦਾ ਘਰ) ਬਣਾਉਣ" ਵਿਚ ਰੁਕਾਵਟ ਖੜ੍ਹੀ ਕਰ ਸਕਦੀ ਸੀ ਅਤੇ ਸਰਕਾਰ ਦੀ ਦਮਨਕਾਰੀ ਨੀਤੀ ਵਿਰੁੱਧ ਲੋਕਾਂ ਨੂੰ ਲਾਮਬੰਦ ਕਰ ਸਕਦੀ ਸੀ। ਇਸ ਲਈ ਔਰੰਗਜ਼ੇਬ ਨੇ ਸਰਹੰਦ, ਲਾਹੌਰ ਤੇ ਕਸ਼ਮੀਰ ਦੇ ਗਵਰਨਰਾਂ ਨੂੰ ਗੁਰੂ ਸਾਹਿਬ ਤੇ ਸਿੱਖਾਂ ਦੀਆਂ ਗਤੀਵਿਧੀਆਂ ਤੇ ਸਖ਼ਤ ਨਜ਼ਰ ਰੱਖਣ ਦੇ ਆਦੇਸ਼ ਦੇ ਰੱਖੇ ਸਨ। ਬਾਦਸ਼ਾਹ ਨੇ ਸਰਹੰਦ ਦੇ ਸੂਬੇਦਾਰ ਅਬਦੁਲ ਅਜ਼ੀਜ਼ ਦਿਲਾਵਰ ਖ਼ਾਨ ਨੂੰ ਚੌਕੰਨੇ ਰਹਿ ਕੇ ਯੋਗ ਕਾਰਵਾਈ ਕਰਨ ਬਾਰੇ ਵੀ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।

# ਗੁਰੂ ਤੇਗ਼ ਬਹਾਦਰ ਜੀ ਦੀ ਤੀਜੀ ਗ੍ਰਿਫ਼ਤਾਰੀ

ਕਸ਼ਮੀਰੀ ਪੰਡਤ ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਵਿਚ 25 ਜੂਨ, 1675 ਨੂੰ ਆਏ ਸਨ ਅਤੇ ਧਰਮ ਦੀ ਰੱਖਿਆ ਲਈ ਗੁਰੂ ਪਾਤਸ਼ਾਹ ਦੇ ਦਿੱਤੇ ਬਚਨ ਮਗਰੋਂ ਵਾਪਸ ਚਲੇ ਗਏ ਸਨ। ਉਨ੍ਹਾਂ ਨੇ ਗੁਰੂ ਤੇਗ਼ ਬਹਾਦਰ ਜੀ ਦਾ ਧਰਮ-ਰੱਖਿਆ ਬਾਰੇ ਫ਼ੈਸਲਾ, ਔਰੰਗਜ਼ੇਬ ਤੱਕ ਪਹੁੰਚਾਉਣ ਲਈ ਕਿਸ ਨੂੰ ਕਿਹਾ—ਇਸ ਬਾਰੇ ਇਤਿਹਾਸਕਾਰ ਇਕ-ਮੱਤ ਨਹੀਂ ਹਨ। ਕੁਝ ਕੁ ਇਤਿਹਾਸਕਾਰਾਂ ਦੇ ਮੱਤ ਅਨੁਸਾਰ ਉਹ ਪਹਿਲਾਂ ਦਿੱਲੀ ਗਏ, ਉਥੇ ਸੂਬੇਦਾਰ ਸਾਫ਼ੀ ਖ਼ਾਨ ਨੂੰ ਮਿਲੇ। ਕੁਝ ਕੁ ਦੇ ਅਨੁਸਾਰ ਉਹ ਸਿੱਧੇ ਕਸ਼ਮੀਰ ਦੇ ਗਵਰਨਰ ਇਫ਼ਤਿਖ਼ਾਰ ਖ਼ਾਨ ਕੋਲ ਗਏ ਤੇ ਉਸਨੂੰ ਗੁਰੂ ਜੀ ਦੇ ਫੈਸਲੇ ਦੀ ਜਾਣਕਾਰੀ ਦਿੱਤੀ। ਉਸ ਨੇ ਅੱਗੋਂ ਔਰੰਗਜ਼ੇਬ ਤੱਕ ਗੱਲ ਪਹੁੰਚਾਈ।

ਇਸ ਸੰਬੰਧ ਵਿਚ ਡਾ: ਗੰਡਾ ਸਿੰਘ ਆਪਣੀ ਰਾਏ ਇਸ ਪ੍ਰਕਾਰ ਪ੍ਰਗਟ ਕਰਦੇ ਹਨ : ਇਸ (ਗੁਰੂ ਸਾਹਿਬ ਤੇ ਕਸ਼ਮੀਰੀ ਪੰਡਤਾਂ ਦੀ) ਮੁਲਾਕਾਤ ਅਤੇ (ਪੰਡਤਾਂ ਦੀ) ਫਰਿਆਦ ਦੀਆਂ ਖਬਰਾਂ ਖ਼ਬਰਨਵੀਸਾਂ ਨੇ ਔਰੰਗਜ਼ੇਬ ਤੱਕ ਪਹੁੰਚਾ ਦਿੱਤੀਆਂ। ਬਾਦਸ਼ਾਹ ਕੱਟੜ ਧਾਰਮਿਕ ਨੀਤੀ ਦਾ ਅਨੁਯਾਈ ਸੀ। ਉਸ ਨੇ ਗੁਰੂ ਸਾਹਿਬ ਦੀ ਕਸ਼ਮੀਰੀਆਂ ਵੱਲ ਹਮਦਰਦੀ ਨੂੰ ਆਪਣੀ ਧਾਰਮਿਕ ਨੀਤੀ ਦੀ ਪੂਰਤੀ ਦੇ ਰਾਹ ਵਿਚ ਰੁਕਾਵਟ ਸਮਝਿਆ। ਬਾਦਸ਼ਾਹ ਨੇ ਹਸਨ ਅਬਦਾਲ ਤੋਂ ਹੁਕਮ ਭੇਜਿਆ ਕਿ "**ਤੇਗ਼ ਬਹਾਦੁਰ ਰਾ ਗ੍ਰਿਫ਼ਤਾਰ ਮੁਕਯਦ ਉ ਮਹਿਬੂਸ ਦਰੰਦ। ਚੂਨਾਚਿ ਹਸਬਉਲ ਹੁਕਮ ਬਅਮਲ ਆਮਦ (ਸੀਅਰਉਲ-ਮੁਤਾਖ਼ਰੀਨ, ਗ਼ੁਲਾਮ ਹੁਸੈਨ)**। (ਭਾਵ : ਹੁਕਮ ਹੋਇਆ ਕਿ ਗੁਰੂ ਤੇਗ਼ ਬਹਾਦਰ ਨੂੰ ਕੈਦ ਕੀਤਾ ਜਾਏ। ਹੁਕਮ ਅਨੁਸਾਰ ਇਸੇ ਤਰ੍ਹਾਂ ਹੀ ਕੀਤਾ ਗਿਆ)।

ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਔਰੰਗਜ਼ੇਬ ਨੇ ਲਾਹੌਰ ਦੇ ਗਵਰਨਰ ਨੂੰ ਭੇਜਿਆ ਤੇ ਉਸ ਨੇ ਉਹ ਹੁਕਮ ਸਰਹੰਦ ਦੇ ਫੌਜਦਾਰ ਦਿਲਾਵਰ ਖ਼ਾਨ ਤੱਕ ਪਹੁੰਚਾਇਆ ਪਰ ਆਮ ਲੋਕਾਂ ਤੋਂ ਇਹ ਖ਼ੁਫ਼ੀਆ ਰੱਖਿਆ ਗਿਆ ਤਾਂ ਕਿ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦੇ ਰਾਹ ਵਿਤ ਸਿੱਖਾਂ ਵਲੋਂ ਕੋਈ ਰੁਕਾਵਟ ਨਾ ਪੈ ਜਾਏ।"*

ਪੰਡਤਾਂ ਨੂੰ ਵਿਦਾ ਕਰਨ ਤੋਂ ਇਕ ਮਹੀਨਾ 13 ਦਿਨ ਮਗਰੋਂ, ਗੁਰੂ ਤੇਗ਼ ਬਹਾਦਰ ਜੀ ਨੇ 8 ਜੁਲਾਈ, 1675 ਨੂੰ ਸਾਹਿਬਜ਼ਾਦਾ ਗੋਬਿੰਦ ਰਾਇ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਬਖ਼ਸ਼ੀ। ਉਸ ਤੋਂ ਤੀਜੇ ਦਿਨ, 10 ਜੁਲਾਈ 1675 ਨੂੰ ਦਿੱਲੀ ਵੱਲ ਰਵਾਨਾ ਹੋ ਗਏ। ਨਿਸ਼ਚੇ ਹੀ ਉਹਨਾਂ ਦੇ ਮਨ ਵਿਚ ਇਹ ਗੱਲ ਹੋਵੇਗੀ ਕਿ ਗ੍ਰਿਫਤਾਰੀ ਤੋਂ ਪਹਿਲਾਂ ਵੱਧ ਤੋਂ ਵੱਧ ਲੋਕਾਂ ਨੂੰ ਸੱਚ ਤੇ ਪਹਿਰਾ ਦੇਣ ਅਤੇ ਧਾਰਮਿਕ ਸੁਤੰਤਰਤਾ ਦੀ ਖ਼ਾਤਰ ਹਰ ਖ਼ਤਰਾ ਮੁੱਲ ਲੈਣ ਲਈ ਤਿਆਰ ਰਹਿਣ ਦੀ ਪ੍ਰੇਰਣਾ ਦਿੱਤੀ ਜਾਵੇ। ਚੱਲਣ ਸਮੇਂ ਆਪ ਦੇ ਨਾਲ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਸਨ।

---

* ਤੇਜਾ ਸਿੰਘ—ਗੰਡਾ ਸਿੰਘ/ਸਿੱਖ ਇਤਿਹਾਸ (1469-1765)/1989/ਪੰਨਾ 65.

ਬਾਕੀ ਸੰਗਤਾਂ ਨੂੰ ਆਪ ਜੀ ਨੇ ਨਾਲ ਚੱਲਣ ਤੋਂ ਰੋਕ ਦਿੱਤਾ। ਦਿੱਲੀ ਵਿਖੇ ਭਾਈ ਊਦਾ ਜੀ ਅਤੇ ਭਾਈ ਗੁਰਦਿੱਤਾ ਜੀ ਜ਼ਰੂਰੀ ਸੇਵਾਵਾਂ ਨਿਭਾਉਣ ਲਈ ਦਿਲਵਾਲੀ ਮੁਹੱਲੇ ਵਿਚ ਪਹਿਲਾਂ ਹੀ ਮੌਜੂਦ ਸਨ।

ਸਤਿਗੁਰੂ ਜੀ ਅਤੇ ਤਿੰਨੋਂ ਸਿੱਖ ਚੱਕ ਨਾਨਕੀ (ਅਨੰਦਪੁਰ) ਤੋਂ ਚੱਲ ਕੇ ਕੀਰਤਪੁਰ ਸਾਹਿਬ ਪੁੱਜੇ; ਸਿੱਖ ਸੰਗਤਾਂ ਅਤੇ ਆਪਣੇ ਰਿਸ਼ਤੇਦਾਰਾਂ ਨੂੰ ਮਿਲੇ। ਆਪ ਨੇ ਸੰਗਤਾਂ ਨੂੰ ਚੜ੍ਹਦੀਆਂ ਕਲਾਂ ਵਿਚ ਰਹਿਣ ਦਾ ਉਪਦੇਸ਼ ਦਿਤਾ। 11 ਜੁਲਾਈ, 1675 ਨੂੰ ਆਪ ਜੀ ਸਰਸਾ ਨਦੀ ਪਾਰ ਕਰਕੇ ਜਿਉਂ ਹੀ ਪਿੰਡ ਮਲਕਪੁਰ ਰੰਘੜਾਂ (ਪਰਗਣਾ ਘਨੌਲਾ) ਵਿਖੇ ਪੁੱਜੇ, ਰੋਪੜ ਦੇ ਥਾਣੇਦਾਰ (ਕੋਤਵਾਲ) ਮਿਰਜ਼ਾ ਨੂਰ ਮੁਹੰਮਦ ਖ਼ਾਨ ਨੇ ਉਨ੍ਹਾਂ ਨੂੰ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਗ੍ਰਿਫ਼ਤਾਰ ਕਰ ਲਿਆ ਅਤੇ ਸਰਹੰਦ ਦੇ ਸੂਬੇਦਾਰ ਪਾਸ ਭੇਜ ਦਿੱਤਾ।

ਸਤਿਗੁਰਾਂ ਦੀ ਮਲਕਪੁਰ ਰੰਘੜਾਂ ਤੋਂ ਗ੍ਰਿਫ਼ਤਾਰੀ ਬਾਰੇ ਭੱਟ ਵਹੀਆਂ ਵਿਚ ਇਸ ਤਰ੍ਹਾਂ ਲਿਖਿਆ ਗਿਆ ਹੈ :

"ਗੁਰੂ ਤੇਗ਼ ਬਹਾਦਰ ਮਹਲ ਨਾਮਾਂ ਕੋ ਨੂਰ ਮੁਹੰਮਦ ਖ਼ਾਨ ਮਿਰਜ਼ਾ, ਚਉਂਕੀ ਰੋਪਰ ਵਾਲੇ ਨੇ ਸਾਲ ਸਤਰਾਂ ਸੈ ਬਤੀਸ, ਸਾਵਨ ਪ੍ਰਵਿਸ਼ਟੇ ਬਾਰਾਂ ਕੇ ਦਿਹੁੰ, ਗਾਮ ਮਲਕਪੁਰ ਰੰਘੜਾਂ, ਪਰਗਣਾ ਘਨੌਲਾ ਸੇ ਪਕੜ ਕੇ ਸਰਹੰਦ ਮੇਂ ਪਹੁੰਚਾਇਆ। ਗੈਲੋਂ ਦੀਵਾਨ ਮਤੀ ਦਾਸ, ਸਤੀ ਦਾਸ ਬੇਟਾ ਹੀਰਾ ਮੱਲ ਛਿਬਰ ਬਲਉਂਤ ਕਾ ਪਕੜਾ ਆਇਆ। ਚਾਰ ਮਾਸ ਬਸੀ ਪਠਾਨਾਂ ਬੰਦੀਖ਼ਾਨੇ ਬੰਦ ਰਹੇ। ਦੁਸ਼ਟਾਂ ਗੁਰੂ ਜੀ ਕੋ ਘਣਾ ਕਸ਼ਟ ਦੀਆ। ਗੁਰੂ ਜੀ ਨੇ ਭਾਣੇ ਕੋ ਮਾਨਾਂ।" (ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਜਲ੍ਹਾਨੇ ਬਲਉਤੋਂ ਕਾ)

ਸਾਡੇ ਰਵਾਇਤੀ ਇਤਿਹਾਸ ਵਿਚ ਗੁਰੂ ਤੇਗ਼ ਬਹਾਦਰ ਜੀ ਨੂੰ ਆਗਰੇ ਤੋਂ ਗ੍ਰਿਫਤਾਰ ਹੁੰਦੇ ਦਸਿਆ ਗਿਆ ਹੈ। ਉਸ ਅਨੁਸਾਰ ਗੁਰੂ ਜੀ ਅਨੰਦਪੁਰੋਂ ਚੱਲ ਕੇ ਕੀਰਤਪੁਰ, ਰੋਪੜ, ਨਨਹੇੜਾ ਹੁੰਦੇ ਹੋਏ ਸੈਫ਼ਾਬਾਦ ਪੁੱਜੇ। ਇਥੋਂ ਸਮਾਣਾ, ਕੈਥਲ, ਲੱਖਣ ਮਾਜਰਾ, ਰੋਹਤਕ ਹੁੰਦੇ ਹੋਏ ਅੰਤ ਵਿਚ ਆਗਰਾ ਪੁੱਜੇ। ਆਗਰੇ ਵਿਖੇ ਗ੍ਰਿਫਤਾਰੀ ਨੂੰ ਮਿਥਿਹਾਸਕ ਰੰਗਣ ਦਿੱਤੀ ਗਈ ਹੈ। ਦੱਸਿਆ ਗਿਆ ਹੈ ਕਿ ਗੁਰੂ ਜੀ ਦੀ ਗ੍ਰਿਫਤਾਰੀ ਲਈ ਇਕ ਹਜ਼ਾਰ ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਗੁਰੂ ਜੀ ਦਾ ਇਕ ਗਰੀਬ ਸ਼ਰਧਾਲੂ "ਹਸਨ ਅਲੀ ਆਪਣੇ ਮਨ ਵਿਚ ਅਰਜ਼ੋਈ ਕਰਦਾ ਸੀ ਕਿ ਹੇ ਸਤਿਗੁਰੂ! ਜੇ ਤੁਸੀਂ ਗ੍ਰਿਫਤਾਰ ਹੋਣਾ ਹੀ ਹੈ ਤਾਂ ਮੇਰੇ ਰਾਹੀਂ ਹੀ ਹੋਣਾ, ਤਾਂ ਕਿ ਮੇਰੀ ਗਰੀਬ ਦੀ ਬਿਪਤਾ ਕੱਟੀ ਜਾਏ।"...ਗੁਰੂ ਜੀ ਆਗਰੇ ਤੋਂ ਬਾਹਰ ਇਕ ਬਾਗ ਵਿਚ ਠਹਿਰੇ, ਜਿਥੇ ਹਸਨ ਅਲੀ ਦਾ ਪੋਤਰਾ ਬੱਕਰੀਆਂ ਚਾਰ ਰਿਹਾ ਸੀ। ਸਤਿਗੁਰੂ ਜੀ ਨੇ ਉਸ ਨੂੰ ਇਕ ਸੋਨੇ ਦੀ ਮੁੰਦਰੀ ਤੇ ਦੁਸ਼ਾਲਾ ਦਿੱਤਾ ਅਤੇ ਆਖਿਆ ਕਿ ਆਪਣੇ ਬਾਬੇ ਨੂੰ ਨਾਲ ਲੈ ਕੇ ਇਹ ਮੁੰਦਰੀ ਗਹਿਣੇ ਪਾ ਦੇਣੀ ਤੇ ਦੁਸ਼ਾਲੇ ਵਿਚ ਦੋ ਰੁਪਿਆਂ ਦੀ ਮਿਠਾਈ ਲੈ ਆਉਣੀ। ਇਹ ਅਨੋਖੇ ਤਰੀਕੇ ਦਾ ਸੌਦਾ ਸੀ। ਪੁਲਿਸ ਨੇ ਬਾਬੇ-ਪੋਤਰੇ ਨੂੰ ਫੜ ਲਿਆ। ਉਹ ਪੁਲਿਸ ਨੂੰ ਨਾਲ ਲੈ ਕੇ ਉਸ ਬਾਗ ਵਿਚ ਗਏ ਜਿਥੇ ਗੁਰੂ ਜੀ ਬੈਠੇ ਹੋਏ ਸਨ। ਸਤਿਗੁਰੂ ਜੀ ਨੇ ਇਹ

ਕੌਤਕ ਰਚਿਆ ਹੀ ਆਪਣੀ ਗ੍ਰਿਫ਼ਤਾਰੀ ਵਾਸਤੇ ਸੀ।

ਸਤਿਗੁਰੂ ਜੀ ਨੂੰ ਅਨੰਦਪੁਰ ਸਾਹਿਬ ਤੋਂ ਚੱਲਿਆਂ ਇਕ ਸਾਲ ਹੋ ਚੁੱਕਾ ਸੀ ਤੇ ਹੁਣ ਸੰਨ 1675 ਸੀ ਜਦੋਂ ਆਗਰੇ ਦੀ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ।*

ਭੱਟ ਵਹੀਆਂ ਦੇ ਪ੍ਰਕਾਸ਼ ਵਿਚ ਆਉਣ ਤੋਂ ਪਹਿਲਾਂ ਸਤਿਗੁਰਾਂ ਦੀ ਗ੍ਰਿਫ਼ਤਾਰੀ ਆਗਰੇ ਤੋਂ ਹੋਈ ਦੱਸੀ ਜਾਂਦੀ ਸੀ, ਉਹ ਵੀ ਬੜੇ ਨਾਟਕੀ ਢੰਗ ਦੇ ਨਾਲ। ਉਂਞ ਕੇਸਰ ਸਿੰਘ (ਛਿੱਬਰ) ਨੇ ਆਪਣੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਗ੍ਰਿਫ਼ਤਾਰੀ ਰੋਪੜ ਲਾਗਿਓਂ ਹੀ ਲਿਖੀ ਸੀ। ਜਦੋਂ ਗਿਆਨੀ ਗਰਜਾ ਸਿੰਘ ਨੇ ਕਵੀ ਸੇਵਾ ਸਿੰਘ ਦੁਆਰਾ ਲਿਖਿਆ 'ਸ਼ਹੀਦ ਬਿਲਾਸ' ਸੰਨ 1961 ਵਿਚ ਸੰਪਾਦਿਤ ਕਰ ਕੇ ਛਪਵਾਇਆ ਤਾਂ ਭੱਟ ਵਹੀਆਂ ਦੀ ਖੋਜ ਹੋਣ ਲੱਗੀ। ਅਜੋਕੇ ਬਹੁਤ ਇਤਿਹਾਸਕਾਰਾਂ ਨੇ ਭੱਟ ਵਹੀਆਂ ਨੂੰ ਮੁੱਢਲੇ ਸ੍ਰੋਤ ਸਮਝ ਕੇ ਇਤਿਹਾਸ ਦੀਆਂ ਪੁਸਤਕਾਂ ਲਿਖੀਆਂ ਹਨ। ਇਨ੍ਹਾਂ ਵਿਚ ਪ੍ਰਸਿੱਧ ਹੈ : 'ਗੁਰੂ ਕੀਆਂ ਸਾਖੀਆਂ' ਕ੍ਰਿਤ ਭਾਈ ਸਰੂਪ ਸਿੰਘ (ਕੌਸ਼ਿਸ਼) ਜਿਸ ਨੂੰ ਪ੍ਰੋ. ਪਿਆਰਾ ਸਿੰਘ ਪਦਮ ਨੇ ਸੰਪਾਦਿਤ ਕਰਕੇ ਪ੍ਰਕਾਸ਼ਿਤ ਕਰਵਾਇਆ ਸੀ। ਪਿਆਰਾ ਸਿੰਘ ਪਦਮ ਤੇ ਡਾ: ਹਰਜਿੰਦਰ ਸਿੰਘ ਦਿਲਗੀਰ ਖ਼ਾਸ ਤੌਰ ਤੇ ਭੱਟ-ਵਹੀਆਂ ਦੇ ਹੱਕ ਵਿਚ ਹਨ; ਹਾਲਾਂਕਿ ਇਨ੍ਹਾਂ ਨੂੰ ਵੀ ਪੁਣ-ਛਾਣ ਕੇ ਵਰਤਣਾ ਚਾਹੀਦਾ ਹੈ।

ਜਿਨ੍ਹਾਂ ਲੇਖਕਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫ਼ਤਾਰੀ ਮਲਕਪੁਰ ਰੰਘੜਾਂ ਤੋਂ ਹੋਈ ਮੰਨੀ ਹੈ, ਉਨ੍ਹਾਂ ਵਿਚ ਪ੍ਰਸਿੱਧ ਹਨ : ਡਾ: ਗੰਡਾ ਸਿੰਘ, ਡਾ: ਹਰਜਿੰਦਰ ਸਿੰਘ ਦਿਲਗੀਰ, ਪ੍ਰੋ. ਹਰਬੰਸ ਸਿੰਘ (Encyclopaedia of Sikhism ਦੇ ਮੁੱਖ ਸੰਪਾਦਕ), ਪ੍ਰੋ. ਪਿਆਰਾ ਸਿੰਘ 'ਪਦਮ', ਸਰਦਾਰ ਮਹਿੰਦਰ ਸਿੰਘ 'ਜੋਸ਼', ਡਾ: ਸੰਗਤ ਸਿੰਘ, ਡਾ: ਤਾਰਨ ਸਿੰਘ ਆਦਿ।

ਮਲਕਪੁਰ ਰੰਘੜਾਂ ਤੋਂ ਗ੍ਰਿਫ਼ਤਾਰੀ ਨੂੰ ਮੁਹੰਮਦ ਇਹਸਾਨ ਇਜਾਦ ਨੇ ਵੀ ਪ੍ਰਮਾਣਿਤ ਕੀਤਾ ਸੀ, ਜਿਸਦਾ ਹਵਾਲਾ ਵਿਲੀਅਮ ਈਰਵਨ ਨੇ ਆਪਣੀ ਪੁਸਤਕ Later Mughals ਦੇ ਪੰਨਾ 79 ਦੇ ਫੁੱਟ ਨੋਟ ਵਿਚ ਦਿੱਤਾ ਹੈ।**

### *ਬਸੀ ਪਠਾਣਾਂ ਦੇ ਕੈਦਖ਼ਾਨੇ ਵਿਚ*

ਸਤਿਗੁਰੂ ਜੀ ਅਤੇ ਤਿੰਨਾਂ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖ਼ਾਨ ਨੇ ਪੁਲਿਸ ਦਸਤੇ ਦੀ ਦੇਖ-ਰੇਖ ਵਿਚ ਸਰਹੰਦ ਦੇ ਸੂਬੇਦਾਰ ਪਾਸ ਪਹੁੰਚਾ ਦਿੱਤਾ। ਉਥੇ ਕੁਝ ਦਿਨ ਕੈਦ ਰੱਖਣ ਮਗਰੋਂ ਬਸੀ ਪਠਾਣਾਂ ਦੇ ਮੁੱਖ ਕੈਦਖਾਨੇ (ਜਿਹਲ) ਵਿਚ ਕੈਦ ਕਰ ਦਿੱਤਾ ਗਿਆ। ਬਾਦਸ਼ਾਹ ਨੂੰ ਗੁਰੂ ਜੀ ਦੀ ਗ੍ਰਿਫ਼ਤਾਰੀ ਦੀ ਖ਼ਬਰ ਹਸਨ ਅਬਦਾਲ ਭੇਜ ਦਿੱਤੀ ਗਈ ਅਤੇ ਅਗਲੀ ਕਾਰਵਾਈ ਲਈ ਹੁਕਮ ਦੀ ਮੰਗ ਕੀਤੀ ਗਈ। ਘੱਟੋ-ਘੱਟ ਸਾਢੇ ਤਿੰਨ ਮਹੀਨੇ ਗੁਰੂ ਜੀ ਤੇ ਸਿੱਖ ਬਸੀ ਪਠਾਣਾਂ ਦੇ ਕੈਦਖਾਨੇ ਵਿਚ ਰਹੇ।

---

*ਪ੍ਰੋ: ਸਾਹਿਬ ਸਿੰਘ/ਜੀਵਨ-ਬ੍ਰਿਤਾਂਤ ਗੁਰੂ ਤੇਗ ਬਹਾਦਰ ਜੀ/ਪੰਨਾ 48

**Prof. Harbans Singh/The Heritage of the Sikhs/P. 81.

ਭੱਟ ਵਹੀ ਪੂਰਬੀ ਦੱਖਣੀ ਅਤੇ ਗੁਰੂ ਕੀਆਂ ਸਾਖੀਆਂ ਮੁਤਾਬਿਕ ਦਿਲਾਵਰ ਖ਼ਾਨ ਨੂੰ ਬਾਦਸ਼ਾਹ ਔਰੰਗਜ਼ੇਬ ਦਾ ਹੁਕਮ ਮਿਲ ਜਾਣ ਮਗਰੋਂ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਲੋਹੇ ਦੇ ਪਿੰਜਰਿਆਂ ਵਿਚ ਬੰਦ ਕਰਕੇ ਤਕੜੇ ਪਹਿਰੇ ਹੇਠ ਦਿੱਲੀ ਵੱਲ ਭੇਜਿਆ ਗਿਆ, ਜਿਥੇ ਉਹ 3 ਨਵੰਬਰ 1675 ਨੂੰ ਚਾਂਦਨੀ ਚੌਕ ਵਾਲੀ ਕੋਤਵਾਲੀ ਵਿਚ ਪਹੁੰਚਾਏ ਗਏ। ਉਥੇ ਉਨ੍ਹਾਂ ਨੂੰ ਕੈਦ ਕਰ ਦਿੱਤਾ ਗਿਆ।

ਔਰੰਗਜ਼ੇਬ ਤਾਂ ਦਿੱਲੀ ਵਿਚ ਹੈ ਨਹੀਂ ਸੀ, ਇਸ ਲਈ ਰਾਜ-ਕਾਜ ਦਾ ਸਾਰਾ ਪ੍ਰਬੰਧ ਦਿੱਲੀ ਦੇ ਸੂਬੇਦਾਰ ਸਾਫ਼ੀ ਖ਼ਾਨ ਦੇ ਅਧੀਨ ਸੀ। ਉਸ ਨੂੰ ਇਸ ਪਦਵੀ ਤੇ ਅਪ੍ਰੈਲ 1674 ਵਿਚ ਲਗਾਇਆ ਗਿਆ ਸੀ। ਇਸ ਨੇ ਦਿੱਲੀ ਦੇ ਲਾਲ ਕਿਲ੍ਹੇ ਦਾ ਕਿਲ੍ਹੇਦਾਰ ਮੁਤਲਾਫ਼ਤ ਖ਼ਾਨ ਨੂੰ ਨਿਯੁਕਤ ਕੀਤਾ ਸੀ। ਸਰ ਜਾਦੂਨਾਥ ਸਰਕਾਰ ਅਨੁਸਾਰ ਉਸ ਸਮੇਂ ਦਿੱਲੀ ਦਾ ਸ਼ਾਹੀ ਕਾਜ਼ੀ ਅਬਦੁਲ ਵਹਾਬ ਵੁਹਰਾ ਸੀ ਅਤੇ ਹਕੂਮਤ ਦਾ ਸਾਰਾ ਨਿਆਂ ਵਿਭਾਗ ਇਸ ਦੇ ਅਧੀਨ ਸੀ। ਇਹ ਬੜਾ ਬੇਰਹਿਮ ਅਤੇ ਰਿਸ਼ਵਤਖੋਰ ਸੀ।

### *ਦਿੱਲੀ ਵਿਚ ਤਸੀਹੇ*

4 ਨਵੰਬਰ 1675 ਨੂੰ ਸਤਿਗੁਰਾਂ ਨੂੰ ਸੂਬੇਦਾਰ ਸਾਫ਼ੀ ਖ਼ਾਨ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਹ ਬੜੀ ਨਰਮੀ ਨਾਲ ਪੇਸ਼ ਆਇਆ, ਭਾਵੇਂ ਕਿ ਇਹ ਵਿਖਾਵੇ ਲਈ ਹੀ ਸੀ। ਉਸ ਨੇ ਕਿਹਾ ਕਿ ਲੋਕ ਤੁਹਾਨੂੰ ਗੁਰੂ-ਪੀਰ ਆਖਦੇ ਹਨ। ਗੁਰੂ-ਪੀਰ ਤਾਂ ਬੜੀ ਕਰਨੀ ਵਾਲੇ ਹੁੰਦੇ ਹਨ, ਤੁਸੀਂ ਵੀ ਆਪਣੀ ਉੱਚੀ ਆਤਮਕ ਅਵਸਥਾ ਪ੍ਰਗਟ ਕਰਨ ਲਈ ਕੋਈ ਮੁਅੱਜਜ਼ਾ ਅਥਵਾ ਕਰਾਮਾਤ ਵਿਖਾਓ। ਗੁਰੂ ਜੀ ਨੇ ਜੁਆਬ ਦਿੱਤਾ ਕਿ ਸਾਡੇ ਮੱਤ ਅਨੁਸਾਰ ਕਰਾਮਾਤ ਵਿਖਾਣਾ ਆਪਣੀ ਹਉਮੈ ਦਾ ਪ੍ਰਗਟਾਵਾ ਕਰਨਾ ਹੈ ਅਤੇ ਇਸ ਦਾ ਪ੍ਰਭੂ ਭਗਤੀ ਨਾਲ ਕੋਈ ਸੰਬੰਧ ਨਹੀਂ। ਇਸ ਲਈ ਅਸੀਂ ਕਰਾਮਾਤ ਨਹੀਂ ਵਿਖਾਵਾਂਗੇ। ਇਸ ਸੁਣ ਕੇ ਕਾਜ਼ੀ ਅਬਦੁਲ ਵਹਾਬ ਵੁਹਰੇ ਨੇ ਸੂਬੇਦਾਰ ਨੂੰ ਭੜਕਾਉਣ ਲਈ ਕਿਹਾ, "ਗੁਰੂ ਜੀ ਬੜੇ ਗੁਸਤਾਖ਼ੀ ਭਰੇ ਬੋਲ ਬੋਲ ਰਹੇ ਹਨ, ਜਿਨ੍ਹਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਹ ਤਾਂ ਪ੍ਰਸਿੱਧ ਗੈਰ-ਮੁਸਲਿਮ ਪੀਰ ਹਨ ਅਤੇ ਇਸਲਾਮ ਦੇ ਪ੍ਰਸਾਰ ਵਿਚ ਵੱਡੀ ਰੁਕਾਵਟ ਹਨ। ਹੁਣ ਵੀ ਇਹਨਾਂ ਨੂੰ ਕਸ਼ਮੀਰੀ ਪੰਡਤਾਂ ਦੀ ਵਕਾਲਤ ਕਰਨ ਅਤੇ ਉਨ੍ਹਾਂ ਦੇ ਧਰਮ ਦੇ ਰਖਵਾਲੇ ਬਣਨ ਕਰਕੇ ਗ੍ਰਿਫਤਾਰ ਕਰਕੇ ਇਥੇ ਭੇਜਿਆ ਗਿਆ ਹੈ। ਇਨ੍ਹਾਂ ਨਾਲ ਨਰਮੀ ਨਾਲ ਪੇਸ਼ ਨਹੀਂ ਆਉਣਾ ਚਾਹੀਦਾ।"

ਕਾਜ਼ੀ ਦੀ ਇਹ ਗੱਲ ਸੁਣ ਕੇ ਵੀ ਸੂਬੇਦਾਰ ਸਾਫ਼ੀ ਖ਼ਾਨ ਸ਼ਾਂਤ ਰਿਹਾ ਅਤੇ ਗੁਰੂ ਜੀ ਨੂੰ ਸ਼ਾਹੀ ਤਜਵੀਜ਼ ਪੁਰ ਵਿਚਾਰ ਕਰਨ ਲਈ ਕਿਹਾ। ਫਿਰ ਗੁਰੂ ਜੀ ਨੂੰ ਕੋਤਵਾਲੀ ਵਿਚ ਭੇਜ ਦਿੱਤਾ ਗਿਆ।

ਅਗਲੇ ਦਿਨ, 5 ਨਵੰਬਰ ਨੂੰ ਗੁਰੂ ਜੀ ਨੂੰ ਕਿਹਾ ਗਿਆ ਕਿ ਜਾਂ ਤਾਂ ਉਹ ਕਰਾਮਾਤ ਵਿਖਾਉਣ; ਜੇ ਨਹੀਂ ਵਿਖਾਉਣੀ ਤਾਂ ਮੁਸਲਮਾਨੀ ਮੱਤ ਨੂੰ ਪ੍ਰਵਾਨ ਕਰਨ। ਗੁਰੂ ਜੀ ਨੇ ਇਸ ਤਜਵੀਜ਼ ਨੂੰ ਵੀ ਦ੍ਰਿੜ੍ਹਤਾਪੂਰਵਕ ਠੁਕਰਾ ਦਿੱਤਾ। ਫਿਰ ਸਾਫ਼ੀ ਖ਼ਾਨ ਨੇ ਸਖ਼ਤ

ਰੂਪ ਅਖ਼ਤਿਆਰ ਕਰਦਿਆਂ ਕਿਹਾ ਕਿ "ਜੇ ਉਨ੍ਹਾਂ (ਗੁਰੂ ਜੀ) ਨੇ ਇਸਲਾਮ ਧਾਰਨ ਨਾ ਕੀਤਾ ਤਾਂ ਉਨ੍ਹਾਂ ਨੂੰ ਖ਼ੌਫ਼ਨਾਕ ਤਸੀਹੇ ਦਿੱਤੇ ਜਾ ਸਕਦੇ ਹਨ ਅਤੇ ਉਨ੍ਹਾਂ ਨੂੰ ਸ਼ਹੀਦ ਵੀ ਕੀਤਾ ਜਾ ਸਕਦਾ ਹੈ।" ਗੁਰੂ ਜੀ ਨੇ ਉੱਚੀ ਆਵਾਜ਼ ਵਿਚ ਕਿਹਾ, "ਮੌਤ ਦੀ ਧਮਕੀ ਉਨ੍ਹਾਂ ਨੂੰ ਸੱਚ ਧਰਮ ਦੇ ਰਾਹ ਪੁਰ ਚੱਲਣ ਤੋਂ ਰੋਕ ਨਹੀਂ ਸਕਦੀ। ਕੋਈ ਵੀ ਸੱਚਾ ਦੀਨ (ਧਰਮ) ਇਸ ਤਰ੍ਹਾਂ ਦੇ ਅੱਤਿਆਚਾਰਾਂ ਦੀ ਇਜਾਜ਼ਤ ਨਹੀਂ ਦਿੰਦਾ।" ਇਹ ਸੁਣਦਿਆਂ ਹੀ ਕਾਜ਼ੀ ਬੜੀ ਤੈਸ਼ ਵਿਚ ਆ ਗਿਆ। ਗੁੱਸੇ ਵਿਚ ਭਰੇ-ਪੀਤੇ ਨੇ ਗੁਰੂ ਸਾਹਿਬ ਦੀ ਸ਼ਾਨ ਵਿਚ ਕਈ ਅਪਮਾਨਜਨਕ ਸ਼ਬਦ ਆਖੇ। ਗੁਰੂ ਜੀ ਨੂੰ ਫਿਰ ਕੋਤਵਾਲੀ ਭੇਜ ਦਿਤਾ ਗਿਆ।

ਕਾਜ਼ੀ ਕਿਉਂਕਿ ਨਿਆਂ-ਵਿਭਾਗ ਦਾ ਮੁਖੀ ਸੀ, ਇਸ ਲਈ ਹਰ ਤਰ੍ਹਾਂ ਦੇ ਫੈਸਲੇ ਕਰਨ ਲਈ ਸੁਤੰਤਰ ਸੀ। ਉਹ ਅਗਲੇ ਦਿਨ, 6 ਨਵੰਬਰ ਨੂੰ, ਕੋਤਵਾਲੀ ਆ ਧਮਕਿਆ। ਉਸਨੇ ਦਰੋਗੇ ਨੂੰ ਹੁਕਮ ਕੀਤਾ ਕਿ ਗੁਰੂ ਸਾਹਿਬ ਨੂੰ ਹਰ ਤਰ੍ਹਾਂ ਦੇ ਖ਼ੌਫ਼ਨਾਕ ਤਸੀਹੇ ਦਿੱਤੇ ਜਾਣ ਤਾਂ ਕਿ ਉਹ ਹਾਰ ਮੰਨ ਕੇ ਇਸਲਾਮ ਮੱਤ ਗ੍ਰਹਿਣ ਕਰ ਲੈਣ। ਦਰੋਗੇ ਨੇ ਕਾਜ਼ੀ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ। 'ਗੁਰੂ ਕੀਆਂ ਸਾਖੀਆਂ' ਅਨੁਸਾਰ ਗੁਰੂ ਜੀ ਨੂੰ ਲਗਾਤਾਰ ਤਿੰਨ ਦਿਨ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ ਡਰਾਉਣ ਦਾ ਯਤਨ ਕੀਤਾ ਗਿਆ। ਗੁਰੂ ਜੀ ਦੇ ਸਰੀਰ ਤੇ ਗਰਮ ਰੇਤ ਵੀ ਪਾਈ ਗਈ, ਜਿਸ ਨਾਲ ਸਰੀਰ ਛਾਲਿਆਂ ਨਾਲ ਭਰ ਗਿਆ। ਕਾਜ਼ੀ ਤਸੱਲੀ ਕਰਨ ਲਈ ਰੋਜ਼ ਕੋਤਵਾਲੀ ਆਉਂਦਾ ਰਿਹਾ। ਉਸਨੂੰ ਆਸ ਸੀ ਕਿ ਗੁਰੂ ਜੀ ਨੂੰ ਤਸੀਹਿਆਂ ਦੁਆਰਾ ਝੁਕਾ ਲਏਗਾ, ਪਰ ਗੁਰੂ ਜੀ ਟੱਸ ਤੋਂ ਮੱਸ ਨਾ ਹੋਏ। ਉਨ੍ਹਾਂ ਕਾਜ਼ੀ ਦੇ ਕਿਸੇ ਸਵਾਲ ਦਾ ਵੀ ਜਵਾਬ ਨਾ ਦਿੱਤਾ। ਚੌਥੇ ਦਿਨ 10 ਨਵੰਬਰ ਨੂੰ ਤਾਂ ਹੱਦ ਹੀ ਕਰ ਦਿੱਤੀ ਗਈ। ਗੁਰੂ ਜੀ ਦੇ ਸਰੀਰ ਨੂੰ ਬਲਦੇ ਥੰਮ੍ਹ ਨਾਲ ਲਾ ਕੇ ਤਸੀਹੇ ਦਿੱਤੇ ਗਏ।

ਜਦੋਂ ਗੁਰੂ ਸਾਹਿਬ ਨੂੰ ਘੋਰ ਤਸੀਹੇ ਦਿੱਤੇ ਜਾ ਰਹੇ ਸਨ ਤਾਂ ਦਿੱਲੀ ਦੀਆਂ ਸੰਗਤਾਂ ਨੇ ਸ਼ਾਹੀ ਕਾਜ਼ੀ ਅਬਦੁਲ ਵਹਾਬ ਨੂੰ ਰਿਸ਼ਵਤ ਦੇਣ ਲਈ ਤਕੜੀ ਰਕਮ ਇਕੱਠੀ ਕਰ ਲਈ ਸੀ, ਤਾਂ ਕਿ ਗੁਰੂ ਸਾਹਿਬ ਨੂੰ ਭਿਆਨਕ ਤਸੀਹਿਆਂ ਤੋਂ ਬਚਾਇਆ ਜਾ ਸਕੇ। ਜਦੋਂ ਗੁਰੂ ਸਾਹਿਬ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਇਸ ਕੰਮ ਤੋਂ ਮਨ੍ਹਾਂ ਕਰ ਦਿੱਤਾ, ਆਪ "ਨਹਿ ਭੈ ਮਾਨਤ ਆਨ" ਦੇ ਸਿਧਾਂਤ ਤੇ ਡਟੇ ਰਹੇ।

### *ਗੁਰਸਿੱਖਾਂ ਦੀਆਂ ਸ਼ਹੀਦੀਆਂ*

ਭਿਆਨਕ ਤੋਂ ਭਿਆਨਕ ਤਸੀਹੇ ਦੇ ਕੇ ਵੀ ਕਾਜ਼ੀ ਗੁਰੂ ਜੀ ਨੂੰ ਦੀਨ ਮੰਨਣ ਲਈ ਰਾਜ਼ੀ ਨਾ ਕਰ ਸਕਿਆ। ਉਸਦੇ ਸ਼ਾਤਰ ਦਿਮਾਗ ਨੂੰ ਇਹ ਗੱਲ ਸੁੱਝੀ ਕਿ ਜੇਕਰ ਸਿੱਖਾਂ ਨੂੰ ਗੁਰੂ ਜੀ ਦੇ ਸਾਹਮਣੇ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਏ, ਤਾਂ ਸ਼ਾਇਦ ਗੁਰੂ ਜੀ ਇਸਲਾਮ ਵਿਚ ਆਉਣਾ ਪ੍ਰਵਾਨ ਕਰ ਲੈਣ। ਸੋ ਕਾਜ਼ੀ ਨੇ ਭਾਈ ਮਤੀ ਦਾਸ, ਭਾਈ ਦਿਆਲਾ ਜੀ ਤੇ ਭਾਈ ਸਤੀ ਦਾਸ ਜੀ ਨੂੰ ਤਸੀਹੇ ਦੇ ਕੇ ਮਾਰਨ ਦਾ ਹੁਕਮ ਜਾਰੀ ਕਰ ਦਿੱਤਾ।

11 ਨਵੰਬਰ, ਸੰਨ 1675 ਨੂੰ ਵੀਰਵਾਰ ਵਾਲੇ ਦਿਨ ਗੁਰੂ ਜੀ ਨੂੰ ਕੋਤਵਾਲੀ ਤੋਂ

ਬਾਹਰ ਲਿਆ ਕੇ ਇਕ ਰੁੱਖ ਹੇਠ ਬਿਠਾ ਦਿੱਤਾ ਗਿਆ। ਉਨ੍ਹਾਂ ਦੇ ਐਨ ਸਾਹਮਣੇ ਉਹ ਅਸਥਾਨ ਸੀ ਜਿਥੇ ਹੁਣ ਫੁਹਾਰਾ ਹੈ। ਫੁਹਾਰੇ ਵਾਲੇ ਅਸਥਾਨ ਤੇ ਭਾਈ ਸਤੀ ਦਾਸ ਜੀ ਨੂੰ ਲਿਆਂਦਾ ਗਿਆ। ਉਨ੍ਹਾਂ ਨੂੰ ਹੱਥ-ਕੜੀਆਂ, ਬੇੜੀਆਂ ਤੇ ਸੰਗਲਾਂ ਨਾਲ ਬੰਨ੍ਹਿਆ ਹੋਇਆ ਸੀ। ਉਨ੍ਹਾਂ ਨੂੰ ਕਾਜ਼ੀ ਨੇ ਕਿਹਾ ਕਿ ਉਹ ਮੁਸਲਮਾਨ ਬਣ ਜਾਣ, ਨਹੀਂ ਤਾਂ ਜੱਲਾਦ ਆਰੇ ਨਾਲ ਉਨ੍ਹਾਂ ਦੇ ਸਰੀਰ ਦੇ ਟੋਟੇ ਟੋਟੇ ਕਰ ਦੇਣਗੇ। ਭਾਈ ਸਾਹਿਬ ਨੇ ਧਰਮ ਤਿਆਗਣ ਦੀ ਥਾਂ 'ਤੇ ਸੂਰਮਿਆਂ ਵਾਂਗ ਸ਼ਹੀਦ ਹੋਣ ਨੂੰ ਪ੍ਰਵਾਨ ਕਰ ਲਿਆ। ਗੁਰੂ ਤੇਗ਼ ਬਹਾਦਰ ਜੀ ਦੇ ਸਾਹਮਣੇ ਦੋ ਜੱਲਾਦਾਂ ਨੇ ਭਾਈ ਸਾਹਿਬ ਨੂੰ ਲੱਕੜੀ ਦੇ-ਦੋ ਮੋਟੇ ਫੱਟਿਆਂ (ਗੇਲੀਆਂ) ਵਿਚ ਜਕੜ ਦਿੱਤਾ। ਉਨ੍ਹਾਂ ਦਾ ਮੂੰਹ ਗੁਰੂ ਜੀ ਵੱਲ ਸੀ। ਜੱਲਾਦਾਂ ਨੇ ਆਰੇ ਨੂੰ ਭਾਈ ਸਾਹਿਬ ਦੇ ਸੀਸ ਤੇ ਰੱਖ ਕੇ ਚਲਾਉਣਾ ਸ਼ੁਰੂ ਕੀਤਾ। ਵੇਖਦਿਆਂ ਹੀ ਸਰੀਰ ਦੋ-ਫਾੜ ਹੋ ਗਿਆ। ਖ਼ੂਨ ਦਾ ਫੁਹਾਰਾ ਚੱਲਣ ਨਾਲ ਕਾਜ਼ੀਆਂ ਦੇ ਕੱਪੜੇ ਖ਼ੂਨ ਨਾਲ ਰੰਗੇ ਗਏ। ਭਾਈ ਸਾਹਿਬ ਦੀ ਆਤਮਾ ਪ੍ਰਭੂ ਵਿਚ ਜਾ ਸਮਾਈ।

ਭਾਈ ਮਤੀ ਦਾਸ ਜੀ, ਜ਼ਿਲ੍ਹਾ ਜਿਹਲਮ (ਪਾਕਿਸਤਾਨ) ਦੇ ਪਿੰਡ ਕਰਿਆਲਾ ਦੇ ਵਸਨੀਕ ਭਾਈ ਪਿਰਾਗਾ ਦੇ ਪੋਤਰੇ ਭਾਈ ਹੀਰਾ ਨੰਦ ਦੇ ਸਪੁੱਤਰ ਸਨ।

ਫਿਰ ਭਾਈ ਦਿਆਲਾ ਜੀ ਦੀ ਵਾਰੀ ਆਈ। ਫੁਹਾਰੇ ਦੇ ਨੇੜੇ ਹੀ ਘੰਟੇ ਵਾਲੇ ਹਲਵਾਈ ਦੀ ਦੁਕਾਨ ਹੈ। ਉਸ ਦੇ ਵਿਚ ਜੋ ਖੂਹ ਹੈ, ਉਸ ਦੇ ਕੋਲ ਹੀ ਭਾਈ ਦਿਆਲਾ ਜੀ ਨੂੰ ਲਿਆਂਦਾ ਗਿਆ। ਉਥੇ ਇਕ ਭੱਠੀ ਉੱਤੇ ਦੇਗ ਵਿਚ ਪਾਣੀ ਉਬਾਲਿਆ ਜਾ ਰਿਹਾ ਸੀ। ਭਾਈ ਸਾਹਿਬ ਨੂੰ ਵੀ ਕਿਹਾ ਗਿਆ ਕਿ ਉਹ ਇਸਲਾਮ ਕਬੂਲ ਕਰ ਲੈਣ, ਨਹੀਂ ਤਾਂ ਉਨ੍ਹਾਂ ਨੂੰ ਦੇਗ ਵਿਚ ਬਿਠਾ ਕੇ, ਉਬਲਦੇ ਪਾਣੀ ਵਿਚ ਮਾਰ ਦਿੱਤਾ ਜਾਵੇਗਾ। ਭਾਈ ਦਿਆਲਾ ਜੀ ਨੇ, ਭਾਈ ਮਤੀ ਦਾਸ ਜੀ ਦੀ ਤਰ੍ਹਾਂ, ਮੌਤ ਨੂੰ ਚੁਣਿਆ। ਉਨ੍ਹਾਂ ਨੂੰ ਦੇਗ ਵਿਚ ਬਿਠਾ ਕੇ ਅੱਗ ਹੋਰ ਤੇਜ਼ ਕਰ ਦਿੱਤੀ ਗਈ। ਭਾਈ ਸਾਹਿਬ ਸ਼ਹੀਦੀ ਪ੍ਰਾਪਤ ਕਰ ਗਏ।

ਭਾਈ ਦਿਆਲਾ ਜੀ ਪਿੰਡ ਅਲੀਪੁਰ, ਜ਼ਿਲ੍ਹਾ ਮੁਜ਼ੱਫਰਗੜ੍ਹ (ਪਾਕਿਸਤਾਨ) ਦੇ ਵਸਨੀਕ ਭਾਈ ਮਾਈ ਦਾਸ ਤੇ ਮਾਤਾ ਮਧਰੀ ਬਾਈ ਦੇ ਸਪੁੱਤਰ ਸਨ। ਉਹ ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਸਨ।

ਦੋ ਸਿੱਖਾਂ ਦੀ ਦਰਦਨਾਕ ਸ਼ਹੀਦੀ ਤੋਂ ਬਾਅਦ ਬੇਰਹਿਮ ਤੇ ਪੱਥਰ-ਦਿਲ ਕਾਜ਼ੀ ਨੇ ਭਾਈ ਸਤੀ ਦਾਸ ਜੀ ਨੂੰ ਕੋਤਵਾਲੀ ਦੇ ਸਾਹਮਣੇ ਰੂੰ ਵਿਚ ਵਲ੍ਹੇਟ-ਬੰਨ੍ਹ ਕੇ ਜ਼ਿੰਦਾ ਸਾੜ ਕੇ ਮਾਰਨ ਦਾ ਫ਼ਤਵਾ ਜਾਰੀ ਕਰ ਦਿੱਤਾ। ਦੋ ਜਲਾਦਾਂ ਨੇ ਇਸ ਫ਼ਤਵੇ ਨੂੰ ਅਮਲ ਵਿਚ ਲਿਆਂਦਾ। ਭਾਰੀ ਜਨ-ਸਮੂਹ ਦੇ ਸਾਹਮਣੇ ਰੂੰ ਨੂੰ ਅੱਗ ਲਾ ਦਿੱਤੀ ਗਈ ਤੇ ਸਾਰਾ ਸਰੀਰ ਇਕੋ ਵਾਰ ਅੱਗ ਦੀਆਂ ਲਾਟਾਂ ਵਿਚ ਘਿਰ ਗਿਆ ਤੇ ਕੁਝ ਪਲਾਂ ਵਿਚ ਹੀ ਸਰੀਰ ਮਾਸ ਸੜਨ ਕਰਕੇ ਹੱਡੀਆਂ ਦਾ ਢਾਂਚਾ ਬਣ ਕੇ ਰਹਿ ਗਿਆ। ਇੰਝ ਭਾਈ ਸਤੀ ਦਾਸ ਜੀ ਵੀ ਅਡਿੱਗ ਅਤੇ ਅਡੋਲ ਰਹਿ ਕੇ ਸ਼ਹੀਦੀ ਪ੍ਰਾਪਤ ਕਰ ਗਏ। ਆਪ ਭਾਈ ਮਤੀ ਦਾਸ ਜੀ ਦੇ ਭਰਾ ਸਨ।

# ਗੁਰੂ ਤੇਗ਼ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ

ਤਿੰਨ ਮਹਾਨ ਗੁਰਸਿੱਖਾਂ ਦਾ ਖ਼ੌਫ਼ਨਾਕ ਤਸੀਹੇ ਸਹਿ ਕੇ ਸ਼ਹੀਦੀ ਦੇ ਦੇਣੀ ਪਰ ਮੁਗ਼ਲ ਹਕੂਮਤ ਅੱਗੇ ਝੁਕਣਾ ਪ੍ਰਵਾਨ ਨਾ ਕਰਨਾ, ਕਾਜ਼ੀ ਅਬਦੁਲ ਵਹਾਬ ਵੂਹਰਾ ਤੇ ਉਸ ਵਰਗੇ ਹੋਰ ਮੁਸਲਮਾਨਾਂ ਦੀ ਸਪੱਸ਼ਟ ਹਾਰ ਸੀ। ਜੇ ਸਿੱਖ ਅੱਤਿਆਚਾਰਾਂ ਅੱਗੇ ਨਹੀਂ ਝੁਕੇ ਸਨ ਤਾਂ ਗੁਰੂ ਤੇਗ਼ ਬਹਾਦਰ ਜੀ ਦੇ ਝੁਕ ਜਾਣ ਦਾ ਤਾਂ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਇਸ ਲਈ ਕਾਜ਼ੀ ਨੇ ਝੁੰਝਲਾ ਕੇ ਗੁਰੂ ਜੀ ਦੇ ਖ਼ਿਲਾਫ਼ ਫ਼ਤਵਾ ਜਾਰੀ ਕਰ ਦਿੱਤਾ ਕਿ ਉਨ੍ਹਾਂ ਦਾ ਸੀਸ ਧੜ ਤੋਂ ਤਲਵਾਰ ਨਾਲ ਜੁਦਾ ਕਰ ਦਿੱਤਾ ਜਾਵੇ ਅਤੇ ਉਨ੍ਹਾਂ ਦੇ ਸਰੀਰ ਦੇ ਚਾਰ ਟੁਕੜੇ ਕਰਕੇ ਦਿੱਲੀ ਦੇ ਵੱਖ-ਵੱਖ ਦਰਵਾਜ਼ਿਆਂ (ਦਿੱਲੀ ਦਰਵਾਜ਼ਾ, ਅਜਮੇਰੀ ਦਰਵਾਜ਼ਾ, ਲਾਹੌਰੀ ਦਰਵਾਜ਼ਾ ਤੇ ਕਸ਼ਮੀਰੀ ਦਰਵਾਜ਼ਾ) ਤੇ ਟੰਗ ਦਿੱਤੇ ਜਾਣ। ਇਸ ਨਾਲ ਇਸਲਾਮ ਦਾ ਵਿਰੋਧ ਕਰਨ ਵਾਲਿਆਂ ਨੂੰ ਸਦਾ ਲਈ ਸਬਕ ਮਿਲ ਜਾਵੇਗਾ ਤੇ ਹਿੰਦੂ ਤਾਂ ਡਰ ਕੇ ਬਿਨਾਂ ਕਿਸੇ ਵਿਰੋਧ ਦੇ ਇਸਲਾਮ ਅਪਣਾ ਲੈਣਗੇ। ਇਸ ਤਰ੍ਹਾਂ ਸਾਰੇ ਦੇਸ਼ ਦੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦਾ ਬਾਦਸ਼ਾਹ ਔਰੰਗਜ਼ੇਬ ਦਾ ਸੁਪਨਾ ਸਾਕਾਰ ਹੋ ਜਾਵੇਗਾ।

ਕਾਜ਼ੀ ਦੇ ਫ਼ਤਵੇ ਮੁਤਾਬਕ ਚਾਂਦਨੀ ਚੌਕ ਦੇ ਕੋਤਵਾਲੀ ਵਾਲੇ ਬਰੋਟੇ ਹੇਠਾਂ ਬੈਠੇ ਸਤਿਗੁਰੂ ਜੀ ਨੂੰ ਸ਼ਹੀਦ ਕਰਨ ਦਾ ਅਮਲ ਸ਼ੁਰੂ ਹੋ ਗਿਆ। ਸਮਾਣਾ ਦੇ ਰਹਿਣ ਵਾਲੇ ਜਲਾਦ ਜਲਾਲੁੱਦੀਨ ਨੇ ਕਾਜ਼ੀ ਦਾ ਇਸ਼ਾਰਾ ਮਿਲਣ ਤੇ ਤਲਵਾਰ ਦੇ ਇਕੋ ਵਾਰ ਨਾਲ ਗੁਰੂ ਜੀ ਦਾ ਪਵਿੱਤਰ ਸੀਸ ਧੜ ਨਾਲੋਂ ਅਲੱਗ ਕਰ ਦਿੱਤਾ। ਉਦੋਂ ਸਤਿਗੁਰੂ ਜੀ ਜਪੁ ਜੀ ਸਾਹਿਬ ਦਾ ਪਾਠ ਕਰ ਰਹੇ ਸਨ।

ਹਕੂਮਤ ਵਿਚ ਬੈਠੇ ਕੁਝ ਮੁਸਲਮਾਨਾਂ ਜਾਂ ਨਕਸ਼ਬੰਦੀ ਸਿਲਸਿਲਹ ਦੀ ਵਿਚਾਰਧਾਰਾ ਨੂੰ ਮੰਨਣ ਵਾਲਿਆਂ ਨੂੰ ਛੱਡ ਕੇ ਬਾਕੀ ਸਭ ਮੁਸਲਮਾਨ ਤੇ ਹਿੰਦੂ ਗੁਰੂ ਜੀ ਅਤੇ ਸਿੱਖਾਂ ਦੀਆਂ ਸ਼ਹੀਦੀਆਂ ਨਾਲ ਬਹੁਤ ਪ੍ਰੇਸ਼ਾਨ ਹੋਏ। ਆਮ ਲੋਕਾਂ ਨੇ ਇਨ੍ਹਾਂ ਸ਼ਹੀਦੀਆਂ ਨੂੰ ਹਕੂਮਤ ਵਲੋਂ ਢਾਹਿਆ ਬਹੁਤ ਵੱਡਾ ਕਹਿਰ ਤੇ ਅੱਤਿਆਚਾਰ ਕਰਾਰ ਦਿੱਤਾ। ਸਭ ਧਰਮੀ ਬੰਦਿਆਂ ਨੇ ਆਪਣੇ ਮਨਾਂ ਵਿਚ ਹਕੂਮਤ ਨੂੰ ਲਾਹਨਤਾਂ ਪਾਈਆਂ ਅਤੇ ਅਜਿਹੇ ਜ਼ੁਲਮੀ ਰਾਜ ਦੇ ਅੰਤ ਲਈ ਅਰਦਾਸਾਂ ਕੀਤੀਆਂ।

ਜਿਸ ਅਸਥਾਨ ਤੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਉਥੇ ਅੱਜਕੱਲ੍ਹ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ। ਦਿੱਲੀ ਵਿਚ ਖ਼ਾਲਸਈ ਦਬਦਬਾ ਕਾਇਮ ਕਰਨ ਵਾਲੇ, ਕਰੋੜਸਿੰਘੀਆ ਮਿਸਲ ਦੇ ਸਰਦਾਰ ਬਘੇਲ ਸਿੰਘ ਨੇ 1783-85 ਵਿਚ ਗੁਰਦੁਆਰਾ ਸਾਹਿਬ ਦੀ ਪਹਿਲੀ ਇਮਾਰਤ ਦੀ ਉਸਾਰੀ ਕਰਵਾਈ ਸੀ।

## *ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਅਦੁੱਤੀ ਕਿਵੇਂ?*

'ਅਦੁੱਤੀ' ਤੋਂ ਭਾਵ ਹੈ ਕਿ ਜਿਸ ਵਰਗਾ/ਵਰਗੀ ਹੋਰ ਕੋਈ ਨਾ ਹੋਵੇ। ਸੰਸਾਰ ਦੇ ਇਤਿਹਾਸ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੇ ਸਮਾਨ ਹੋਰ ਕਿਸੇ ਨੇ ਵੀ ਸ਼ਹੀਦੀ ਨਹੀਂ ਦਿੱਤੀ।

ਸੰਸਾਰ ਵਿਚ ਐਸੇ ਕਈ 'ਸ਼ਹੀਦ' ਹੋਏ ਹਨ ਜਿਨ੍ਹਾਂ ਆਪਣੇ ਧਰਮ ਦੇ ਲੋਕਾਂ ਲਈ ਜਾਂ ਆਪਣੇ ਇਲਾਕੇ/ਦੇਸ਼ ਦੇ ਲੋਕਾਂ ਲਈ ਕਸ਼ਟ ਸਹਾਰੇ ਤੇ ਕੁਰਬਾਨੀ ਦਿੱਤੀ। ਕਈਆਂ ਨੂੰ ਵਿਰੋਧੀਆਂ ਨੇ ਫੜ ਕੇ, ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਅਜਿਹੇ ਸ਼ਹੀਦਾਂ ਨੂੰ ਤਾਂ 'ਸ਼ਹਾਦਤ ਦੇ ਸ਼ਿਕਾਰ ਹੋਏ ਸ਼ਹੀਦ' ਕਹਿਣਾ ਚਾਹੀਦਾ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਇਸ ਲਈ ਅਦੁੱਤੀ ਜਾਂ ਲਾਸਾਨੀ ਸੀ ਕਿ ਜਿਸ ਧਰਮ ਲਈ ਉਨ੍ਹਾਂ ਨੇ ਸ਼ਹੀਦੀ ਦਿੱਤੀ, ਉਸ ਵਿਚ ਉਨ੍ਹਾਂ ਦਾ ਕੋਈ ਵਿਸ਼ਵਾਸ ਨਹੀਂ ਸੀ। ਸਗੋਂ ਪ੍ਰਥਮ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਬ੍ਰਾਹਮਣੀ ਵਿਸ਼ਵਾਸਾਂ–ਅਵਤਾਰ ਪੂਜਾ, ਦੇਵੀ-ਦੇਵਤਿਆਂ ਦੀ ਪੂਜਾ, ਜਾਤ-ਪ੍ਰਥਾ (ਵਰਣ ਆਸ਼ਰਮ ਧਰਮ), ਮੂਰਤੀ ਪੂਜਾ, ਅਗਨੀ, ਚੰਦ ਸੂਰਜ ਦੀ ਪੂਜਾ, ਵੇਦਾਂ-ਸ਼ਾਸਤਰਾਂ ਦੀ ਵਿਚਾਰਧਾਰਾ, ਵਰਤ ਰੱਖਣ, ਬ੍ਰਾਹਮਣੀ ਜਪ-ਤਪ ਕਰਨ, ਤੀਰਥਾਂ ਦਾ ਰਟਨ ਤੇ ਇਸ਼ਨਾਨ ਯਾਤਰਾ, ਮਟੀਆਂ/ਮੱਠਾਂ ਦੀ ਪੂਜਾ, ਪਿਤਰਾਂ ਦੀ ਪੂਜਾ ਆਦਿ ਦੇ ਖਿਲਾਫ਼ ਪ੍ਰਚਾਰ ਕਰਦੇ ਰਹੇ ਸਨ। ਬ੍ਰਾਹਮਣ ਦੀ 'ਧਾਰਮਿਕ ਲੁੱਟ' ਨੂੰ ਉਨ੍ਹਾਂ ਜਗ ਜ਼ਾਹਰ ਕੀਤਾ ਸੀ। ਜਨੇਊ (ਜੰਞੂ) ਤਿਲਕ ਆਦਿ ਕਿਸੇ ਵੀ ਬ੍ਰਾਹਮਣੀ-ਚਿੰਨ੍ਹ ਨੂੰ ਉਨ੍ਹਾਂ ਨੇ ਮਾਨਤਾ ਨਹੀਂ ਸੀ ਦਿੱਤੀ। ਸਗੋਂ ਗੁਰੂ ਨਾਨਕ ਦੇਵ ਜੀ ਨੇ ਤਾਂ 'ਧਾਗੇ ਦੇ ਜਨੇਊ' ਨੂੰ ਧਾਰਨ ਤੋਂ 9-10 ਸਾਲ ਦੀ ਉਮਰ ਵਿਚ ਇਨਕਾਰ ਕਰ ਦਿੱਤਾ ਸੀ ਅਤੇ ਪੰਡਤ ਤੋਂ ਦਇਆ, ਸੰਤੋਖ, ਜਿਨਸੀ ਸੰਬੰਧਾਂ ਵਿਚ ਸ਼ੁੱਧਤਾ ਅਤੇ ਆਮ ਵਰਤੋਂ-ਵਿਹਾਰ ਵਿਚ ਵੀ ਉੱਚਾ ਆਚਰਨ (ਕਿਰਦਾਰ) ਆਦਿਕ ਸ਼ੁੱਭ ਗੁਣਾਂ ਦਾ ਜਨੇਊ ਮੰਗਿਆ ਸੀ, ਜੋ ਹਰਦਿਆਲ ਪੁਰੋਹਿਤ ਕੋਲ ਹੈ ਨਹੀਂ ਸੀ। ਜਨੇਊ ਧਾਰਨ ਦਾ ਅਰਥ ਬ੍ਰਾਹਮਣ ਨੂੰ ਗੁਰੂ ਮੰਨਣਾ ਸੀ, ਜੋ ਸਿੱਖ ਲਹਿਰ ਦੇ ਕਿਸੇ ਵੀ ਪਾਂਧੀ ਨੂੰ ਮਨਜ਼ੂਰ ਨਹੀਂ ਸੀ।

ਗੁਰੂ ਅਰਜਨ ਦੇਵ ਜੀ ਨੇ ਵੀ ਹਿੰਦੂ ਜਾਂ ਮੁਸਲਮਾਨ ਹੋਣ ਤੇ ਇਨ੍ਹਾਂ ਧਰਮਾਂ ਦੇ ਧਾਰਮਿਕ-ਕਰਮਾਂ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਸੀ :

ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥ ੪॥ *(ਭੈਰਉ, ਮਹਲਾ ੫, ੧੧੩੬)*

ਇਸੇ ਹੀ ਸ਼ਬਦ (ਵਰਤ ਨ ਰਹਉ ਨ ਮਹ ਰਮਦਾਨਾ) ਵਿਚ ਸਤਿਗੁਰੂ ਜੀ ਨੇ ਸਪੱਸ਼ਟ ਕੀਤਾ ਹੈ ਕਿ ਅਸੀਂ ਅਨਮਤੀਆਂ ਵਾਲੇ ਕੋਈ ਕਰਮ-ਕਾਂਡ ਨਹੀਂ ਕਰਦੇ।

ਇਹੀ ਕਾਰਨ ਹੈ ਕਿ ਬ੍ਰਾਹਮਣਾਂ ਨੇ ਗੁਰੂ ਅਮਰਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਗੁਰੂ ਸਾਹਿਬਾਨ ਦੇ ਖ਼ਿਲਾਫ਼ ਵੇਲੇ ਦੇ ਹਾਕਮਾਂ ਕੋਲ ਸ਼ਿਕਾਇਤਾਂ ਕੀਤੀਆਂ ਸਨ। ਇਨ੍ਹਾਂ ਦਾ ਜ਼ਿਕਰ ਗੁਰਬਾਣੀ ਵਿਚ ਵੀ ਹੈ। ਵੇਖੋ, ਗੁਰੂ ਗ੍ਰੰਥ ਸਾਹਿਬ

ਦੇ ਪੰਨਾ 199 ਉੱਤੇ ਆਪਣੇ ਵਿਰੁੱਧ ਸਰਕਾਰ ਪਾਸ ਪੇਸ਼ ਕੀਤੇ ਸ਼ਿਕਾਇਤਨਾਮੇ (ਮਹਜਰੁ—ਮੇਜਰਨਾਮਾ) ਦਾ ਜ਼ਿਕਰ ਕਰਦਿਆਂ ਆਖਿਆ ਹੈ ਉਹ ਸ਼ਿਕਾਇਤਨਾਮਾ ਪਰਮਾਤਮਾ ਨੇ ਝੂਠਾ ਸਿੱਧ ਕੀਤਾ ਹੈ ਤੇ ਸ਼ਿਕਾਇਤ ਕਰਨ ਵਾਲਿਆਂ ਨੂੰ ਫਿਟਕਾਰਾਂ ਪਈਆਂ :

"ਮਹਜਰੁ ਝੂਠਾ ਕੀਤੋਨੁ ਆਪਿ ॥ ਪਾਪੀ ਕਉ ਲਾਗਾ ਸੰਤਾਪੁ ॥

*(ਗਉੜੀ, ਮਹਲਾ ੫, ੧੯੯)*

ਜਦੋਂ ਹਿੰਦੂ ਧਰਮ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਔਰੰਗਜ਼ੇਬ ਨੇ ਹਿੰਦੂਆਂ ਤੇ ਜ਼ੁਲਮ ਢਾਹੁਣੇ ਆਰੰਭ ਕੀਤੇ ਤਾਂ ਕਸ਼ਮੀਰੀ ਬ੍ਰਾਹਮਣ ਗੁਰੂ ਜੀ ਦੀ ਸ਼ਰਨ ਵਿਚ ਆਏ ਤਾਂ ਆਪ ਨੇ ਵਿਚਾਰਧਾਰਾ ਦੇ ਵਿਰੋਧ ਅਤੇ ਪੰਡਤਾਂ ਵਲੋਂ ਗੁਰੂ-ਘਰ ਵਿਰੁੱਧ ਕੀਤੀਆਂ ਕਾਰਵਾਈਆਂ ਨੂੰ ਇਕ ਪਾਸੇ ਰੱਖ, ਉਨ੍ਹਾਂ ਨੂੰ ਧਰਮ ਰੱਖਿਆ ਦਾ ਬਚਨ ਦਿੱਤਾ ਤੇ ਬਚਨ 'ਤੇ ਕਾਇਮ ਰਹਿੰਦਿਆਂ ਸਿੱਖਾਂ ਸਮੇਤ ਸ਼ਹਾਦਤ ਦੇ ਦਿੱਤੀ।

ਗੁਰੂ ਤੇਗ਼ ਬਹਾਦਰ ਜੀ ਨੇ ਇਕ ਹੋਰ ਨਵੀਂ ਗੱਲ ਕੀਤੀ ਕਿ ਉਹ ਆਪ ਸ਼ਹਾਦਤ ਦੇਣ ਲਈ ਤੁਰ ਪਏ। ਲਾਲਾ ਦੌਲਤ ਰਾਇ ਆਰੀਆ ਇਸ ਨੂੰ ਗੁਰੂ ਜੀ ਦੁਆਰਾ 'ਉਲਟੀ ਗੰਗਾ ਵਹਾਉਣਾ' ਲਿਖਦਾ ਹੈ। ਉਹ ਆਖਦਾ ਹੈ—

"ਆਜ ਤਕ ਯਹ ਤੋ ਹੂਆ ਹੈ ਕਿ ਕਾਤਲ (ਸ਼ਹੀਦ ਕਰਨ ਵਾਲਾ) ਮਕਤੂਲ (ਸ਼ਹੀਦ ਹੋਣ ਵਾਲੇ) ਕੇ ਪਾਸ ਜਾਏ, ਯਹ ਨਹੀਂ ਹੂਆ ਕਿ ਮਕਤੂਲ ਕਾਤਲ ਕੇ ਪਾਸ ਜਾਏ। ਐਸਾ ਕਰ ਕੇ ਗੁਰੂ ਤੇਗ਼ ਬਹਾਦਰ ਜੀ ਨੇ ਉਲਟੀ ਗੰਗਾ ਬਹਾ ਦੀ।"

*(ਸਵਾਨਿ—ਉਮਰੀ ਗੁਰੂ ਗੋਬਿੰਦ ਸਿੰਘ)*

ਇੰਦੂ ਭੂਸ਼ਨ ਬੈਨਰਜੀ ਨੇ ਵੀ ਗੁਰੂ ਜੀ ਦੀ ਸ਼ਹੀਦੀ ਨੂੰ ਆਪਣੀ ਪੁਸਤਕ 'Evolution of Khalsa' ਵਿਚ ਆਪੂੰ ਸਹੇੜੀ ਸ਼ਹਾਦਤ (self-saught martyrdom) ਆਖਿਆ ਹੈ। ਉਨ੍ਹਾਂ ਨੇ ਧਰਮ ਦੀ ਖ਼ਾਤਰ ਚਾਅ ਨਾਲ ਸ਼ਹਾਦਤ ਦਿੱਤੀ। ਗੁਰੂ ਜੀ ਨੂੰ ਪਤਾ ਸੀ ਕਿ ਔਰੰਗਜ਼ੇਬ ਦੀ ਦੁਨਿਆਵੀ ਸ਼ਕਤੀ ਬੇਪਨਾਹ ਹੈ, ਪਰ ਉਨ੍ਹਾਂ ਤਾਂ ਭੀ ਨਿਮਾਣਿਆਂ, ਨਿਤਾਣਿਆਂ ਤੇ ਲਿਤਾੜਿਆਂ ਦੀ ਬਾਂਹ ਫੜੀ। ਆਪ 'ਧਾਰਮਿਕ ਸੁਤੰਤਰਤਾ' ਦੇ ਸਿਧਾਂਤ ਤੇ ਅੜੇ ਰਹੇ।

ਗੁਰੂ ਤੇਗ਼ ਬਹਾਦਰ ਜੀ ਨੇ ਕਿਸੇ ਖ਼ਾਸ ਖ਼ਿੱਤੇ (ਭਾਰਤ) ਦੇ ਲੋਕਾਂ ਲਈ ਸ਼ਹੀਦੀ ਨਹੀਂ ਦਿੱਤੀ, ਉਨ੍ਹਾਂ ਨੇ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ ਸੀ। ਉਨ੍ਹਾਂ ਦੀ ਸ਼ਹੀਦੀ ਸਮੁੱਚੇ ਸੰਸਾਰ ਦੇ ਮਜ਼ਲੂਮਾਂ ਲਈ ਸੀ। (ਇਹ ਗੱਲ ਵੱਖਰੀ ਹੈ ਕਿ ਉਦੋਂ ਹਿੰਦੂ/ਬ੍ਰਾਹਮਣ ਅੱਤਿਆਚਾਰਾਂ ਦਾ ਸ਼ਿਕਾਰ ਹੋ ਰਹੇ ਸਨ)। ਇਸੇ ਗੱਲ ਨੂੰ ਧਿਆਨ ਵਿਚ ਰੱਖ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਕਵੀ ਭਾਈ ਸੈਣਾ ਸਿੰਘ ਸੈਨਾਪਤੀ ਲਿਖਦਾ ਹੈ :

ਪ੍ਰਗਟ ਭਏ ਗੁਰੂ ਤੇਗ਼ ਬਹਾਦਰ।
ਸਗਲ ਸ੍ਰਿਸਟਿ ਪੈ ਢਾਪੀ ਚਾਦਰ।

ਕਰਮ ਧਰਮ ਕੀ ਜਿਨਿ ਪਤਿ ਰਾਖੀ।
ਅਟਲ ਕਰੀ ਕਲਿਯੁਗ ਮੈ ਸਾਖੀ॥ ੧੪॥
ਸਗਲ ਸ੍ਰਿਸਟਿ ਜਾ ਕਾ ਜਸ ਭਯੋ।
ਜਿਹ ਤੇ ਸਰਬ ਧਰਮ ਬਚਯੋ।
ਤੀਨ ਲੋਕ ਮੈ ਜੈ ਜੈ ਭਈ।
ਸਤਿਗੁਰ ਪੈਜ ਰਾਖ ਇਮ ਲਈ।

*(ਸੈਨਾਪਤੀ/ਗੁਰ ਸੋਭਾ/ਪੰਨਾ 10)*

## ਸ਼ਾਹੀ ਕਾਜ਼ੀ ਦਾ ਸ਼ਰਮਨਾਕ ਅੰਤ

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ, ਸ਼ਹੀਦੀ ਨੂੰ ਸਰੰਜਾਮ ਦੇਣ ਵਾਲੇ ਕਾਜ਼ੀ ਅਬਦੁਲ ਵਹਾਬ ਵੁਹਰਾ ਦਾ ਮਨ ਵੀ ਝੰਜੋੜ ਕੇ ਰੱਖ ਦਿੱਤਾ। ਉਸ ਨੂੰ ਧਰਮ ਦੇ ਰਾਖੇ, ਰੱਬੀ-ਸ਼ਖ਼ਸੀਅਤ ਦੇ ਮਾਲਕ ਤੇ ਉਨ੍ਹਾਂ ਦੇ ਗੁਰਸਿੱਖਾਂ ਦੀਆਂ ਖੌਫ਼ਨਾਕ ਸ਼ਹੀਦੀਆਂ ਮਗਰੋਂ ਵੀ ਆਪਣੇ ਮਿਸ਼ਨ ਵਿਚ ਹੋਈ ਨਾ ਕਾਮਯਾਬੀ ਕਾਰਨ ਗਹਿਰਾ ਸਦਮਾ ਲੱਗਾ। ਹੋਈ ਨਮੋਸ਼ੀ ਕਰਕੇ ਮਾਨਸਿਕ ਰੋਗ ਲੱਗਣ ਕਾਰਨ ਉਹ ਸ਼ਹੀਦੀ ਵਾਲੇ ਦਿਨ (11 ਨਵੰਬਰ, 1675) ਤੋਂ ਹੀ ਸਦਾ ਲਈ ਮੰਜੇ ਤੇ ਪੈ ਗਿਆ। 15 ਦਿਨ ਤੜਫਣ ਮਗਰੋਂ ਉਹ 26 ਨਵੰਬਰ, 1675 ਨੂੰ ਇਸ ਨਾਸ਼ਵਾਨ ਸੰਸਾਰ ਤੋਂ ਚੱਲ ਵਸਿਆ। ਹੇਰਾ-ਫੇਰੀਆਂ ਤੇ ਜਬਰ ਜ਼ੁਲਮ ਕਰਕੇ ਰਿਸ਼ਵਤਾਂ ਦੇ ਰੂਪ ਵਿਚ ਕਮਾਏ 33 ਲੱਖ ਰੁਪਏ, ਅਨੇਕਾਂ ਸੇਰ ਸੋਨਾ-ਚਾਂਦੀ ਤੇ ਮਹਿਲ ਮਾੜੀਆਂ ਉਸ ਦੇ ਕਿਸੇ ਕੰਮ ਨਾ ਆਈਆਂ।

# ਸਿੱਖ ਗੱਭਰੂਆਂ ਦਾ ਦਲੇਰੀ ਭਰਿਆ ਕਾਰਨਾਮਾ

ਸਾਡੇ ਪੁਰਾਣੇ ਇਤਿਹਾਸਕ ਗ੍ਰੰਥਾਂ ਵਿਚ ਇਹ ਗੱਲ ਬੜੀ ਵਧਾ-ਚੜ੍ਹਾਅ ਕੇ ਕਹੀ ਗਈ ਹੈ ਕਿ ਜਦ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਦਿੱਲੀ ਦੇ ਸਿੱਖ ਇੰਨੇ ਡਰ ਗਏ ਕਿ ਕਿਸੇ ਨੇ ਗੁੱਸੇ ਦਾ ਪ੍ਰਗਟਾਵਾ ਜਾਂ ਸ਼ਹੀਦੀ ਦਾ ਵਿਰੋਧ ਨਾ ਕੀਤਾ, ਸਗੋਂ ਕੋਈ ਵੀ 'ਸਿੱਖ' ਆਪਣੇ ਆਪ ਨੂੰ 'ਸਿੱਖ' ਕਹਿਲਾਉਣ ਲਈ ਤਿਆਰ ਨਹੀਂ ਸੀ। ਸਭ ਹਕੂਮਤ ਦੀ ਕਰੋਪੀ ਦੇ ਖਿਆਲ ਤੋਂ ਹੀ ਭੈ-ਭੀਤ ਹੋਏ ਪਏ ਸਨ। ਫਿਰ ਦੱਸਿਆ ਜਾਂਦਾ ਹੈ ਕਿ ਜਦੋਂ ਇਸ ਗੱਲ ਦਾ ਗੁਰੂ ਗੋਬਿੰਦ ਸਿੰਘ ਜੀ ਨੂੰ ਪਤਾ ਲੱਗਾ ਤਾਂ ਉਹ ਬਹੁਤ ਹੈਰਾਨ ਹੋਏ ਅਤੇ ਉਨ੍ਹਾਂ ਗੁੱਸੇ ਵਿਚ ਐਲਾਨ ਕੀਤਾ ਕਿ ਉਹ ਜਟਾ-ਜੂਟ ਸਿੰਘਾਂ ਦਾ ਐਸਾ ਪੰਥ ਸਾਜਣਗੇ ਕਿ ਸਿੱਖ ਨੂੰ ਆਪਣੀ ਪਛਾਣ ਛੁਪਾਉਣੀ ਮੁਸ਼ਕਿਲ ਹੋ ਜਾਵੇਗੀ।

ਉਪਰੋਕਤ ਗੱਲ ਇਤਿਹਾਸਕ ਦੀ ਕਸੌਟੀ ਤੇ ਉੱਕੀ ਹੀ ਨਿਰਮੂਲ ਸਿੱਧ ਹੁੰਦੀ ਹੈ ਕਿਉਂਕਿ ਸਿੱਖ ਤਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਕੇਸਾਧਾਰੀ ਚਲੇ ਆ ਰਹੇ ਸਨ। ਇਸ ਲਈ ਦਸਮ ਪਾਤਸ਼ਾਹ ਨੂੰ ਜਟਾ-ਜੂਟ ਸਿੱਖ ਸਾਜਣ ਦੀ ਲੋੜ ਨਹੀਂ ਸੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਪਹਿਲਾਂ, ਸ਼ਹੀਦੀ ਸਮੇਂ ਅਤੇ ਸ਼ਹੀਦੀ ਤੋਂ ਤੁਰੰਤ ਬਾਅਦ ਹੋਈਆਂ ਘਟਨਾਵਾਂ ਇਹ ਸਿੱਧ ਕਰਦੀਆਂ ਹਨ ਕਿ ਸਿੱਖ ਘਬਰਾਏ ਨਹੀਂ ਸਨ, ਸਗੋਂ ਉਨ੍ਹਾਂ ਨੇ ਮੁਗ਼ਲ ਹਕੂਮਤ ਦੇ ਮਨਸੂਬਿਆਂ ਨੂੰ ਅਮਲੀ ਸ਼ਕਲ ਨਹੀਂ ਲੈਣ ਦਿੱਤੀ। ਸਿੱਖਾਂ ਦਾ ਸਭ ਤੋਂ ਵੱਡਾ ਤੇ ਦਲੇਰੀ ਭਰਿਆ ਕਾਰਨਾਮਾ ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਅਤੇ ਧੜ ਨੂੰ ਕੋਤਵਾਲੀ ਦੇ ਸਾਹਮਣੇ ਵਾਲੇ ਮੈਦਾਨ ਵਿਚੋਂ ਚੁੱਕਣਾ ਤੇ ਉਨ੍ਹਾਂ ਦਾ ਸਸਕਾਰ ਕਰਨਾ ਸੀ।

ਗੁਰੂ ਤੇਗ਼ ਬਹਾਦਰ ਜੀ ਅਤੇ ਤਿੰਨਾਂ ਸਿੱਖਾਂ ਦੇ ਦਿੱਲੀ ਪਹੁੰਚਣ ਸਾਰ ਹੀ ਭਾਈ ਕਲਿਆਣਾ ਜੀ ਦੀ ਧਰਮਸ਼ਾਲਾ ਵਿਚ ਹਾਜ਼ਰੀ ਭਰਨ ਵਾਲੇ ਗੁਰਸਿੱਖਾਂ ਨੇ ਆਪਣੀ-ਆਪਣੀ ਜ਼ਿੰਮੇਵਾਰੀ ਸੰਭਾਲ ਲਈ। ਇਹ ਧਰਮਸ਼ਾਲਾ 'ਦਿਲਵਾਲੀ' ਮੁਹੱਲੇ ਵਿਚ ਸੀ।

ਭਾਈ ਜੈਤਾ ਜੀ ਤੇ ਭਾਈ ਗੁਰਬਖ਼ਸ਼ ਜੀ ਭੇਸ ਬਦਲ ਕੇ ਕੋਤਵਾਲੀ ਦੇ ਇਰਦ-ਗਿਰਦ ਫਿਰਦੇ ਸਨ ਅਤੇ ਹਰ ਰੋਜ਼ ਦਿਨ-ਭਰ ਦੀਆਂ ਖ਼ਬਰਾਂ 'ਧਰਮਸ਼ਾਲਾ' ਵਿਚ ਪਹੁੰਚਾਂਦੇ ਸਨ। ਡਾ: ਹਰੀ ਰਾਮ ਗੁਪਤਾ ਮੁਤਾਬਿਕ ਤਾਂ ਭਾਈ ਜੈਤਾ ਜੀ ਸ਼ਹੀਦੀ ਵਾਲੇ ਦਿਨ ਇਕ ਹੱਥ ਵਿਚ ਝਾੜੂ ਤੇ ਦੂਜੇ ਵਿਚ ਬਾਲਟੀ ਫੜੀ ਇਕ ਸਫਾਈ ਕਰਮਚਾਰੀ ਦੇ ਰੂਪ ਵਿਚ ਚਾਂਦਨੀ ਚੌਕ ਵਿਚ ਹੀ ਸਨ। ਉਨ੍ਹਾਂ ਨੇ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ ਸਰੀਰਾਂ ਦੇ ਬਚੇ ਅਵਸ਼ੇਸ਼ਾਂ (ਅੰਗਾਂ) ਨੂੰ ਇਕੱਠੇ ਕਰ ਕੇ ਜਮਨਾ ਨਦੀ ਵਿਚ ਪ੍ਰਵਾਹਿਤ ਕਰ ਦਿੱਤਾ ਸੀ।*

ਬਾਬਾ ਗੁਰਦਿੱਤਾ ਜੀ ਜੋ ਬਾਬਾ ਬੁੱਢਾ ਜੀ ਦੇ ਵੰਸ਼ ਵਿਚ, ਭਾਈ ਭੰਡਾ ਜੀ ਦੇ

---

* Dr. Hari Ram Gupta/History of the Sikhs Vol-I/P. 214.

ਸਪੁੱਤਰ ਸਨ, ਨੂੰ ਜਦ ਗੁਰੂ ਤੇਗ ਬਹਾਦਰ ਜੀ ਅਤੇ ਆਪਣੇ ਗੁਰਭਾਈਆਂ ਦੀਆਂ ਭਿਆਨਕ ਸ਼ਹੀਦੀਆਂ ਦਾ ਸਮਾਚਾਰ ਮਿਲਿਆ ਤਾਂ ਉਹ ਮੁਗ਼ਲਾਂ ਦੇ ਅਤਿਆਚਾਰਾਂ 'ਤੇ ਲਾਹਨਤਾਂ ਪਾਉਂਦੇ ਸਰੀਰ ਤਿਆਗ ਗਏ।

11 ਨਵੰਬਰ, 1675 ਨੂੰ ਸ਼ਾਮ ਵੇਲੇ ਕੁਝ ਹਨੇਰਾ ਹੋਣ ਮਗਰੋਂ ਸ਼ਰਧਾਲੂ ਸਿਰਲੱਥ ਜਵਾਨਾਂ ਨੇ ਧਰਮਸ਼ਾਲਾ ਵਿਚ ਇਕੱਠੇ ਹੋ ਕੇ ਕੁਝ ਵਿਚਾਰਾਂ ਕੀਤੀਆਂ। ਉਸ ਥਾਂ ਨੂੰ ਸੁਰੱਖਿਅਤ ਨਾ ਸਮਝ ਕੇ, ਜਲਦੀ ਹੀ ਸਾਰੇ ਭਾਈ ਨਾਨੂੰ ਦੇ ਘਰ ਚਲੇ ਗਏ ਜੋ ਵਿਚਾਰ-ਵਟਾਂਦਰੇ ਲਈ ਵਧੇਰੇ ਸੁਰੱਖਿਅਤ ਸਥਾਨ ਸੀ। ਵਿਚਾਰ ਦਾ ਇਕੋ ਇਕ ਮੁੱਦਾ ਇਹ ਸੀ ਕਿ ਸਰਕਾਰ ਦੇ ਇਸ ਮਨੋਸੂਬੇ ਨੂੰ ਸਫ਼ਲ ਨਹੀਂ ਹੋਣ ਦੇਣਾ ਕਿ ਕੱਲ੍ਹ ਨੂੰ ਗੁਰੂ ਸਾਹਿਬ ਦੇ ਸਰੀਰ ਦੇ ਅੰਗਾਂ ਨੂੰ ਦਿੱਲੀ ਦੇ ਅੱਡ-ਅੱਡ ਦਰਵਾਜ਼ਿਆਂ (ਗੇਟਾਂ) ਤੇ ਟੰਗਿਆ ਜਾਵੇ। ਗੁਰੂ ਜੀ ਪ੍ਰਤੀ ਸ਼ਰਧਾ ਪ੍ਰਗਟਾਉਣ ਅਤੇ ਸਰਕਾਰ ਨੂੰ ਆਪਣੇ ਮਨਸੂਬੇ ਵਿਚ ਸਫ਼ਲ ਨਾ ਹੋਣ ਦੇਣ ਲਈ ਇਹ ਨੌਜੁਆਨ ਗੁਰਸਿੱਖ ਸਭ ਕੁਝ ਕਰ ਗੁਜ਼ਰਨ ਨੂੰ ਤਿਆਰ ਸਨ। ਇਹ ਜਵਾਨ ਸਨ—**ਭਾਈ ਨਾਨੂੰ** ਸਪੁੱਤਰ ਭਾਈ ਬਾਘਾ (ਛੀਂਬਾ), **ਭਾਈ ਜੈਤਾ** ਸਪੁੱਤਰ ਭਾਈ ਆਗਿਆ ਰਾਮ (ਰੰਘਰੇਟਾ), **ਭਾਈ ਊਦਾ** ਸਪੁੱਤਰ ਖੇਮ ਚੰਦ (ਰਾਠੌਰ) ਤੇ **ਭਾਈ ਤੁਲਸੀ** ਸਪੁੱਤਰ ਭਾਈ ਬਾਘਾ।

ਜਦੋਂ ਵਿਚਾਰਾਂ ਹੋ ਰਹੀਆਂ ਸਨ ਤਾਂ ਖ਼ਬਰ ਮਿਲੀ ਕਿ ਠੇਕੇਦਾਰ ਲੱਖੀ ਸ਼ਾਹ ਵਣਜਾਰਾ ਤੇ ਉਹਦੇ ਨੌਜੁਆਨ ਪੁੱਤਰ ਭਾਈ ਨਿਗਾਹੀਆ, ਹੇਮਾ ਤੇ ਹਾੜੀ ਆਪਣੇ ਟਾਂਡੇ (ਬੈਲ ਗੱਡੀਆਂ ਦਾ ਵੱਡਾ ਕਾਫ਼ਲਾ) ਸਮੇਤ ਨਾਰਨੌਲ ਤੋਂ ਵਾਪਸ ਆਏ ਹਨ ਅਤੇ ਇਸ ਸਮੇਂ ਜਮਨਾ ਨਦੀ ਦੇ ਕੰਢੇ ਰੁਕੇ ਹੋਏ ਹਨ। ਭਾਈ ਨਾਨੂੰ ਜੀ ਨੇ ਸਲਾਹ ਦਿੱਤੀ ਕਿ ਭਾਈ ਲੱਖੀਸ਼ਾਹ ਤੇ ਉਸਦੇ ਬਹਾਦਰ ਸਪੁੱਤਰਾਂ ਨੂੰ ਤੁਰੰਤ ਮਿਲਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਦਾ ਸਹਿਯੋਗ ਲਿਆ ਜਾ ਸਕੇ। ਇਸ ਸਲਾਹ ਨੂੰ ਸਭ ਨੇ ਮੰਨ ਲਿਆ।

ਸਾਰੇ ਨੌਜੁਆਨ ਵੱਖਰੇ-ਵੱਖਰੇ ਰਸਤਿਆਂ ਰਾਹੀਂ ਦੇਰ ਪਈ ਰਾਤ ਸਮੇਂ ਭਾਈ ਲੱਖੀ ਸ਼ਾਹ ਦੇ ਟਾਂਡੇ ਪਾਸ ਪੁੱਜੇ। ਭਾਈ ਸਾਹਿਬ ਤੇ ਉਨ੍ਹਾਂ ਦੇ ਸਪੁੱਤਰਾਂ ਨੂੰ ਜਗਾ ਕੇ ਸਤਿਗੁਰੂ ਜੀ ਅਤੇ ਤਿੰਨਾਂ ਸਿੱਖਾਂ ਦੀ ਸ਼ਹੀਦੀ ਬਾਰੇ ਦੱਸਿਆ। ਗੁਰੂ ਸਾਹਿਬ ਦੇ ਪਾਵਨ ਸਰੀਰ ਨੂੰ ਕੋਤਵਾਲੀ ਲਾਗਿਓਂ ਚੁੱਕਣ ਬਾਰੇ ਵਿਚਾਰਾਂ ਕੀਤੀਆਂ। ਫੈਸਲਾ ਇਹ ਹੋਇਆ ਕਿ ਲੱਖੀ ਸ਼ਾਹ ਜੀ ਦਾ ਸਾਰਾ ਟਾਂਡਾ ਚਾਂਦਨੀ ਚੌਕ ਵੱਲ ਲਿਜਾਇਆ ਜਾਵੇ ਅਤੇ ਮੌਕਾ ਪਾ ਕੇ ਕੋਤਵਾਲੀ ਦੇ ਅੱਗਿਉਂ ਗੁਰੂ ਜੀ ਦਾ ਸੀਸ ਤੇ ਧੜ ਚੁੱਕ ਲਏ ਜਾਣ। ਭਾਈ ਲੱਖੀ ਸ਼ਾਹ ਸਰਕਾਰ ਲਈ ਸਾਮਾਨ ਦੀ ਢੋਅ-ਢੁਆਈ ਕਰਦੇ ਰਹਿੰਦੇ ਸਨ, ਇਸ ਲਈ ਉਨ੍ਹਾਂ 'ਤੇ ਕਿਸੇ ਨੂੰ ਸ਼ੱਕ ਨਹੀਂ ਸੀ ਪੈ ਸਕਦਾ।

ਹੋਏ ਫੈਸਲੇ ਅਨੁਸਾਰ ਭਾਈ ਨਾਨੂੰ, ਭਾਈ ਜੈਤਾ, ਭਾਈ ਊਦਾ ਤੇ ਭਾਈ ਆਗਿਆ ਰਾਮ ਟਾਂਡੇ ਦੇ ਨਾਲ ਚਾਂਦਨੀ ਚੌਕ ਦੇ ਕੋਤਵਾਲੀ ਮੈਦਾਨ ਵਿਚ ਆ ਪੁੱਜੇ। ਭਾਈ ਨਾਨੂੰ ਤੇ ਭਾਈ ਜੈਤਾ ਜੀ ਨੇ ਗੱਡਿਆਂ ਵਿਚੋਂ ਉਤਰ ਕੇ ਬੜੀ ਸਾਵਧਾਨੀ ਤੇ ਫੁਰਤੀ ਨਾਲ ਗੁਰੂ ਜੀ ਦਾ ਪਾਵਨ ਸੀਸ ਮੈਦਾਨ ਵਿਚੋਂ ਚੁੱਕ ਲਿਆ ਤੇ ਭਾਈ ਜੈਤਾ ਜੀ ਦੇ ਘਰ

ਲੈ ਆਂਦਾ। ਰਾਤ ਅੱਧੀ ਤੋਂ ਵੱਧ ਬੀਤ ਗਈ ਸੀ, ਪਹਿਰੇਦਾਰ ਬੇਪ੍ਰਵਾਹ ਹੋ ਕੇ ਸੁੱਤੇ ਪਏ ਸਨ। ਉਂਝ ਵੀ ਇਨੇ ਵੱਡੇ ਕਾਫਲੇ ਦੀ ਮੌਜੂਦਗੀ ਵਿਚ ਸੀਸ ਦੇ ਚੁੱਕੇ ਜਾਣ ਦਾ ਪਤਾ ਨਹੀਂ ਸੀ ਲੱਗ ਸਕਦਾ।

ਭਾਈ ਜੈਤਾ ਜੀ ਨੇ ਗੁਰੂ ਜੀ ਦੇ ਸੀਸ ਨੂੰ ਖਾਰੇ ਵਿਚ ਪੱਤੀਆਂ ਆਦਿ ਪਾ ਕੇ ਅਦਬ ਨਾਲ ਢਕ ਦਿੱਤਾ ਅਤੇ ਅਨੰਦਪੁਰ ਸਾਹਿਬ ਵੱਲ ਜਾਣ ਦੀ ਤਿਆਰੀ ਕਰਨ ਲੱਗੇ। ਅਗਲੇ ਦਿਨ ਰਾਤ ਨੂੰ ਭਾਈ ਜੈਤਾ ਜੀ ਆਪਣੇ ਸਿਰ ਤੇ ਗੁਰੂ ਜੀ ਦੇ ਸੀਸ ਵਾਲਾ ਖਾਰਾ ਰੱਖ ਕੇ ਅਨੰਦਪੁਰ ਨੂੰ ਤੁਰ ਪਏ। ਭਾਈ ਨਾਨੂੰ ਜੀ ਤੇ ਭਾਈ ਊਦਾ ਜੀ ਉਨ੍ਹਾਂ ਦੇ ਪਿੱਛੇ ਕੁਝ ਦੂਰੀ 'ਤੇ ਚੱਲ ਰਹੇ ਸਨ।

ਤਿੰਨੇ ਗੁਰਸਿੱਖ ਗੁਰੂ ਸਾਹਿਬ ਦਾ ਪਾਵਨ ਸੀਸ ਲੈ ਕੇ ਚੌਥੇ ਦਿਨ ਪਹਿਲਾਂ ਕੀਰਤਪੁਰ ਸਾਹਿਬ ਪੁੱਜੇ। ਇਥੋਂ ਅਨੰਦਪੁਰ ਸਾਹਿਬ (ਚੱਕ ਨਾਨਕੀ) ਸੂਚਨਾ ਭੇਜੀ ਗਈ। ਗੁਰੂ ਗੋਬਿੰਦ ਸਿੰਘ ਜੀ ਸੰਗਤਾਂ ਸਮੇਤ ਕੀਰਤਪੁਰ ਪੁੱਜੇ। ਸਭ ਨੇ ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਦਾ ਵੈਰਾਗਮਈ ਤੇ ਸ਼ਰਧਾ ਸਹਿਤ ਸਤਿਕਾਰ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਗਲਵਕੜੀ ਵਿਚ ਲੈਂਦੇ ਹੋਏ 'ਰੰਘਰੇਟੇ ਗੁਰੂ ਕੇ ਬੇਟੇ' ਹੋਣ ਦਾ ਮਾਣ ਦਿੱਤਾ। ਇਸੇ ਤਰ੍ਹਾਂ ਹੀ ਭਾਈ ਨਾਨੂੰ ਜੀ ਤੇ ਭਾਈ ਊਦਾ ਜੀ ਦਾ ਵੀ ਸਨਮਾਨ ਕੀਤਾ ਗਿਆ। ਗੁਰਸਿੱਖਾਂ ਦੇ ਇਸ ਜੋਖਮ ਭਰੇ ਕਾਰਜ ਤੇ ਸਤਿਗੁਰਾਂ ਨੇ ਉਨ੍ਹਾਂ ਨੂੰ ਸ਼ਾਬਾਸ਼ ਦਿੱਤੀ।

### *ਸੀਸ ਦਾ ਸਸਕਾਰ*

ਕੀਰਤਪੁਰ ਤੋਂ ਸੰਗਤਾਂ ਦਾ ਇਕ ਵੱਡਾ ਇਕੱਠ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਨੌਵੇਂ ਸਤਿਗੁਰਾਂ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਪੁੱਜਾ। 17 ਨਵੰਬਰ, 1675 ਨੂੰ ਸੀਸ ਦਾ ਸਸਕਾਰ ਕੀਤਾ ਗਿਆ। ਇਸ ਇਤਿਹਾਸਕ ਅਸਥਾਨ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

### *ਗੁਰੂ ਤੇਗ਼ ਬਹਾਦਰ ਜੀ ਦੇ ਧੜ ਦਾ ਸਸਕਾਰ*

ਜਦੋਂ ਭਾਈ ਜੈਤਾ ਜੀ ਨੇ ਚਾਂਦਨੀ ਚੌਕ ਦੀ ਕੋਤਵਾਲੀ ਦੇ ਕੋਲੋਂ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਚੁੱਕਿਆ ਸੀ, ਉਸੀ ਸਮੇਂ ਗੁਰਸਿੱਖਾਂ ਦੀ ਇਕ ਹੋਰ ਟੋਲੀ ਨੇ ਗੁਰੂ ਸਾਹਿਬ ਦੇ ਧੜ ਨੂੰ ਚੁੱਕ ਕੇ ਪੂਰੀ ਸਾਵਧਾਨੀ ਤੇ ਸਤਿਕਾਰ ਨਾਲ ਇਕ ਗੱਡੇ ਵਿਚ ਰੱਖ ਲਿਆ ਸੀ। ਇਸ ਟੋਲੀ ਦੇ ਵਿਚ ਭਾਈ ਲੱਖੀ ਸ਼ਾਹ ਦੇ ਤਿੰਨ ਨੌਜੁਆਨ ਸਪੁੱਤਰ—ਭਾਈ ਨਗਾਹੀਆ, ਹੇਮਾ ਤੇ ਹਾੜੀ ਸ਼ਾਮਲ ਸਨ ਤੇ ਚੌਥਾ ਭਾਈ ਕਾਹਨਾ ਜੀ ਦਾ ਜਵਾਨ ਸਪੁੱਤਰ ਭਾਈ ਧੂਮਾ ਸੀ। ਇਨ੍ਹਾਂ ਨੇ ਗੁਰੂ ਜੀ ਦਾ ਧੜ ਗੱਡੇ ਵਿਚ ਰੱਖ ਕੇ ਟਾਂਡਾ ਆਪਣੀ ਬਸਤੀ ਰਕਾਬਗੰਜ ਵੱਲ ਤੋਰ ਦਿੱਤਾ। ਪ੍ਰਭਾਤ ਹੋਣ ਤੋਂ ਪਹਿਲਾਂ ਹੀ ਰਕਾਬ ਗੰਜ ਵਿਖੇ ਧੜ ਦਾ ਸਸਕਾਰ ਕਰ ਦਿੱਤਾ ਗਿਆ। ਕਿਸੇ ਪ੍ਰਕਾਰ ਦੇ ਸ਼ੱਕ ਤੋਂ ਬਚਣ ਲਈ ਅਤੇ ਸਰਕਾਰੀ ਕਾਰਿੰਦਿਆਂ ਦੇ ਪਹੁੰਚਣ ਤੋਂ ਪਹਿਲਾਂ ਭਾਈ ਲੱਖੀ ਸ਼ਾਹ ਜੀ ਨੇ ਧੜ ਨੂੰ ਆਪਣੇ ਮਕਾਨ ਵਿਚ ਰੱਖ ਕੇ, ਮਕਾਨ ਨੂੰ ਅੱਗ ਲਾ ਦਿੱਤੀ, ਨਾਲ ਹੀ ਪਰਿਵਾਰਿਕ ਮੈਂਬਰਾਂ ਨੇ ਅੱਗ ਲੱਗਣ ਬਾਰੇ ਉੱਚੀ-ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਮਕਾਨ ਸੜ ਕੇ ਸੁਆਹ

ਹੋ ਗਿਆ। ਕੁਝ ਸਮੇਂ ਵਿਚ ਭਾਵੇਂ ਸਰਕਾਰੀ ਅਹਿਦੀਏ ਵੀ ਪੁੱਜ ਗਏ ਪਰ ਅੱਗ ਬਾਰੇ ਰੌਲਾ ਰੱਪਾ ਸੁਣ ਕੇ ਉਨ੍ਹਾਂ ਨੂੰ ਕੋਈ ਸ਼ੱਕ ਨਾ ਪਿਆ। ਇਸ ਤਰ੍ਹਾਂ ਗੁਰੂ ਜੀ ਦੇ ਸਿਰਲੱਥ ਸ਼ਰਧਾਲੂਆਂ ਨੇ ਸਰਕਾਰ ਦੇ ਨੀਚ ਮਨਸੂਬੇ ਨੂੰ ਪੂਰਾ ਨਾ ਹੋਣ ਦਿੱਤਾ, ਜਿਸ ਅਨੁਸਾਰ ਗੁਰੂ ਜੀ ਦੇ ਸਰੀਰ ਦੇ ਟੋਟੇ ਸ਼ਹਿਰ ਦੇ ਚਾਰ ਦਰਵਾਜ਼ਿਆਂ 'ਤੇ ਟੰਗੇ ਜਾਣੇ ਸਨ।

ਇਸ ਅਸਥਾਨ ਤੇ ਹੁਣ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ। ਇਸ ਯਾਦਗਾਰੀ ਅਸਥਾਨ ਨੂੰ ਵੀ ਸੰਨ 1783-85 ਵਿਚ ਸ: ਬਘੇਲ ਸਿੰਘ ਕਰੋੜਸਿੰਘੀਏ ਨੇ ਬਣਾਇਆ ਸੀ।

### *ਦਿੱਲੀ ਵਿਚ ਸਿੱਖ ਜਵਾਨਾਂ ਦੇ ਔਰੰਗਜ਼ੇਬ 'ਤੇ ਹਮਲੇ*

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਸਿੱਖਾਂ ਦੇ ਮਨਾਂ ਵਿਚ ਗੁੱਸੇ ਦੇ ਭਾਂਬੜ ਬਾਲ ਦਿੱਤੇ। ਸਿੱਖਾਂ ਦੇ ਇਸ ਗੁੱਸੇ ਦਾ ਪ੍ਰਗਟਾਵਾ ਹੇਠ ਲਿਖੀਆਂ ਤਿੰਨ ਘਟਨਾਵਾਂ ਤੋਂ ਹੁੰਦਾ ਹੈ।

(ੳ) 10 ਜੁਲਾਈ, 1676 ਈਸਵੀ ਨੂੰ ਔਰੰਗਜ਼ੇਬ ਦੀ ਸਵਾਰੀ ਚਾਂਦਨੀ ਚੌਕ ਵਿਚੋਂ ਲੰਘ ਰਹੀ ਸੀ। ਇਕ ਸਿੱਖ ਨੇ ਇਕ ਡੰਡਾ ਉਲਾਰ ਕੇ ਔਰੰਗਜ਼ੇਬ ਵੱਲ ਮਾਰਿਆ। ਇਹ ਡੰਡਾ ਔਰੰਗਜ਼ੇਬ ਦੇ ਸ਼ਾਹੀ ਛਤਰ ਦੇ ਅਗਲੇ ਹਿੱਸੇ ਵਿਚ ਲੱਗਾ। ਸਿੱਖ ਨੂੰ ਕੈਦ ਕਰਕੇ, ਕੋਤਵਾਲ ਦੇ ਹਵਾਲੇ ਕੀਤਾ ਗਿਆ। ਇਸ ਘਟਨਾ ਨਾਲ ਔਰੰਗਜ਼ੇਬ ਨੂੰ ਤਾਂ ਭਾਵੇਂ ਕੋਈ ਨੁਕਸਾਨ ਨਾ ਹੋਇਆ, ਪਰ ਉਸ ਨੂੰ ਸਿੱਖਾਂ ਦੇ ਰੋਹ ਦੀ ਸਮਝ ਜ਼ਰੂਰ ਆ ਗਈ।

(ਅ) ਉਪਰੋਕਤ ਘਟਨਾ ਦੇ ਚਾਰ ਕੁ ਮਹੀਨਿਆਂ ਦੇ ਵਿਚ ਹੀ ਇਕ ਹੋਰ ਗੁਰਸਿੱਖ ਨੇ ਨਿਧੜਕ, ਦਲੇਰ ਅਤੇ ਬਹਾਦਰ ਹੋਣ ਦਾ ਸਬੂਤ ਦਿੰਦਿਆਂ ਆਪਣੇ ਗੁੱਸੇ ਨੂੰ ਪ੍ਰਗਟ ਕੀਤਾ। 2 ਨਵੰਬਰ, ਸੰਨ 1676 ਵਾਲੇ ਦਿਨ ਔਰੰਗਜ਼ੇਬ ਦਿੱਲੀ ਦੀ ਜਾਮਾ ਮਸਜਿਦ ਦੀਆਂ ਪੌੜੀਆਂ ਉਤਰ ਕੇ ਆਪਣੇ ਘੋੜੇ 'ਤੇ ਸਵਾਰ ਹੋਣ ਲੱਗਾ ਸੀ, ਤਾਂ ਇਕ ਸਿੱਖ ਨੇ ਨੰਗੀ ਤਲਵਾਰ ਨਾਲ ਉਸ 'ਤੇ ਹਮਲਾ ਕਰ ਦਿੱਤਾ। ਸੁਰੱਖਿਆ ਕਰਮਚਾਰੀਆਂ ਦੀਆਂ ਕੋਸ਼ਿਸ਼ਾਂ ਕਾਰਨ ਉਹ ਔਰੰਗਜ਼ੇਬ ਨੂੰ ਮਾਰ ਤਾਂ ਨਹੀਂ ਸਕਿਆ, ਪਰ ਸਿੱਖਾਂ ਦੇ ਮਨਾਂ ਵਿਚ ਅੱਤਿਆਚਾਰੀ ਹਾਕਮ ਤੇ ਹਕੂਮਤ ਵਿਰੁੱਧ ਵਧ ਰਹੇ ਗੁੱਸੇ ਤੇ ਸਿੱਖਾਂ ਵਿਚ ਜ਼ੁਲਮੀ ਰਾਜ ਨੂੰ ਖ਼ਤਮ ਕਰਨ ਲਈ ਪੈਦਾ ਹੋਣ ਵਾਲੀ ਭਾਵਨਾ ਨੂੰ ਜ਼ਰੂਰ ਪ੍ਰਗਟ ਕਰ ਗਿਆ। ਉਸ ਨੂੰ ਗ੍ਰਿਫ਼ਤਾਰ ਕਰਕੇ, ਤਸੀਹੇ ਦੇਣ ਲਈ ਰਣਥੰਭੋਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ।

(ੲ) ਸਾਢੇ ਤਿੰਨ ਮਹੀਨਿਆਂ ਮਗਰੋਂ ਔਰੰਗਜ਼ੇਬ ਨੂੰ ਇਕ ਵਾਰ ਫਿਰ ਇਕ ਗੁੱਸੇ ਦਾ ਸਾਹਮਣਾ ਕਰਨਾ ਪਿਆ। 19 ਫਰਵਰੀ, ਸੰਨ 1677 ਨੂੰ ਔਰੰਗਜ਼ੇਬ ਦਰਿਆ ਜਮੁਨਾ ਵਿਚ ਕਿਸ਼ਤੀ ਦੀ ਸੈਰ ਕਰਨ ਮਗਰੋਂ ਕਿਸ਼ਤੀ ਤੋਂ ਉਤਰ ਰਿਹਾ ਸੀ। ਇਕ ਬਹਾਦਰ ਸਿੱਖ ਨੌਜੁਆਨ ਨੇ ਵਾਰੀ-ਵਾਰੀ ਦੋ ਇੱਟਾਂ ਉਸ ਨੂੰ ਜ਼ਖ਼ਮੀ ਕਰਨ ਲਈ ਜ਼ੋਰ ਨਾਲ ਉਸ ਵੱਲ ਸੁੱਟੀਆਂ। ਇਕ ਇੱਟ ਉਸ ਦੇ ਸਿੰਘਾਸਨ 'ਤੇ ਜਾ ਵੱਜੀ, ਪਰ ਉਸ ਦਾ ਬਚਾਅ ਹੋ ਗਿਆ। ਸਿੱਖ ਨੂੰ ਫੜ ਕੇ ਸ਼ਹਿਰ ਦੇ ਕੋਤਵਾਲ ਦੇ ਹਵਾਲੇ ਕਰ ਦਿੱਤਾ ਗਿਆ ਤਾਂ

ਕਿ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾ ਸਕੇ।

ਉਪਰੋਕਤ ਤਿੰਨ ਘਟਨਾਵਾਂ ਦਾ ਜ਼ਿਕਰ 'ਮੁਆਸਰ-ਇ-ਆਲਮਗੀਰੀ' ਨਾਂ ਦੀ ਪੁਸਤਕ ਵਿਚ ਕੀਤਾ ਗਿਆ ਹੈ, ਜੋ ਕਿ ਇਕ ਮੁਸਲਮਾਨ ਲਿਖਾਰੀ ਦੀ ਰਚਨਾ ਹੈ। ਇਸ ਪੁਸਤਕ ਵਿਚ ਔਰੰਗਜ਼ੇਬ ਦੇ ਰਾਜ ਦੇ ਵੇਰਵੇ ਦਿੱਤੇ ਗਏ ਹਨ।

ਇਹ ਘਟਨਾਵਾਂ ਉਸ ਝੂਠੇ ਪ੍ਰਚਾਰ ਨੂੰ ਬਿਲਕੁਲ ਰੱਦ ਕਰਦੀਆਂ ਹਨ, ਜਿਸ ਵਿਚ ਇਹ ਕਿਹਾ ਗਿਆ ਸੀ ਕਿ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਮਗਰੋਂ ਸਿੱਖਾਂ ਵਿਚ ਪੂਰੀ ਨਮੋਸ਼ੀ ਵਰਤ ਗਈ ਸੀ ਅਤੇ ਕੋਈ ਵੀ ਆਪਣੇ ਆਪ ਨੂੰ ਸਿੱਖ ਕਹਾਉਣ ਦੀ ਜੁਅਰਤ ਨਹੀਂ ਸੀ ਕਰ ਰਿਹਾ। ਇਹ ਸਾਡੇ ਕਥਿਤ-ਇਤਿਹਾਸਕਾਰਾਂ ਦੀ ਮਨੋਕਲਪਨਾ ਹੀ ਸੀ। ਇਸ ਦੇ ਉਲਟ ਗੈਰ-ਸਿੱਖ ਇਤਿਹਾਸਕਾਰਾਂ ਨੇ ਸੱਚ ਨੂੰ ਬਿਆਨ ਕੀਤਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਸਿੱਖ ਨੌਜੁਆਨਾਂ ਨੇ ਆਪਣੇ ਗੁੱਸੇ ਤੇ ਅੱਤਿਆਚਾਰਾਂ ਵਿਰੁੱਧ ਬਗਾਵਤ ਦੀ ਭਾਵਨਾ ਦਾ ਮੌਕਾ ਮਿਲਣ ਤੇ ਆਪਣੀ ਜਾਨ ਨੂੰ ਜੋਖ਼ਮ ਵਿਚ ਪਾ ਕੇ ਪ੍ਰਗਟਾਵਾ ਕੀਤਾ।

# ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਪ੍ਰਭਾਵ

ਸਮੇਂ ਸਮੇਂ ਦੀਆਂ ਸਰਕਾਰਾਂ ਜਦੋਂ ਕਿਸੇ ਲੋਕ ਲਹਿਰ ਨੂੰ ਆਪਣੇ ਵਿਰੁੱਧ ਉਠੀ ਲਹਿਰ ਸਮਝ ਲੈਂਦੀਆਂ ਹਨ ਤਾਂ ਉਸ ਲਹਿਰ ਨੂੰ ਖਤਮ ਕਰਨ ਦੇ ਇਰਾਦੇ ਨਾਲ ਅੰਤਮ ਤੌਰ ਤੇ ਜਬਰ, ਜ਼ੁਲਮ ਤੇ ਅੱਤਿਆਚਾਰਾਂ ਦੀ ਨੀਤੀ ਨੂੰ ਅਪਣਾਉਂਦੀਆਂ ਹਨ। ਅਜਿਹੀਆਂ ਸਰਕਾਰਾਂ ਲੋਕ-ਲਹਿਰਾਂ ਦੇ ਆਗੂਆਂ ਨੂੰ ਸ਼ਹੀਦ ਕਰਕੇ, ਲਹਿਰ ਵਿਚ ਸਰਗਰਮ ਲੋਕਾਂ ਤੇ ਤਸ਼ੱਦਦ ਕਰਕੇ ਜਾਂ ਕਤਲੇਆਮ ਕਰਕੇ ਇਹ ਸਮਝ ਬੈਠਦੀਆਂ ਹਨ ਕਿ ਉਨ੍ਹਾਂ ਨੇ ਲਹਿਰ ਨੂੰ ਕੁਚਲ ਕੇ ਰੱਖ ਦਿੱਤਾ ਹੈ, ਲਹਿਰ ਦਾ ਲੱਕ ਤੋੜ ਦਿੱਤਾ ਹੈ। ਆਮ ਤੌਰ ਤੇ ਸਰਕਾਰਾਂ ਕੁਝ ਅਰਸੇ ਲਈ ਆਪਣੇ ਮਨੋਰਥ ਵਿਚ ਸਫ਼ਲ ਵੀ ਹੋ ਜਾਂਦੀਆਂ ਹਨ। ਪਰ ਸਿੱਖ ਲਹਿਰ ਦੇ ਸੰਬੰਧ ਵਿਚ ਐਸਾ ਨਹੀਂ ਹੈ। ਇਸ ਲਹਿਰ ਨੂੰ ਚਲਾਉਣ ਵਾਲਿਆਂ 'ਤੇ ਜਦੋਂ ਵੀ ਜ਼ੁਲਮ ਹੋਏ ਤਾਂ, ਇਹ ਲਹਿਰ ਸਗੋਂ ਹੋਰ ਬਲਵਾਨ ਹੋਈ; ਜਬਰ, ਜ਼ੁਲਮ ਤੇ ਅੱਤਿਆਚਾਰ ਇਸ ਦੇ ਰਾਹ ਵਿਚ ਰੁਕਾਵਟ ਨਹੀਂ ਪਾ ਸਕੇ।

ਜਬਰ-ਜ਼ੁਲਮ ਦਾ ਵਿਰੋਧ ਕਰਨਾ ਸਿੱਖ ਲਹਿਰ ਦੀ ਖ਼ਾਸੀਅਤ ਰਹੀ ਹੈ। ਇਹ ਕਾਰਜ ਪ੍ਰਥਮ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਦੇਸ਼ੀ ਹਮਲਾਵਰ ਬਾਬਰ ਨੂੰ ਉਸਦੇ ਸਾਹਮਣੇ ਖਰੀਆਂ-ਖਰੀਆਂ ਸੁਣਾ ਕੇ ਸ਼ੁਰੂ ਕਰ ਦਿੱਤਾ ਸੀ। ਗੁਰਬਾਣੀ ਵਿਚ ਉਚਾਰੇ 'ਬਾਬਰਵਾਣੀ' ਦੇ ਚਾਰ ਸ਼ਬਦ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹਨ। ਇਹ ਸ਼ਬਦ ਹਨ :

(ੳ) ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ॥

*(ਤਿਲੰਗ, ਮਹਲਾ ੧—੭੨੨)*

(ਅ) ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ ॥

*(ਆਸਾ ਮ: ੧—੩੬੦)*

(ੲ) ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥

*(ਆਸਾ, ਮਹਲਾ ੧, ਅਸਟਪਦੀਆਂ, ਘਰੁ ੩, ੪੧੭)*

(ਸ) ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥

*(ਆਸਾ, ਮਹਲਾ ੧, ਅਸਟਪਦੀਆ ਘਰੁ ੩, ੪੧੭)*

ਗੁਰੂ ਅੰਗਦ ਦੇਵ ਜੀ ਦੁਆਰਾ ਹਮਾਯੂੰ ਨੂੰ ਮੂੰਹ-ਤੋੜਵਾਂ ਜਵਾਬ ਦੇਣਾ, ਗੁਰੂ ਅਰਜਨ ਦੇਵ ਜੀ ਦਾ ਅਸਹਿ ਤੇ ਅਕਹਿ ਤਸੀਹੇ ਸਹਾਰਦਿਆਂ ਲਾਹੌਰ ਵਿਚ ਸ਼ਹਾਦਤ ਦੇ ਦੇਣਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਲਾਹੌਰ ਦੀ ਹਕੂਮਤ ਵਲੋਂ ਥੋਪੇ ਗਏ ਜੰਗਾਂ ਵਿਚ, ਉਨ੍ਹਾਂ (ਸਰਕਾਰੀ ਫੌਜਾਂ) ਨੂੰ ਲੱਕ-ਤੋੜਵੀਆਂ ਹਾਰਾਂ ਦਾ ਮੂੰਹ ਦਿਖਾਉਣਾ ਸਿਖ ਲਹਿਰ ਦੀ ਜ਼ੁਲਮ ਅੱਗੇ ਨਾ ਝੁਕਣ ਅਤੇ ਜ਼ਾਲਮਾਂ ਨੂੰ ਸਜ਼ਾ ਦੇਣ ਦੀ ਨੀਤੀ ਨੂੰ ਪ੍ਰਗਟ ਕਰਦਾ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਵੀ ਇਸੇ ਰਾਹ ਤੇ ਚਲਦਿਆਂ ਹੋਇਆਂ ਆਪਣੇ ਸਰੀਰ ਦਾ ਠੀਕਰਾ ਦਿੱਲੀ-ਪਤੀ ਔਰੰਗਜ਼ੇਬ ਦੇ ਸਿਰ ਭੰਨ ਦਿੱਤਾ।

ਜਿਵੇਂ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਸਰਕਾਰ

ਦੇ ਮਨਸੂਬਿਆਂ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਸੀ, ਤਿਵੇਂ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੇ ਪ੍ਰੋਗਰਾਮ ਉਲੀਕੇ ਕਿ ਸਿੱਖਾਂ ਅੰਦਰ ਢਹਿੰਦੀ ਕਲਾ ਦਾ ਖਿਆਲ ਤੱਕ ਨਾ ਆ ਸਕਿਆ। ਸਰਕਾਰ ਨੂੰ ਇਕ ਵਾਰ ਫਿਰ ਮੂੰਹ ਦੀ ਖਾਣੀ ਪਈ। ਦਸਮ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਨੂੰ ਸਾਹਿਤ, ਸੰਗੀਤ ਅਤੇ ਯੁੱਧ-ਕਲਾ ਦਾ ਕੇਂਦਰ ਬਣਾ ਦਿੱਤਾ। ਅਨੰਦਪੁਰ ਵਿਚ 'ਰਣਜੀਤ ਨਗਾਰਾ' ਗੂੰਜਾਂ ਪਾਉਣ ਲੱਗਾ, ਗੁਰੂ ਜੀ ਅਤੇ ਸਿੱਖ ਘੋੜਿਆਂ ਤੇ ਸਵਾਰ ਹੋ ਕੇ ਸ਼ਸਤਰ ਸਜਾ ਕੇ ਨਿੱਤ ਸ਼ਿਕਾਰ ਖੇਡਣ ਜਾਣ ਲੱਗੇ। ਗੁਰੂ ਜੀ ਦੇ ਦਰਬਾਰ ਦੀ ਦਿੱਖ ਵੀ ਸ਼ਾਹੀ ਦਰਬਾਰ ਦਾ ਝਾਉਲਾ ਪਾਉਣ ਲੱਗੀ; ਗੁਰੂ ਜੀ ਕਲਗੀ ਸਜਾ ਕੇ ਸਿੰਘਾਸਨ (ਗੱਦੀ) ਤੇ ਬਿਰਾਜਮਾਨ ਹੁੰਦੇ, ਸੀਸ ਤੇ ਚੌਰ ਝੁਲਦਾ ਤੇ ਸੁਨਹਿਰੀ ਛਤਰ ਝਲਕਾਂ ਮਾਰਦਾ। ਦਰਬਾਰ ਵਿਚ ਆਮ ਸੰਗਤਾਂ ਦੇ ਨਾਲ ਸਿੱਖ-ਸੂਰਮੇ ਸਜ-ਧਜ ਕੇ ਬਹਿੰਦੇ, ਪਸ਼ਮੀਨੇ ਦੀ ਚਾਨਣੀ ਮਨੋਹਰ ਨਜ਼ਾਰਾ ਪੇਸ਼ ਕਰਦੀ, ਦਰਬਾਰ ਦੇ ਮੁੱਖ-ਦਵਾਰ 'ਤੇ ਪ੍ਰਸਾਦੀ ਹਾਥੀ ਤੇ ਹੋਰ ਹਾਥੀ ਹੁੰਦੇ ਅਤੇ ਚੋਬਦਾਰ ਸਜ ਕੇ ਖੜ੍ਹਾ ਹੁੰਦਾ।

ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਲਈ ਗੁਰੂ ਜੀ ਦਾ ਤੇਜ ਪ੍ਰਤਾਪ ਸਹਿਣਾ ਅਤੇ ਸਿੱਖ ਲਹਿਰ ਦਾ ਪ੍ਰਫੁੱਲਤ ਹੋਣਾ ਇਕ ਤਕੜੀ ਵੰਗਾਰ ਜਾਪਦੀ ਸੀ। ਸਿੱਖ ਲਹਿਰ ਨੂੰ ਵਧਣ-ਫੁਲਣ ਤੋਂ ਰੋਕਣ ਲਈ ਗੁਰੂ ਜੀ ਉਤੇ 14 ਤੋਂ 18 ਜੰਗ ਥੋਪੇ ਗਏ। ਅਨੰਦਪੁਰ ਦੀ ਆਖ਼ਰੀ ਲੜਾਈ ਨੂੰ ਛੱਡ ਕੇ ਹਰੇਕ ਵਿਚ ਗੁਰੂ ਸਾਹਿਬ ਦੀ ਜਿੱਤ ਹੋਈ। ਇਸ ਆਖ਼ਰੀ ਲੜਾਈ ਵਿਚ ਵੀ ਸਰਕਾਰ ਨੂੰ ਹਾਰ ਹੀ ਹੋਈ ਸੀ, ਕਿਉਂਕਿ ਗੁਰੂ ਸਾਹਿਬ ਬਚ ਕੇ ਨਿਕਲ ਗਏ ਸਨ। ਚਮਕੌਰ ਸਾਹਿਬ ਤੇ ਖਿਦਰਾਣੇ ਦੀ ਢਾਬ (ਮੁਕਤਸਰ) ਵਿਖੇ ਵੀ ਮੁਗ਼ਲ ਸਰਕਾਰ ਨੂੰ ਨਮੋਸ਼ੀ ਦਾ ਮੂੰਹ ਦੇਖਣਾ ਪਿਆ।

ਦਸਮ ਪਾਤਸ਼ਾਹ ਨੇ 1699 ਵਿਚ ਖਾਲਸਾ ਪੰਥ ਦੀ ਸਿਰਜਨਾ ਕਰ ਕੇ ਅੱਤਿਆਚਾਰਾਂ ਦਾ ਸਦੀਵੀ ਤੌਰ ਤੇ ਵਿਰੋਧ ਕਰਨ, ਧਰਮ ਨੂੰ ਫੈਲਾਉਣ ਅਤੇ ਲੋਕ ਹਿਤਾਂ ਦੀ ਰਾਖੀ ਲਈ **'ਅਕਾਲਪੁਰਖ ਕੀ ਫੌਜ'** ਦੀ ਸਥਾਪਨਾ ਕਰ ਦਿੱਤੀ। ਇਸ ਅਕਾਲਪੁਰਖ ਕੀ ਫੌਜ ਨੇ ਮੁਗ਼ਲ ਹਕੂਮਤ ਦੇ ਅੱਤਿਆਚਾਰਾਂ ਵਿਰੁੱਧ ਇਕ ਲੰਮਾ ਸੰਘਰਸ਼ ਵਿੱਢ ਦਿੱਤਾ। ਇਸ ਨੇ ਆਪਣੀ ਸਥਾਪਨਾ ਦੇ ਗਿਆਰਾਂ ਸਾਲਾਂ ਵਿਚ ਹੀ ਬਾਬਾ ਬੰਦਾ ਸਿੰਘ ਦੀ ਸਰਦਾਰੀ ਹੇਠ ਪੰਜਾਬ ਵਿਚ ਮੁਗ਼ਲ ਹਕੂਮਤ ਦੇ ਗੜ੍ਹ ਮਲੀਆਮੇਟ ਕਰ ਕੇ ਰੱਖ ਦਿੱਤੇ ਅਤੇ ਆਦਰਸ਼ਕ ਸਿੱਖ-ਰਾਜ ਦਾ ਰੂਪ ਪੇਸ਼ ਕੀਤਾ; ਪੂਰੇ ਦੇਸ਼ ਦੀ ਹਕੂਮਤ ਅਤੇ ਦੇਸ਼-ਧ੍ਰੋਹੀਆਂ ਦੇ ਗਠਜੋੜ ਕਾਰਨ ਇਹ ਰਾਜ 5-6 ਸਾਲਾਂ ਦੇ ਸਮੇਂ ਤੱਕ ਹੀ ਰਿਹਾ। ਪਰ ਸਿੱਖਾਂ ਨੇ ਸੰਘਰਸ਼ ਨੂੰ ਹੋਰ ਤਿੱਖਾ ਕਰ ਦਿੱਤਾ। 50 ਕੁ ਸਾਲਾਂ ਮਗਰੋਂ ਮਿਸਲਾਂ ਦੇ ਰਾਜ ਦੇ ਰੂਪ ਵਿਚ ਸਿੱਖ ਵੱਖ-ਵੱਖ ਇਲਾਕਿਆਂ ਵਿਚ ਰਾਜ ਭਾਗ ਦੇ ਮਾਲਕ ਬਣ ਗਏ। ਸਰਹੰਦ ਵਰਗੇ ਮੁਗ਼ਲ ਹਕੂਮਤ ਦੇ ਸ਼ਕਤੀਸ਼ਾਲੀ ਗੜ੍ਹ ਦਾ ਭੋਗ ਪਾ ਦਿੱਤਾ ਗਿਆ। ਸੰਨ 1799 ਵਿਚ ਲਾਹੌਰ ਤੇ ਕਬਜ਼ਾ ਕਰਕੇ, ਪੂਰੇ ਪੰਜਾਬ ਵਿਚ ਖ਼ਾਲਸਾ-ਰਾਜ ਸਥਾਪਤ ਕਰ ਦਿਤਾ ਗਿਆ ਤੇ ਮੁਗ਼ਲ ਹਕੂਮਤ ਦਾ ਪੂਰੇ ਹਿੰਦੁਸਤਾਨ ਵਿਚੋਂ ਖ਼ਾਤਮਾ ਹੋ ਗਿਆ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਸਿੱਖ ਸੰਘਰਸ਼ ਦੇ ਰਾਹ ਤੇ ਐਸੇ ਪਏ ਕਿ ਉਨ੍ਹਾਂ ਪਿੱਛੇ ਮੁੜ ਕੇ ਨਹੀਂ ਵੇਖਿਆ ਤੇ ਅੰਤਮ ਜਿੱਤ ਤੱਕ ਅੱਤਿਆਚਾਰਾਂ, ਸ਼ਹੀਦੀਆਂ, ਘੱਲੂਘਾਰਿਆਂ ਦਾ ਸਾਹਮਣਾ ਕਰਦੇ ਹੋਏ ਅੱਗੇ ਵਧਦੇ ਗਏ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੇ ਮਗਰੋਂ ਜਿਥੇ ਸਿੱਖ ਲਹਿਰ ਨਿਰੰਤਰ ਅੱਗੇ ਵੱਧਦੀ ਗਈ, ਉਥੇ ਮੁਗ਼ਲ ਹਕੂਮਤ ਦੀ ਸ਼ਕਤੀ ਲਗਾਤਾਰ ਘਟਦੀ ਗਈ। ਇਸੇ ਲਈ ਸਰਦਾਰ ਰਤਨ ਸਿੰਘ ਭੰਗੂ ਨੇ 'ਸ੍ਰੀ ਗੁਰ ਪੰਥ ਪ੍ਰਕਾਸ਼' (ਪ੍ਰਾਚੀਨ ਪੰਥ ਪ੍ਰਕਾਸ਼) ਵਿਚ ਲਿਖਿਆ ਹੈ :

ਤਬ ਤੇ ਘਟੀ ਪਾਤਿਸਾਹੀ ਦਿੱਲੀ।
ਤਬ ਤੇ ਤਰਕ ਕਲਾ ਭਈ ਢਿੱਲੀ।

# ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਆਏ ਗੁਰਮਤਿ ਸਿਧਾਂਤ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 12ਵੀਂ ਤੋਂ 17ਵੀਂ ਸਦੀ ਦੇ ਬਾਣੀਕਾਰਾਂ ਦੀ ਬਾਣੀ ਹੈ। ਇਸ ਦੇ ਬਾਵਜੂਦ ਇਹ ਗੱਲ ਕਮਾਲ ਦੀ ਹੈ ਕਿ ਸਿਧਾਂਤਕ ਪੱਖੋਂ ਸਮੁੱਚੀ ਬਾਣੀ ਵਿਚ ਕੋਈ ਅੰਤਰ ਨਹੀਂ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਵੀ ਬਾਕੀ ਪੰਜ ਸਤਿਗੁਰਾਂ (ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਹੈ) ਤੇ ਹੋਰ ਬਾਣੀਕਾਰਾਂ ਵਾਲੇ ਸਿਧਾਂਤ ਹਨ। ਆਪ ਜੀ ਨੇ ਵਧੇਰੇ ਜ਼ੋਰ ਮਨੁੱਖੀ ਜੀਵਨ ਦੀ ਅਸਾਰਤਾ ਨੂੰ ਪ੍ਰਗਟ ਕਰਕੇ ਮਨੁੱਖਾਂ ਨੂੰ ਆਪਣਾ ਜੀਵਨ ਅਜਾਈਂ ਨਾ ਗੁਆਉਣ ਅਤੇ ਮਨੁੱਖਾ ਜੀਵਨ ਨੂੰ ਪ੍ਰਭੂ ਨਾਲ ਜੁੜ ਕੇ ਸਫ਼ਲ ਕਰਨ ਉੱਤੇ ਜ਼ੋਰ ਦਿੱਤਾ ਹੈ।

ਕੁਝ ਕਥਿਤ ਵਿਦਵਾਨਾਂ ਨੇ ਉਨ੍ਹਾਂ ਦੀ ਬਾਣੀ ਵਿਚ ਜੀਵਨ ਤੋਂ ਉਪਰਾਮਤਾ ਜਾਂ ਨਿਰਾਸ਼ਾ ਦੀ ਗੱਲ ਕਹੀ ਹੈ, ਪਰ ਗੁਰੂ ਜੀ ਦੀ ਬਾਣੀ ਦਾ ਡੂੰਘਾ ਅਧਿਐਨ ਕਰਨ ਤੋਂ ਬਾਅਦ ਐਸੀ ਕੋਈ ਗੱਲ ਪ੍ਰਤੀਤ ਨਹੀਂ ਹੁੰਦੀ।

'ਸਲੋਕ ਮਹਲਾ ੯' ਦੇ ਸਿਰਲੇਖ ਹੇਠ ਆਏ ਸਲੋਕ ਨੰਬਰ 53 (ਬਲੁ ਛੁਟਕਿਓ ਬੰਧਨ ਪਰੇ...), 54 ਅਤੇ 55 ਬਾਰੇ ਵੀ ਕੁਝ ਭੁਲੇਖੇ ਪਾਏ ਗਏ ਹਨ। ਸਲੋਕ ਨੰਬਰ 54 (ਬਲੁ ਹੋਆ ਬੰਧਨੁ ਛੂਟੇ...) ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਦੱਸਿਆ ਜਾ ਰਿਹਾ ਹੈ। ਗੁਰੂ ਜੀ ਨੇ ਜਿਸ ਦ੍ਰਿੜ੍ਹਤਾ ਨਾਲ, ਘੋਰ ਤਸੀਹੇ ਸਹਿੰਦਿਆਂ ਹੋਇਆਂ ਸ਼ਹੀਦੀ ਦਿੱਤੀ ਸੀ, ਉਸ ਨਾਲ ਕੋਈ ਭੁਲੇਖਾ ਨਹੀਂ ਰਹਿੰਦਾ ਕਿ ਉਹ ਘਬਰਾ ਗਏ ਸਨ। ਇਨ੍ਹਾਂ ਤਿੰਨਾਂ ਸਲੋਕਾਂ ਦਾ ਸ਼ਹੀਦੀ ਨਾਲ ਕੋਈ ਸੰਬੰਧ ਨਹੀਂ ਹਨ, ਸਗੋਂ ਇਹ ਤਾਂ ਬਾਕੀ ਸਲੋਕਾਂ ਦੀ ਤਰ੍ਹਾਂ ਸਭ ਜੀਵਾਂ ਨੂੰ ਗੁਰਮਤਿ ਦਾ ਸੰਦੇਸ਼ ਦਿੰਦੇ ਹਨ। ਇਨ੍ਹਾਂ ਸਲੋਕਾਂ ਵਿਚ ਸਮਝਾਇਆ ਗਿਆ ਹੈ ਕਿ ਮਾਇਆ ਦੇ ਬੰਧਨਾਂ ਵਿਚ ਜਕੜਿਆ ਮਨੁੱਖ ਆਤਮਿਕ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ ਅਤੇ ਪ੍ਰਭੂ ਦੀ ਸ਼ਰਨ ਵਿਚ ਆ ਕੇ ਉਹੀ ਮਨੁੱਖ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦਾ ਹੈ ਅਤੇ ਆਤਮਕ ਤੌਰ ਤੇ ਬਲਵਾਨ ਹੋ ਜਾਂਦਾ ਹੈ। ਜੀਵਨ ਦੇ ਅੰਤ ਸਮੇਂ ਕੇਵਲ ਪ੍ਰਭੂ (ਦਾ ਸਿਮਰਨ) ਹੀ ਸਹਾਈ ਹੁੰਦਾ ਹੈ, ਸੰਸਾਰਕ ਰਿਸ਼ਤੇਦਾਰ ਤੇ ਸੰਗੀ-ਸਾਥੀ ਕੋਈ ਸਹਾਇਤਾ ਨਹੀਂ ਕਰ ਸਕਦੇ।

ਗੁਰੂ ਤੇਗ਼ ਬਹਾਦਰ ਸਾਹਿਬ ਨੇ 59 ਸ਼ਬਦ ਅਤੇ 57 ਸਲੋਕ ਉਚਾਰਨ ਕੀਤੇ ਹਨ। ਸਾਰੇ ਸਲੋਕ ਗੁਰੂ ਗ੍ਰੰਥ ਸਾਹਿਬ ਜੀ ਦੇ ਅਖ਼ੀਰ ਵਿਚ ਦਰਜ ਹਨ। ਗੁਰੂ ਸਾਹਿਬ ਨੇ 15 ਰਾਗਾਂ ਵਿਚ ਹੇਠਾਂ ਅਨੁਸਾਰ ਸ਼ਬਦ ਉਚਾਰਨ ਕੀਤੇ ਹਨ :

| | |
|---|---|
| ਗਉੜੀ—9 | ਤਿਲੰਗ—3 |
| ਆਸਾ—1 | ਬਿਲਾਵਲੁ—3 |
| ਦੇਵਗੰਧਾਰੀ—3 | ਰਾਮਕਲੀ—3 |

| | |
|---|---|
| ਬਿਹਾਗੜਾ—1 | ਮਾਰੂ—3 |
| ਸੋਰਠਿ—12 | ਬਸੰਤ—5 |
| ਧਨਾਸਰੀ—4 | ਸਾਰੰਗ—4 |
| ਜੈਤਸਰੀ—3 | ਜੈਜਾਵੰਤੀ—4 |
| ਟੋਡੀ—1 | ਜੋੜ—59 |

ਜੈਜਾਵੰਤੀ ਰਾਗ ਵਿਚ ਸਿਰਫ਼ ਗੁਰੂ ਤੇਗ ਬਹਾਦਰ ਜੀ ਨੇ ਹੀ ਬਾਣੀ ਉਚਾਰਨ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਅੰਤਿਮ ਅਤੇ ਇਕੱਤੀਵਾਂ ਰਾਗ ਹੈ।

ਗੁਰੂ ਤੇਗ ਬਹਾਦਰ ਜੀ ਦਾ ਮੁੱਖ ਆਸ਼ਾ ਸੰਸਾਰੀ ਜੀਵਾਂ ਨੂੰ ਜੀਵਨ ਦੀ ਅਸਾਰਤਾ ਦਾ ਗਿਆਨ ਕਰਵਾ ਕੇ ਪ੍ਰਭੂ-ਸਿਮਰਨ ਦੀ ਪ੍ਰੇਰਣਾ ਦੇਣੀ ਤੇ ਪ੍ਰਭੂ ਨਾਲ ਜੋੜਨਾ ਹੈ। ਪ੍ਰਭੂ ਨਾਲ ਜੁੜਿਆਂ ਹੀ ਸੰਸਾਰ ਦੀ ਅਸਲੀਅਤ ਦਾ ਪਤਾ ਲਗਦਾ ਹੈ, ਜੀਵ ਮਾਇਆ ਦੀ ਨੀਂਦ ਤੋਂ ਜਾਗਦੇ ਹਨ; ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਵਿਕਾਰਾਂ ਨੂੰ ਤਿਆਗਦੇ ਹਨ ਅਤੇ ਆਤਮਕ ਅਡੋਲਤਾ (ਸਹਿਜ ਅਵਸਥਾ) ਨੂੰ ਪ੍ਰਾਪਤ ਕਰਕੇ ਸੰਸਾਰਕ ਦੁਖਾਂ-ਸੁਖਾਂ ਦੇ ਪ੍ਰਭਾਵਾਂ ਤੋਂ ਮੁਕਤ ਹੋ ਜਾਂਦੇ ਹਨ। ਪ੍ਰਭੂ ਨਾਲ ਜੁੜੇ ਹੋਏ ਮਨੁੱਖ ਹੀ ਨਿਰਭਉ ਤੇ ਨਿਰਵੈਰ ਬਣਦੇ ਹਨ; ਉਨ੍ਹਾਂ ਦੇ ਅੰਦਰੋਂ ਧਨ ਅਤੇ ਸੰਸਾਰਕ ਪਦਾਰਥਾਂ ਦਾ ਮੋਹ ਖ਼ਤਮ ਹੋ ਜਾਂਦਾ ਹੈ, ਇਸ ਲਈ ਉਹ ਸੱਚੀ-ਸੁੱਚੀ ਕਿਰਤ ਕਰਦੇ ਹਨ ਅਤੇ ਗਲਤ ਢੰਗਾਂ ਨਾਲ ਮਾਇਆ ਇਕੱਠੀ ਨਹੀਂ ਕਰਦੇ। ਇਹੋ ਜਿਹੇ ਮਨੁੱਖ ਸਦਾ 'ਅਨੰਦ' (ਆਤਮਕ ਖੇੜੇ) ਵਿਚ ਰਹਿੰਦੇ ਹਨ ਅਤੇ ਕਲਹ-ਕਲੇਸ਼ ਤੋਂ ਮੁਕਤ, ਸ਼ਾਂਤ ਅਤੇ ਖੁਸ਼ਹਾਲ ਸਮਾਜ ਦੇ ਨਿਰਮਾਣ ਵਿਚ ਆਪਣਾ ਹਿੱਸਾ ਪਾਉਂਦੇ ਹਨ। ਉਹ ਆਪ ਰੱਬੀ (ਦੈਵੀ) ਗੁਣਾਂ ਵਾਲੇ ਬਣਦੇ ਹਨ ਅਤੇ ਸਮਾਜ ਵਿਚ ਦੈਵੀ ਗੁਣਾਂ ਦਾ ਬੋਲ-ਬਾਲਾ ਕਰਨ ਵਿਚ ਜੁਟੇ ਰਹਿੰਦੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਹੇਠ ਲਿਖੇ ਗੁਰਮਤਿ ਸਿਧਾਂਤ ਆਪ-ਮੁਹਾਰੇ ਪ੍ਰਗਟ ਹੁੰਦੇ ਹਨ :

### *1. ਜੀਵਨ ਦਾ ਮਨੋਰਥ—ਪ੍ਰਭੂ ਨਾਲ ਜੁੜਨਾ*

ਸਾਧੋ, ਗੋਬਿੰਦ ਕੇ ਗੁਨ ਗਾਵਉ ॥
ਮਾਨਸ ਜਨਮੁ ਅਮੋਲਕੁ ਪਾਇਓ, ਬਿਰਥਾ ਕਾਹਿ ਗਵਾਵਉ ॥

*(ਗਉੜੀ ਮ: ੯—੨੧੯)*

ਹੇ ਗੁਰਮੁਖ ਜਨੋ! ਉਸ ਪਰਮਾਤਮਾ ਦਾ ਨਾਮ ਜਪੋ, ਤੁਹਾਨੂੰ ਕੀਮਤੀ ਮਨੁੱਖਾ ਜਨਮ ਮਿਲਿਆ ਹੈ ਇਸ ਨੂੰ ਐਵੇਂ ਬੇਕਾਰ ਕਿਉਂ ਗਵਾ ਰਹੇ ਹੋ?

ਗੁਨ ਗੋਬਿੰਦ ਗਾਇਓ ਨਹੀ, ਜਨਮੁ ਅਕਾਰਥ ਕੀਨੁ ॥

*(ਸਲੋਕ ਮਹਲਾ ੯—੧੪੨੬)*

ਹੇ ਭਾਈ! ਤੂੰ ਪਰਮਾਤਮਾ ਦੀ ਸਿਫ਼ਤ-ਸਾਲਾਹ ਨਹੀਂ ਕੀਤੀ, ਮਨੁੱਖਾ ਜੀਵਨ

ਵਿਅਰਥ ਗਵਾ ਲਿਆ ਹੈ।

ਫਿਰਤ ਫਿਰਤ ਬਹੁਤੇ ਜੁਗ ਹਾਰਿਓ, ਮਾਨਸ ਦੇਹ ਲਹੀ॥
ਨਾਨਕ ਕਹਤ ਮਿਲਨ ਕੀ ਬਰੀਆ, ਸਿਮਰਤ ਕਹਾ ਨਹੀ॥

*(ਸੋਰਠਿ, ਮਹਲਾ ੯–੬੩੧)*

ਹੇ ਭਾਈ! ਕਈ ਜੁਗ ਤੂੰ ਭਟਕਦਾ ਰਿਹਾ ਹੈਂ, ਹੁਣ ਤੈਨੂੰ ਮਨੁੱਖਾ ਸਰੀਰ ਪ੍ਰਾਪਤ ਹੋਇਆ ਹੈ। ਨਾਨਕ ਆਖਦਾ ਹੈ—ਹੇ ਭਾਈ! ਇਹ ਤੇਰੇ ਲਈ ਪਰਮਾਤਮਾ ਨੂੰ ਮਿਲਣ ਦੀ ਵਾਰੀ ਹੈ, ਉਸ ਪ੍ਰਭੂ ਦਾ ਨਾਮ ਸਿਮਰਨ ਕਿਉਂ ਨਹੀਂ ਕਰਦਾ?

## 2. ਸਿਮਰਨ ਦੀ ਵਡਿਆਈ

ਅਕਾਲ ਪੁਰਖ ਦਾ ਸਿਮਰਨ, ਉਸ ਦੀ ਪਿਆਰ ਭਰੀ ਯਾਦ ਅਥਵਾ ਉਸ ਦੇ ਗੁਣਾਂ ਨੂੰ ਮਨ ਵਿਚ ਵਸਾਉਣ ਨਾਲ ਹੀ ਪ੍ਰਭੂ ਨਾਲ ਜੁੜਿਆ ਜਾ ਸਕਦਾ ਹੈ। ਇਸ ਸੰਬੰਧ ਵਿਚ ਗੁਰੂ ਤੇਗ਼ ਬਹਾਦਰ ਜੀ ਦੇ ਫ਼ੁਰਮਾਨ ਹਨ :

ਹਰਿ ਜਸੁ ਰੇ ਮਨਾ ਗਾਇ ਲੈ, ਜੋ ਸੰਗੀ ਹੈ ਤੇਰੋ॥
ਅਉਸਰੁ ਬੀਤਿਓ ਜਾਤੁ ਹੈ, ਕਹਿਓ ਮਾਨ ਲੈ ਮੇਰੋ॥

*(ਤਿਲੰਗ, ਮਹਲਾ ੯–੭੨੭)*

ਹੇ ਮੇਰੇ ਮਨ! ਪਰਮਾਤਮਾ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਇਆ ਕਰ। ਇਹ ਹੀ ਤੇਰਾ ਅਸਲੀ ਸਾਥੀ ਹੈ। ਮੇਰੀ ਇਹ ਗੱਲ ਮੰਨ ਲੈ ਕਿਉਂਕਿ ਉਮਰ ਦਾ ਸਮਾਂ ਲੰਘਦਾ ਜਾ ਰਿਹਾ ਹੈ।

ਭਏ ਦਇਆਲ ਕ੍ਰਿਪਾਲ ਸੰਤ ਜਨ, ਤਬ ਇਹ ਬਾਤ ਬਤਾਈ॥
ਸਰਬ ਧਰਮ ਮਾਨੋ ਤਿਹ ਕੀਏ, ਜਿਹ ਪ੍ਰਭ ਕੀਰਤਿ ਗਾਈ॥

*(ਰਾਮਕਲੀ, ਮਹਲਾ ੯–੯੦੨)*

ਜਦੋਂ ਦਇਆਲੂ ਸਤਿਗੁਰੂ ਨੇ ਮੇਰੇ 'ਤੇ ਕਿਰਪਾ ਕੀਤੀ ਤਾਂ ਉਨ੍ਹਾਂ ਮੈਨੂੰ ਇਹ ਗੱਲ ਸਮਝਾ ਦਿੱਤੀ ਕਿ ਜਿਸ ਮਨੁੱਖ ਨੇ ਪ੍ਰਭੂ ਦਾ ਜਸ ਗਾਇਨ ਕੀਤਾ ਹੈ, ਮਾਨੋਂ ਉਸ ਨੇ ਮਿਥੇ ਹੋਏ ਸਾਰੇ ਧਰਮ-ਕਰਮ ਕਰ ਲਏ ਹਨ; ਭਾਵ, ਪ੍ਰਭੂ ਸਿਮਰਨ ਕਰਨ ਵਾਲੇ ਕੋਈ ਕਰਮ-ਕਾਂਡ ਨਹੀਂ ਕਰਦੇ।

ਜੋ ਪ੍ਰਾਨੀ ਨਿਸਿ ਦਿਨੁ ਭਜੈ, ਰੂਪ ਰਾਮ ਤਿਹ ਜਾਨੁ॥
ਹਰਿ ਜਨ ਹਰਿ ਅੰਤਰੁ ਨਹੀ, ਨਾਨਕ ਸਾਚੀ ਮਾਨੁ॥ ੨੯॥

*(ਸਲੋਕ ਮਹਲਾ ੯–੧੪੨੭-੨੮)*

ਜਿਹੜਾ ਜੀਵ ਹਰ ਸਮੇਂ ਪ੍ਰਭੂ ਦੀ ਯਾਦ ਵਿਚ ਜੁੜਿਆ ਰਹਿੰਦਾ ਹੈ, ਉਹ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ। ਅਜਿਹੇ ਜੀਵ ਅਤੇ ਵਾਹਿਗੁਰੂ ਦੇ ਵਿਚ ਕੋਈ ਭਿੰਨ-ਭੇਦ (ਅੰਤਰ) ਨਹੀਂ ਰਹਿੰਦਾ।

### 3. ਪ੍ਰਭੂ ਦੀ ਸਿਫ਼ਤ-ਸਾਲਾਹ ਤੇ ਗੁਣ-ਗਾਇਨ ਕਰਨਾ

ਪ੍ਰਭੂ ਦੇ ਸਿਮਰਨ ਦਾ ਢੰਗ-ਤਰੀਕਾ ਪ੍ਰਭੂ ਦੀ ਸਿਫਤਿ-ਸਾਲਾਹ ਕਰਨਾ ਹੈ; ਸ਼ਰਧਾ ਤੇ ਪਿਆਰ ਸਹਿਤ ਪ੍ਰਭੂ ਦੇ ਗੁਣਾਂ ਨੂੰ (ਗੁਰਬਾਣੀ ਰਾਹੀਂ) ਗਾਉਣਾ ਤੇ ਸੁਣਨਾ ਹੈ :

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੋਬਿੰਦ ਗੁਨੁ ਸੁਨਉ, ਅਰੁ ਗਾਉ ਰਸਨਾ ਗੀਤਿ ॥ ੧ ॥

*(ਸੋਰਠਿ, ਮਹਲਾ ੯–੬੩੧)*

ਹੇ ਮੇਰੇ ਮਨ! ਤੂੰ ਪਰਮਾਤਮਾ ਨਾਲ ਪਿਆਰ ਪਾ। ਪ੍ਰਭੂ ਦੇ ਗੁਣਾਂ ਨੂੰ ਕੰਨਾਂ ਨਾਲ ਸੁਣਿਆ ਕਰ ਅਤੇ ਜ਼ਬਾਨ (ਜੀਭ) ਨਾਲ ਉਸਦੀ ਸਿਫ਼ਤ-ਸਾਲਾਹ ਦੇ ਗੀਤ ਗਾਇਆ ਕਰ।

ਪ੍ਰਭੂ ਦੀ ਸਿਫ਼ਤ ਲਈ, ਪ੍ਰਭੂ ਅੱਗੇ ਪੂਰੀ ਤਰ੍ਹਾਂ ਆਪਾ-ਸਮਰਪਨ ਕਰਨਾ ਅਤੀ ਜ਼ਰੂਰੀ ਹੈ :

ਸੁਆਮੀ ਕੋ ਗ੍ਰਿਹੁ ਜਿਉ ਸਦਾ, ਸੁਆਨ ਤਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਉ, ਇਕ ਮਨਿ ਹੁਇ ਇਕ ਚਿਤਿ ॥ ੪੫ ॥

*(ਸਲੋਕ ਮਹਲਾ ੯–੧੪੨੮)*

ਹੇ ਭਾਈ! ਜਿਵੇਂ ਕੁੱਤਾ ਆਪਣੇ ਮਾਲਕ ਦਾ ਦਰ ਕਦੇ ਵੀ ਨਹੀਂ ਛੱਡਦਾ (ਭਾਵ, ਹਮੇਸ਼ਾ ਹੀ ਮਾਲਕ ਦੇ ਦਰ ਤੇ ਉਸਦਾ ਵਫਾਦਾਰ ਬਣ ਕੇ ਬੈਠਾ ਰਹਿੰਦਾ ਹੈ), ਤੁਸੀਂ ਵੀ ਇਸੇ ਤਰ੍ਹਾਂ ਇਕ ਮਨ-ਇਕ ਚਿੱਤ ਹੋ ਕੇ (ਇਕਾਗਰਤਾ ਨਾਲ) ਸਦਾ ਹੀ ਪ੍ਰਭੂ ਦਾ ਸਿਮਰਨ ਕਰਿਆ ਕਰੋ (ਕਦੇ ਵੀ ਸਿਮਰਨ ਕਰਨਾ ਨਾ ਛੱਡੋ)।

### 4. ਪ੍ਰਭੂ ਬਾਰੇ ਗੁਰਮਤਿ-ਵਿਚਾਰ

ਜਿਸ ਪ੍ਰਭੂ ਦਾ ਸਿਮਰਨ ਕਰਨਾ ਹੈ, ਉਹ ਨਿਰਾਕਾਰ **ਹੈ, ਸਰਬ ਸ਼ਕਤੀਮਾਨ ਹੈ,** ਸਰਬ ਵਿਆਪਕ ਹੈ–ਹਰੇਕ ਹਿਰਦੇ ਵਿਚ ਮੌਜੂਦ ਹੈ। **ਉਹ ਸਭ ਤੋਂ ਨੇੜੇ ਹੈ। ਸਰਬ ਸੁਖ** ਦਾਤਾ ਹੈ, ਨੀਵਿਆਂ (ਮੰਦ-ਕਰਮੀਂ) ਬੰਦਿਆਂ ਨੂੰ ਵੀ ਗੁਣਵਾਨ ਬਣਾ ਕੇ **ਉਨ੍ਹਾਂ ਨੂੰ ਸੰਸਾਰ-**ਸਾਗਰ ਤੋਂ ਤਾਰ ਦਿੰਦਾ ਹੈ (ਭਾਵ ਉਨ੍ਹਾਂ ਦਾ ਜੀਵਨ **ਸਫ਼ਲ ਕਰ ਦਿੰਦਾ ਹੈ), ਉਹ ਮਨੁੱਖ** ਦੀਆਂ ਗਿਆਨ ਇੰਦਰੀਆਂ ਦੀ ਪਕੜ ਵਿਚ ਨਹੀਂ, **ਉਸ ਦਾ ਵਰਣਨ ਨਹੀਂ ਕੀਤਾ** ਜਾ ਸਕਦਾ। ਨੌਵੇਂ ਸਤਿਗੁਰੂ ਜੀ ਦੇ ਕੁਝ ਬਚਨ ਇਸ ਪ੍ਰਕਾਰ ਹਨ :

(i) **ਘਟ ਘਟ ਮੈ ਹਰਿ ਜੂ ਬਸੈ, ਸੰਤਨ ਕਹਿਓ ਪੁਕਾਰਿ ॥**
**ਕਹੁ ਨਾਨਕ ਤਿਹ ਭਜੁ ਮਨਾ, ਭਉ ਨਿਧਿ ਉਤਰਹਿ ਪਾਰਿ ॥ ੧੨ ॥**

*(ਸਲੋਕ ਮਹਲਾ ੯–੧੪੨੭)*

ਪ੍ਰਭੂ-ਪਿਆਰਿਆਂ ਨੇ ਇਹ ਗੱਲ ਜ਼ੋਰ ਦੇ ਕੇ ਕਹੀ **ਹੈ ਕਿ ਪ੍ਰਭੂ ਹਰੇਕ ਹਿਰਦੇ ਵਿਚ** ਮੌਜੂਦ ਹੈ। ਹੇ ਮੇਰੇ ਮਨ! ਤੂੰ ਵੀ ਉਸ ਦੀ ਸਿਫ਼ਤਿ-ਸਾਲਾਹ **ਕਰਿਆ ਕਰ, ਜਿਸ ਨਾਲ** ਤੂੰ ਸੰਸਾਰ-ਸਮੁੰਦਰ ਤੋਂ ਪਾਰ ਹੋ ਜਾਵੇਂਗਾ।

*(ii)* ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ, ਘਟ ਹੀ ਖੋਜਹੁ ਭਾਈ ॥

*(ਧਨਾਸਰੀ, ਮਹਲਾ ੯–੬੮੪)*

ਹੇ ਜੀਵ! ਤੂੰ ਇਹ ਸਮਝ ਲੈ ਕਿ ਜਿਵੇਂ ਫੁੱਲਾਂ ਵਿਚ ਖੁਸ਼ਬੂ ਵੱਸਦੀ ਹੈ, ਜਿਵੇਂ ਸ਼ੀਸ਼ੇ ਵਿਚ ਪਰਛਾਵਾਂ ਦਿੱਸਦਾ ਹੈ ਇਸੇ ਤਰ੍ਹਾਂ ਹੀ ਪਰਮਾਤਮਾ ਸਭ ਦੇ ਅੰਦਰ ਵੱਸ ਰਿਹਾ ਹੈ। ਉਸ ਨੂੰ ਆਪਣੇ ਹਿਰਦੇ ਵਿਚ ਲੱਭ।

*(iii)* ਜਾ ਕਉ ਜੋਗੀ ਖੋਜਤ ਹਾਰੇ, ਪਾਇਓ ਨਾਹਿ ਤਿਹ ਪਾਰਾ ॥
ਸੋ ਸੁਆਮੀ ਤੁਮ ਨਿਕਟਿ ਪਛਾਨੋ, ਰੂਪ ਰੇਖ ਤੇ ਨਿਆਰਾ ॥

*(ਜੈਤਸਰੀ, ਮਹਲਾ ੯–੭੦੩)*

ਹੇ ਜੀਵ! ਤੂੰ ਉਸ ਪਰਮਾਤਮਾ ਨੂੰ ਆਪਣੇ ਅੰਗ-ਸੰਗ ਵੱਸਦਾ ਪ੍ਰਤੀਤ ਕਰ ਜਿਸਦਾ ਕੋਈ ਰੂਪ (ਸ਼ਕਲ) ਤੇ ਚਿੰਨ੍ਹ ਨਹੀਂ ਹੈ ਅਤੇ ਜਿਸ ਦਾ ਅੰਤ ਯੋਗੀ ਲੱਭਦੇ ਲੱਭਦੇ ਥੱਕ ਗਏ ਹਨ, ਪਰ ਉਹ ਅੰਤ ਨਹੀਂ ਪਾ ਸਕੇ।

*(iv)* ਛਿਨ ਮਹਿ ਰਾਉ ਰੰਕ ਕਉ ਕਰਈ, ਰਾਉ ਰੰਕ ਕਰਿ ਡਾਰੇ ॥
ਰੀਤੇ ਭਰੇ, ਭਰੇ ਸਖਨਾਵੈ, ਯਹ ਤਾ ਕੋ ਬਿਵਹਾਰੇ ॥

*(ਬਿਹਾਗੜਾ, ਮਹਲਾ ੯–੫੩੭)*

ਪ੍ਰਭੂ ਸਰਬ ਸ਼ਕਤੀਮਾਨ ਹੈ। ਖਿਨ ਵਿਚ ਬਾਦਸ਼ਾਹ ਨੂੰ ਕੰਗਾਲ ਤੇ ਕੰਗਾਲ ਨੂੰ ਬਾਦਸ਼ਾਹ ਬਣਾ ਦਿੰਦਾ ਹੈ; ਖਾਲੀ ਭਾਂਡਿਆਂ (ਨਿਰਧਨਾਂ) ਨੂੰ (ਧਨ ਨਾਲ) ਭਰ ਦਿੰਦਾ ਹੈ ਅਤੇ ਭਰੇ ਹੋਇਆਂ (ਧਨਵਾਨਾਂ) ਨੂੰ ਖਾਲੀ ਕਰ ਦਿੰਦਾ ਹੈ (ਨਿਰਧਨ ਬਣਾ ਦਿੰਦਾ ਹੈ)। ਇਹ ਉਸ ਦਾ ਆਮ ਵਿਵਹਾਰ ਹੈ।

*(v)* ਹਰਿ ਕੀ ਗਤਿ ਨਹਿ ਕੋਊ ਜਾਨੈ ॥
ਜੋਗੀ ਜਤੀ ਤਪੀ ਪਚਿ ਹਾਰੇ, ਅਰੁ ਬਹੁ ਲੋਗ ਸਿਆਨੇ ॥

*(ਬਿਹਾਗੜਾ, ਮਹਲਾ ੯–੫੩੭)*

ਅਕਾਲ ਪੁਰਖ ਕਿਹੋ ਜਿਹਾ ਹੈ—ਇਹ ਕੋਈ ਵੀ ਜੀਵ ਨਹੀਂ ਦੱਸ ਸਕਦਾ। ਅਨੇਕਾਂ ਯੋਗੀ, ਬ੍ਰਹਮਚਾਰੀ ਤਪੀ (ਤਪੱਸਿਆ ਕਰਨ ਵਾਲੇ), ਆਦਿਕ ਅਤੇ ਵਿਦਵਾਨ ਖਪ-ਖਪ ਕੇ ਹਾਰ ਗਏ, ਪਰ ਕੋਈ ਵੀ ਉਸਦੇ ਸਰੂਪ ਦਾ ਵਰਣਨ ਨਹੀਂ ਕਰ ਸਕਿਆ।

*(vi)* ਸਭ ਸੁਖ ਦਾਤਾ ਰਾਮੁ ਹੈ, ਦੂਸਰ ਨਾਹਿਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ, ਤਿਹ ਸਿਮਰਤ ਗਤਿ ਹੋਇ ॥ ੯ ॥

*(ਸਲੋਕ ਮਹਲਾ ੯–੧੪੨੬)*

ਪਰਮਾਤਮਾ ਹੀ ਸਭ ਤਰ੍ਹਾਂ ਦੇ ਸੁਖ ਦੇਣ ਵਾਲਾ ਹੈ, (ਸੁਖ ਦੇਣ ਵਾਲਾ) ਦੂਜਾ ਕੋਈ ਹੋਰ ਨਹੀਂ ਹੈ। ਹੇ ਮੇਰੇ ਮਨ! ਉਸ ਦੀ ਸਿਫ਼ਤ-ਸਾਲਾਹ ਕਰਨ ਨਾਲ ਉੱਚੀ ਆਤਮਕ ਅਵਸਥਾ ਭੀ ਪ੍ਰਾਪਤ ਹੁੰਦੀ ਹੈ।

(vii) ਪਤਿਤ ਉਧਾਰਨ ਭੈ ਹਰਨ, ਹਰਿ ਅਨਾਥ ਕੇ ਨਾਥ॥
ਕਹੁ ਨਾਨਕ ਤਿਹ ਜਾਨੀਐ, ਸਦਾ ਬਸਤੁ ਤੁਮ ਸਾਥਿ॥ ੬॥

*(ਸਲੋਕ ਮਹਲਾ ੯-੧੪੨੬)*

ਪ੍ਰਭੂ ਧਰਮ ਤੋਂ ਡਿੱਗੇ ਹੋਏ ਲੋਕਾਂ ਦਾ ਵੀ ਉਧਾਰ ਕਰਨ ਵਾਲਾ ਹੈ, ਹਰ ਤਰ੍ਹਾਂ ਦੇ ਡਰ ਦੂਰ ਕਰਨ ਵਾਲਾ ਹੈ ਅਤੇ ਬੇਸਹਾਰਾ ਮਨੁੱਖਾਂ ਦਾ ਸਾਥ ਦੇਣ ਵਾਲਾ (ਖਸਮ) ਹੈ। ਐ ਇਨਸਾਨ! ਉਸ ਨੂੰ ਹਮੇਸ਼ਾ ਆਪਣੇ ਨਾਲ ਵੱਸਦਾ ਸਮਝ (ਭਾਵ : ਉਹ ਤੇਰੇ ਕੋਲੋਂ ਦੂਰ ਨਹੀਂ)।

### *5. ਪ੍ਰਭੂ ਨੂੰ ਜੰਗਲਾਂ ਵਿਚ ਲੱਭਣਾ ਅਗਿਆਨਤਾ*

ਪੁਰਾਣੇ ਸਮਿਆਂ ਵਿਚ ਲੋਕ ਪ੍ਰਭੂ-ਪ੍ਰਾਪਤੀ ਤੇ ਪ੍ਰਭੂ ਦੀ ਭਗਤੀ ਕਰਨ ਤੀਰਥ-ਅਸਥਾਨਾਂ, ਜੰਗਲਾਂ ਪਹਾੜਾਂ ਆਦਿ 'ਤੇ ਵਸੋਂ ਤੋਂ ਦੂਰ ਚਲੇ ਜਾਂਦੇ ਸਨ। ਗੁਰੂ ਜੀ ਅਨੁਸਾਰ ਇਹ ਸਭ ਕੁਝ ਅਗਿਆਨਤਾ ਦੇ ਕਾਰਨ ਹੁੰਦਾ ਸੀ ਕਿਉਂਕਿ ਪ੍ਰਭੂ ਤਾਂ ਹਿਰਦੇ ਵਿਚ ਹੈ ਅਤੇ ਹਰ ਥਾਂ ਮੌਜੂਦ ਹੈ :

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ॥

*(ਧਨਾਸਰੀ, ਮਹਲਾ ੯-੬੮੪)*

ਹੇ ਪ੍ਰਾਣੀ ਤੂੰ ਘਰ-ਘਾਟ ਛੱਡ ਕੇ ਜੰਗਲਾਂ ਵਿਚ ਕਿਉਂ ਪਰਮਾਤਮਾ ਨੂੰ ਲੱਭਦਾ ਫਿਰਦਾ ਹੈਂ। ਵਾਹਿਗੁਰੂ ਤਾਂ ਸਾਰੀ ਸ੍ਰਿਸ਼ਟੀ ਵਿਚ ਭਰਪੂਰ ਹੈ। ਉਹ ਮਾਇਆ ਤੋਂ ਨਿਰਲੇਪ ਹੈ ਪਰ ਸਦਾ ਤੇਰੇ ਨਾਲ ਵੱਸਦਾ ਹੈ।

ਨਾ ਹਰਿ ਭਜਿਓ, ਨ ਗੁਰ ਜਨੁ ਸੇਵਿਓ,
ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ, ਤੈ ਖੋਜਤ ਉਦਿਆਨਾ॥

*(ਸੋਰਠਿ, ਮਹਲਾ ੯-੬੩੨)*

ਐ ਪ੍ਰਾਣੀ! ਮਾਇਆ ਤੋਂ ਨਿਰਲੇਪ ਪਰਮਾਤਮਾ ਤਾਂ ਤੇਰੇ ਹਿਰਦੇ ਵਿਚ ਨਿਵਾਸ ਕਰਦਾ ਹੈ, ਪਰ ਤੂੰ ਉਸ ਨੂੰ ਜੰਗਲਾਂ ਵਿਚ ਲੱਭਦਾ ਫਿਰਦਾ ਹੈਂ। (ਇਸਦਾ ਕਾਰਨ ਇਹ ਹੈ ਕਿ) ਤੂੰ ਨਾ ਤਾਂ ਪਰਮਾਤਮਾ ਦੀ ਭਗਤੀ ਕੀਤੀ ਹੈ, ਨਾ ਗੁਰੂ ਦੀ ਸ਼ਰਨ ਵਿਚ ਪਿਆ ਹੈਂ ਅਤੇ ਨਾ ਹੀ ਤੇਰੇ ਅੰਦਰ ਆਤਮਕ-ਗਿਆਨ ਦਾ ਪ੍ਰਕਾਸ਼ ਹੋਇਆ ਹੈ।

### *6. ਕਰਮ-ਕਾਂਡ ਵਿਅਰਥ ਹਨ*

ਭਾਰਤ ਵਿਚ ਬਹੁਤੇ ਲੋਕ ਨਾਮ-ਮਾਰਗ ਦੇ ਪਾਂਧੀ ਨਹੀਂ ਬਣਦੇ; ਪ੍ਰਭੂ ਦੀ ਸਿਫ਼ਤ-ਸਾਲਾਹ ਨਹੀਂ ਕਰਦੇ। ਸਗੋਂ ਬ੍ਰਾਹਮਣਾਂ ਦੇ ਪਿੱਛੇ ਲੱਗ ਕੇ ਕਈ ਤਰ੍ਹਾਂ ਦੇ ਧਾਰਮਿਕ ਭੇਖ ਧਾਰਨ ਕਰਦੇ ਹਨ ਅਤੇ ਤੀਰਥ-ਯਾਤਰਾ, ਤੀਰਥ ਇਸ਼ਨਾਨ, ਵਰਤ, ਪੁਜਾਰੀਆਂ ਨੂੰ ਦਾਨ ਯੱਗ, ਯੋਗ-ਅਭਿਆਸ ਆਦਿ ਕਰਮ-ਕਾਂਡਾਂ ਵਿਚ ਪਏ ਰਹਿੰਦੇ ਹਨ। ਗੁਰੂ

ਸਾਹਿਬ ਦੀ ਨਜ਼ਰ ਵਿਚ ਇਹ ਫੋਕਟ (ਵਿਅਰਥ) ਕਰਮ ਹਨ; ਇਨ੍ਹਾਂ ਦਾ ਧਰਮ ਅਤੇ ਪ੍ਰਭੂ-ਭਗਤੀ ਨਾਲ ਕੋਈ ਸੰਬੰਧ ਨਹੀਂ :

ਮਨ ਰੇ, ਗਹਿਓ ਨ ਗੁਰ ਉਪਦੇਸੁ ॥
ਕਹਾ ਭਇਓ ਜਉ ਮੂਡੁ ਮੁਡਾਇਓ, ਭਗਵਉ ਕੀਨੋ ਭੇਸੁ ॥ ਰਹਾਉ ॥
ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ ॥
ਕਰਿ ਪਰਪੰਚ ਉਦਰ ਨਿਜ ਪੋਖਿਓ, ਪਸੁ ਕੀ ਨਿਆਈ ਸੋਇਓ ॥

*(ਸੋਰਠਿ, ਮਹਲਾ ੯–੬੩੩)*

ਹੇ ਪ੍ਰਾਣੀ! ਸਿਰ-ਮੂੰਹ ਮੁਨਾ ਕੇ ਸਾਧ ਬਣਨ ਦਾ ਵਿਖਾਵਾ ਕਰਨ ਨਾਲ ਜਾਂ ਭਗਵੇ ਰੰਗ ਦੇ ਵਸਤਰ ਧਾਰਨ ਕਰ ਲੈਣ ਨਾਲ ਕੁਝ ਨਹੀਂ ਬਣ ਜਾਣਾ। ਗੁਰੂ ਕਾ ਉਪਦੇਸ਼ ਗ੍ਰਹਿਣ ਕਰਨ ਨਾਲ ਹੀ ਭਗਤੀ-ਮਾਰਗ ਦੀ ਸਮਝ ਆਉਣੀ ਹੈ। ਤੂੰ ਤਾਂ ਹਮੇਸ਼ਾ ਰਹਿਣ ਵਾਲੇ ਪ੍ਰਭੂ ਦਾ ਨਾਮ ਛੱਡ ਕੇ, ਨਾਸ਼ਵੰਤ ਪਦਾਰਥਾਂ ਵਿਚ ਸੁਰਤ ਜੋੜ ਰੱਖੀ ਹੈ ਅਤੇ ਪਸ਼ੂਆਂ ਵਾਂਗ ਸੁੱਤਾ ਹੋਇਆ ਹੈਂ (ਇਹ ਧਰਮ ਦਾ ਰਸਤਾ ਨਹੀਂ)।

ਤੀਰਥ ਕਰੈ, ਬ੍ਰਤ ਫੁਨਿ ਰਾਖੈ, ਨਹ ਮਨੂਆ ਬਸਿ ਜਾ ਕੋ ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ, ਸਾਚੁ ਕਹਤ ਮੈ ਯਾ ਕਉ ॥

*(ਬਿਲਾਵਲੁ, ਮਹਲਾ ੯-੮੩੧)*

ਜਿਸ ਮਨੁੱਖ ਦਾ ਮਨ ਉਸ ਦੇ ਵੱਸ ਵਿਚ ਨਹੀਂ, ਉਹ ਤੀਰਥਾਂ ਤੇ ਭਟਕਦਾ ਹੈ ਅਤੇ ਵਰਤ ਆਦਿ ਰੱਖਦਾ ਹੈ। ਇਹ ਗੱਲ ਸੱਚੀ ਹੈ ਕਿ ਉਸ ਮਨੁੱਖ ਦਾ (ਤੀਰਥ, ਵਰਤ ਵਾਲਾ) ਧਰਮ ਵਿਅਰਥ ਹੀ ਹੈ; ਭਾਵ, ਇਸ ਦਾ ਕੋਈ ਲਾਭ ਨਹੀਂ।

ਕਹਾ ਭਇਓ ਤੀਰਥ ਬ੍ਰਤ ਕੀਏ, ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ, ਜੋ ਪ੍ਰਭ ਜਸੁ ਬਿਸਰਾਵੈ ॥

*(ਬਿਲਾਵਲੁ, ਮਹਲਾ ੯–੮੩੦-੩੧)*

ਪ੍ਰਭੂ ਦੀ ਸ਼ਰਨ ਵਿਚ ਆਉਣ ਦੀ ਥਾਂ ਤੇ ਤੀਰਥਾਂ ਦੀ ਯਾਤਰਾ ਤੇ ਇਸ਼ਨਾਨ ਅਤੇ ਵਰਤ ਰੱਖਣ ਦਾ ਕੋਈ ਲਾਭ ਨਹੀਂ। ਇਵੇਂ ਹੀ ਪ੍ਰਭੂ ਦੀ ਸਿਫ਼ਤ-ਸਾਲਾਹ ਨੂੰ ਛੱਡ ਕੇ ਯੋਗ ਦੇ ਸਾਧਨ ਕਰਨੇ, ਯੱਗ ਕਰਵਾਉਣੇ ਵਿਅਰਥ ਕੰਮ ਹਨ।

### *7. ਇਹ ਜਗਤ ਤੇ ਤਨ ਮਿਥਿਆ ਹੈ, ਨਾਸ਼ਵੰਤ ਹੈ*

ਜਗ ਰਚਨਾ ਸਭ ਝੂਠ ਹੈ, ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ, ਜਿਉ ਬਾਲੂ ਕੀ ਭੀਤਿ ॥ ੪੯ ॥

*(ਸਲੋਕ ਮਹਲਾ ੯–੧੪੨੯)*

ਨਾਨਕ ਆਖਦਾ ਹੈ–ਹੇ ਭਾਈ ਮਿੱਤਰ! ਜਗਤ ਦੀ ਰਚਨਾ ਨਾਸ਼ਵੰਤ ਹੈ। ਜਿਵੇਂ ਰੇਤ ਦੀ ਕੰਧ ਖ਼ਤਮ ਹੋ ਜਾਂਦੀ ਹੈ ਇਸੇ ਤਰ੍ਹਾਂ ਇਥੇ ਕੋਈ ਸਦਾ ਰਹਿਣ ਵਾਲਾ ਨਹੀਂ ਹੈ।

ਕਾਂ ਕੋ ਤਨੁ ਧਨੁ, ਸੰਪਤਿ ਕਾਂ ਕੀ, ਕਾ ਸਿਉ ਨੇਹੁ ਲਗਾਹੀ॥
ਜੋ ਦੀਸੈ ਸੋ ਸਗਲ ਬਿਨਾਸੈ, ਜਿਉ ਬਾਦਰ ਕੀ ਛਾਹੀ॥ ੧॥

(ਸਾਰੰਗ, ਮਹਲਾ ੯–੧੨੩੧)

ਸਦਾ ਲਈ ਨਾ ਕਿਸੇ ਦਾ ਸਰੀਰ ਰਹਿੰਦਾ ਹੈ, ਨਾ ਧਨ ਰਹਿੰਦਾ ਹੈ ਤੇ ਨਾ ਹੀ ਜਾਇਦਾਦ ਤੇ ਹੋਰ ਪਦਾਰਥ ਰਹਿੰਦੇ ਹਨ। ਇਸ ਲਈ ਇਨ੍ਹਾਂ ਨਾਲ ਪਿਆਰ ਨਹੀਂ ਪਾਉਣਾ ਚਾਹੀਦਾ। ਜੋ ਕੁਝ ਨਜ਼ਰ ਆ ਰਿਹਾ ਹੈ ਉਹ ਸਭ ਬੱਦਲਾਂ ਦੀ ਛਾਂ ਦੀ ਤਰ੍ਹਾਂ (ਜੋ ਥੋੜ੍ਹੇ ਸਮੇਂ ਲਈ ਹੀ ਰਹਿੰਦੀ ਹੈ) ਨਾਸ਼ਵੰਤ ਹੈ।

ਸਾਧੋ ਇਹੁ ਤਨੁ ਮਿਥਿਆ ਜਾਨਉ॥
ਯਾ ਭੀਤਰਿ ਜੋ ਰਾਮੁ ਬਸਤੁ ਹੈ, ਸਾਚੋ ਤਾਹਿ ਪਛਾਨੋ॥

(ਬਸੰਤੁ, ਮਹਲਾ ੯–੧੧੮੬)

ਹੇ ਸਤਿਸੰਗੀਓ! ਇਸ ਸੰਸਾਰ ਨੂੰ ਨਾਸ਼ਵੰਤ ਜਾਣੋ। ਇਸ ਸਰੀਰ ਵਿਚ ਜੋ ਪਰਮਾਤਮਾ ਵੱਸ ਰਿਹਾ ਹੈ, ਉਸਨੂੰ ਹੀ ਸਦਾ ਰਹਿਣ ਵਾਲਾ ਜਾਣੋ।

ਜੈਸੇ ਜਲ ਤੇ ਬੁਦਬੁਦਾ, ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ, ਕਹੁ ਨਾਨਕ ਸੁਨਿ ਮੀਤ॥ ੨੫॥

(ਸਲੋਕ ਮਹਲਾ ੯–੧੪੨੭)

ਜਿਵੇਂ (ਤਲਾਬ ਆਦਿ ਦੇ) ਪਾਣੀ ਵਿਚ ਬੁਲਬੁਲੇ ਬਣਦੇ ਤੇ ਖ਼ਤਮ ਹੁੰਦੇ ਰਹਿੰਦੇ ਹਨ, ਉਸੇ ਤਰ੍ਹਾਂ ਸੰਸਾਰ ਦੀ ਰਚਨਾ ਦੇ ਵੱਖ-ਵੱਖ ਹਿੱਸੇ ਉਪਜਦੇ ਤੇ ਖ਼ਤਮ ਹੁੰਦੇ ਰਹਿੰਦੇ ਹਨ। (ਭਾਵ–ਸੰਸਾਰ ਦੀ ਕੋਈ ਵੀ ਵਸਤੂ ਸਥਾਈ ਹੋਂਦ ਵਾਲੀ ਨਹੀਂ ਹੈ।)

### *8. ਸੰਸਾਰ ਵਿਚ ਕੋਈ ਪੱਕਾ ਸਾਥੀ ਨਹੀਂ*

ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ, ਸਮਝ ਲੇਹ॥

(ਬਸੰਤ, ਮਹਲਾ ੯–੧੧੮੭)

ਇਸ ਸੰਸਾਰ ਵਿਚ ਧਨ, ਪਤਨੀ, ਜਾਇਦਾਦ ਤੇ ਘਰ-ਘਾਟ ਆਦਿਕ ਮੌਤ ਸਮੇਂ ਮਨੁੱਖ ਦੇ ਨਾਲ ਨਹੀਂ ਜਾਂਦੇ; ਇਥੇ ਹੀ ਰਹਿ ਜਾਂਦੇ ਹਨ।

ਹਰਿ ਬਿਨੁ ਤੇਰੋ ਕੋ ਨ ਸਹਾਈ॥
ਕਾਂ ਕੀ ਮਾਤ ਪਿਤਾ ਸੁਤ ਬਨਿਤਾ, ਕੋ ਕਾਹੂ ਕੋ ਭਾਈ॥

(ਸਾਰੰਗ, ਮਹਲਾ ੯–੧੨੩੧)

ਹੇ ਜੀਵ! ਇਕ ਅਕਾਲ ਪੁਰਖ ਤੋਂ ਬਿਨਾਂ ਤੇਰਾ ਅਸਲ ਤੇ ਪੱਕਾ ਸਾਥੀ ਜਾਂ ਸਹਾਇਤਾ ਕਰਨ ਵਾਲਾ ਕੋਈ ਵੀ ਨਹੀਂ ਹੋ ਸਕਦਾ। ਕੌਣ ਕਿਸੇ ਦੀ ਮਾਂ ਹੈ? ਕੌਣ ਕਿਸੇ ਦਾ ਪਿਤਾ ਹੈ? ਕੌਣ ਕਿਸੇ ਦਾ ਪੁੱਤਰ ਹੈ? ਕੌਣ ਕਿਸੇ ਦੀ ਪਤਨੀ ਹੈ? ਅਤੇ ਕੌਣ ਕਿਸੇ ਦਾ ਭਰਾ ਹੈ? (ਸਭ ਦਾ ਸੰਬੰਧ ਮਨੁੱਖ ਨਾਲ ਉਸਦੇ ਜੀਵਨ ਵਿਚ ਹੀ ਹੈ, ਮੌਤ ਸਮੇਂ ਕੋਈ ਕਿਸੇ ਦੀ ਸਹਾਇਤਾ ਨਹੀਂ ਕਰ ਸਕਦਾ। ਕਈ ਸਕੇ-ਸੰਬੰਧੀ ਤਾਂ ਇਸੇ ਜੀਵਨ ਵਿਚ ਹੀ ਸਾਥ

ਛੱਡ ਜਾਂਦੇ ਹਨ)।

ਤਨ ਤੇ ਪ੍ਰਾਨ ਹੋਤ ਜਬ ਨਿਆਰੇ, ਟੇਰਤ ਪ੍ਰੇਤਿ ਪੁਕਾਰਿ॥
ਆਧ ਘਰੀ ਕੋਊ ਨਹਿ ਰਾਖੈ, ਘਰ ਤੇ ਦੇਤ ਨਿਕਾਰਿ॥

*(ਦੇਵਗੰਧਾਰੀ, ਮਹਲਾ ੯—੫੩੬)*

ਹੇ ਭਾਈ! ਜਿਉਂ ਹੀ ਤੇਰੇ ਸਰੀਰ ਤੋਂ ਪ੍ਰਾਣ ਵੱਖ ਹੋਣਗੇ, ਸਭ ਰਿਸ਼ਤੇਦਾਰ ਉੱਚੀ-ਉੱਚੀ ਆਖਦੇ ਹਨ—'ਇਹ ਗੁਜ਼ਰ ਚੁੱਕਾ ਹੈ, ਇਹ ਗੁਜ਼ਰ ਚੁੱਕਾ (ਪ੍ਰੇਤ) ਹੈ।' ਕੋਈ ਰਿਸ਼ਤੇਦਾਰ ਮ੍ਰਿਤਕ ਪ੍ਰਾਣੀ ਨੂੰ ਘਰ ਵਿਚ ਅੱਧੀ ਘੜੀ ਵੀ ਨਹੀਂ ਰੱਖਦਾ; ਘਰੋਂ ਕੱਢ ਦਿੰਦੇ ਹਨ।

### *9. ਸੰਸਾਰਕ ਰਿਸ਼ਤਿਆਂ ਦਾ ਆਧਾਰ ਧਨ ਅਤੇ ਸੁਆਰਥ*

ਦਾਰਾ ਮੀਤ ਪੂਤ ਸਨਬੰਧੀ, ਸਗਰੇ ਧਨ ਸਿਉ ਲਾਗੇ॥
ਜਬ ਹੀ ਨਿਰਧਨ ਦੇਖਿਓ ਨਰ ਕਉ, ਸੰਗੁ ਛਾਡਿ ਸਭ ਭਾਗੇ॥

*(ਸੋਰਠਿ, ਮਹਲਾ ੯—੬੩੩)*

ਪਤਨੀ, ਮਿੱਤਰ, ਪੁੱਤਰ ਰਿਸ਼ਤੇਦਾਰ—ਇਹ ਸਾਰੇ ਧਨ ਨਾਲ ਹੀ ਪਿਆਰ ਕਰਦੇ ਹਨ। ਜਦੋਂ ਵੀ ਇਨ੍ਹਾਂ ਨੂੰ ਕਿਸੇ ਬਾਰੇ ਪਤਾ ਲਗਦਾ ਹੈ ਕਿ ਉਹ ਹੁਣ ਕੰਗਾਲ (ਨਿਰਧਨ) ਹੋ ਗਿਆ ਹੈ, ਤਾਂ ਉਸ ਪਾਸੋਂ ਸਭ ਦੂਰ ਚਲੇ ਜਾਂਦੇ ਹਨ।

ਪ੍ਰੀਤਮ, ਜਾਨਿ ਲੇਹੁ ਮਨ ਮਾਹੀ॥
ਅਪਨੇ ਸੁਖ ਸਿਉ ਹੀ ਜਗੁ ਫਾਂਧਿਓ, ਕੋ ਕਾਹੂ ਕੋ ਨਾਹੀ॥

*(ਸੋਰਠਿ, ਮਹਲਾ ੯—੬੩੪)*

ਹੇ ਮੇਰੇ ਮਿੱਤਰ! ਆਪਣੇ ਮਨ ਵਿਚ ਪੱਕੀ ਕਰ ਕੇ ਸਮਝ ਲੈ, ਕਿ ਸਾਰਾ ਸੰਸਾਰ ਆਪਣੇ ਸੁਖ ਨਾਲ ਹੀ ਬੱਝਾ ਹੋਇਆ ਹੈ; ਵਾਸਤਵ ਵਿਚ ਕੋਈ ਵੀ ਕਿਸੇ ਦਾ ਸਾਥੀ ਨਹੀਂ ਬਣਦਾ।

ਇਹ ਜਗਿ ਮੀਤੁ ਨ ਦੇਖਿਓ ਕੋਈ॥
ਸਗਲ ਜਗਤੁ ਅਪਨੈ ਸੁਖਿ ਲਾਗਿਓ, ਦੁਖ ਮਹਿ ਸੰਗ ਨ ਹੋਈ॥

*(ਸੋਰਠਿ, ਮਹਲਾ ੯—੬੩੩)*

ਹੇ ਭਾਈ! ਇਸ ਸੰਸਾਰ ਵਿਚ ਕੋਈ (ਜੀਵਨ ਭਰ, ਸਾਥ ਨਿਭਾਉਣ ਵਾਲਾ) ਮਿੱਤਰ ਮੈਂ ਨਹੀਂ ਵੇਖਿਆ। ਸਾਰਾ ਸੰਸਾਰ ਆਪਣੇ ਲਈ ਸੁਖ ਜੁਟਾਉਣ ਵਿਚ ਹੀ ਲੱਗਾ ਪਿਆ ਹੈ; ਦੁੱਖ ਵਿਚ ਕੋਈ ਕਿਸੇ ਦਾ ਸਾਥ ਨਹੀਂ ਦਿੰਦਾ।

### *10. ਜੀਵਨ ਖਿਨ-ਭੰਗਰ ਹੈ—ਪ੍ਰਭੂ ਸਿਮਰਨ ਤੋਂ ਖੁੰਝਣਾ ਨਹੀਂ ਚਾਹੀਦਾ*

ਚੇਤਨਾ ਹੈ ਤਉ ਚੇਤ ਲੈ, ਨਿਸਿ ਦਿਨਿ ਮੈ ਪ੍ਰਾਨੀ॥
ਛਿਨੁ ਛਿਨੁ ਅਉਧ ਬਿਹਾਤੁ ਹੈ, ਫੂਟੈ ਘਟ ਜਿਉ ਪਾਨੀ॥

*(ਤਿਲੰਗ, ਮਹਲਾ ੯—੭੨੬)*

ਹੇ ਭਾਈ! ਜਿਵੇਂ ਟੁੱਟੇ ਹੋਏ ਘੜੇ 'ਚੋਂ ਪਾਣੀ ਤ੍ਰਿਪ-ਤ੍ਰਿਪ ਕਰਕੇ ਵਹਿੰਦਾ ਰਹਿੰਦਾ ਹੈ ਤੇ ਅੰਤ ਖ਼ਤਮ ਹੋ ਜਾਂਦਾ ਹੈ; ਇਸੇ ਤਰ੍ਹਾਂ ਹੀ ਪਲ-ਪਲ ਕਰਕੇ ਤੇਰੀ ਉਮਰ ਘਟ ਰਹੀ ਹੈ। ਇਸ ਲਈ ਦਿਨ ਰਾਤ ਪ੍ਰਭੂ ਨੂੰ ਸਿਮਰ ਕੇ ਆਪਣਾ ਜੀਵਨ ਸਫ਼ਲ ਕਰ ਲੈ।

**ਬੀਤ ਜੈਹੈ ਬੀਤ ਜੈਹੈ, ਜਨਮੁ ਅਕਾਜੁ ਰੇ॥**
**ਨਿਸਿ ਦਿਨੁ ਸੁਨਿ ਕੈ ਪੁਰਾਨ, ਸਮਝਤ ਨਹ ਰੇ ਅਜਾਨ॥**
**ਕਾਲੁ ਤਉ ਪਹੂਚਿਓ ਆਨਿ, ਕਹਾ ਜੈਹੈ ਭਾਜਿ ਰੇ॥**

*(ਜੈਜਾਵੰਤੀ, ਮਹਲਾ ੯—੧੩੫੨-੫੩)*

ਹੇ ਭਾਈ! ਮਨੁੱਖਾ ਜੀਵਨ ਦਾ ਸਮਾਂ ਅਜਾਈਂ ਬੀਤਦਾ ਜਾ ਰਿਹਾ ਹੈ। ਤੂੰ ਦਿਨ-ਰਾਤ ਧਾਰਮਿਕ ਪੁਸਤਕਾਂ ਦੇ ਉਪਦੇਸ਼ ਸੁਣਦਾ ਹੈਂ, ਪਰ ਤੂੰ ਇਹ ਗੱਲ ਪੱਕੀ ਨਹੀਂ ਸਮਝਦਾ ਕਿ ਮੌਤ ਤਾਂ ਬਿਲਕੁਲ ਨੇੜੇ ਪੁੱਜੀ ਹੋਈ ਹੈ। ਦੱਸ, ਤੂੰ ਮੌਤ ਤੋਂ ਬਚ ਕੇ ਕਿਥੇ ਜਾਵੇਂਗਾ? (ਭਾਵ : ਮੌਤ ਤੋਂ ਬਚਿਆ ਨਹੀਂ ਜਾ ਸਕਦਾ।)

### *11. ਮੌਤ ਇਕ ਅਟੱਲ ਸੱਚਾਈ, ਪਰ ਇਸ ਤੋਂ ਘਬਰਾਉਣਾ ਨਹੀਂ ਚਾਹੀਦਾ*

**ਚਿੰਤਾ ਤਾ ਕੀ ਕੀਜੀਐ, ਜੋ ਅਨਹੋਨੀ ਹੋਇ॥**
**ਇਹੁ ਮਾਰਗੁ ਸੰਸਾਰ ਕੋ, ਨਾਨਕ ਥਿਰੁ ਨਹੀ ਕੋਇ॥ ੫੧॥**

*(ਸਲੋਕ ਮਹਲਾ ੯—੧੪੨੯)*

ਸੰਸਾਰ ਵਿਚ ਸਭ ਕੁਝ ਨਾਸ਼ਵੰਤ ਤੇ ਖਿਨ-ਭੰਗਰ ਹੈ। ਮੌਤ ਵੀ ਅਣਹੋਣੀ ਚੀਜ਼ ਨਹੀਂ; ਨਿਤ ਵਾਪਰਨ ਵਾਲੀ ਆਮ ਤੇ ਸਾਧਾਰਨ ਘਟਨਾ ਹੈ। ਜਗਤ ਦੀ ਚਾਲ ਤਾਂ ਇਹ ਹੀ ਹੈ ਕਿ ਇਥੇ ਕੋਈ ਵੀ ਜੀਵ ਸਦਾ ਕਾਇਮ ਰਹਿਣ ਵਾਲਾ ਨਹੀਂ, ਇਸ ਲਈ (ਮੌਤ ਆਦਿਕ ਦੀ) ਚਿੰਤਾ ਨਹੀਂ ਕਰਨੀ ਚਾਹੀਦੀ।

### *12. ਵਿਸ਼ਿਆਂ-ਵਿਕਾਰਾਂ ਦਾ ਤਿਆਗ*

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਅਜਿਹੇ ਵਿਕਾਰ ਹਨ, ਜਿਨ੍ਹਾਂ ਵਿਚ ਫਸਿਆ ਮਨੁੱਖ ਪ੍ਰਭੂ ਤੋਂ ਦੂਰ ਚਲਾ ਜਾਂਦਾ ਹੈ ਅਤੇ ਇਨਸਾਨੀਅਤ ਦੇ ਗੁਣਾਂ ਤੋਂ ਦੂਰ ਚਲਾ ਜਾਂਦਾ ਹੈ। ਆਪਣਾ ਤੇ ਹੋਰਨਾਂ ਦਾ ਜੀਵਨ ਸੁਖੀ ਤੇ ਅਨੰਦਮਈ ਬਣਾਉਣ ਲਈ ਵਿਕਾਰਾਂ ਨੂੰ ਤਿਆਗ ਕੇ ਸਦਗੁਣਾਂ ਦਾ ਧਾਰਨੀ ਹੋਣਾ ਜ਼ਰੂਰੀ ਹੈ :

**ਸਾਧੋ ਮਨ ਕਾ ਮਾਨੁ ਤਿਆਗਉ॥**
**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ, ਤਾ ਤੇ ਅਹਿਨਿਸਿ ਭਾਗਉ॥**

*(ਗਉੜੀ, ਮਹਲਾ ੯—੨੧੯)*

ਹੇ ਗੁਰਮੁਖ ਜਨੋਂ! ਮਨ ਦਾ ਮਾਣ (ਹੰਕਾਰ) ਤਿਆਗ ਦਿਓ ਅਤੇ ਕਾਮ, ਕ੍ਰੋਧ ਤੇ ਭੈੜੇ ਮਨੁੱਖਾਂ (ਮਨਮੁੱਖਾਂ) ਦੀ ਸੰਗਤ ਤੋਂ ਹਮੇਸ਼ਾ ਬਚੋ।

**ਪਾਪੀ ਹੀਐ ਮੈ ਕਾਮੁ ਬਸਾਇ॥**
**ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥**

*(ਬਸੰਤੁ, ਮਹਲਾ ੯—੧੧੮੬)*

ਪਾਪਾਂ ਵਿਚ ਫਸਿਆ ਮਨੁੱਖ ਆਪਣੇ ਹਿਰਦੇ ਵਿਚ ਕਾਮ ਆਦਿਕ ਵਿਕਾਰਾਂ ਨੂੰ ਬਿਠਾਈ ਰੱਖਦਾ ਹੈ। ਇਸ ਕਾਰਨ, ਮਨ ਦੀ ਚੰਚਲਤਾ ਕਾਇਮ ਰਹਿੰਦੀ ਹੈ ਅਤੇ ਮਨ ਤੇ ਕਾਬੂ ਨਹੀਂ ਪਾਇਆ ਜਾ ਸਕਦਾ।

### *13. ਨਾ ਡਰੋ ਤੇ ਨਾ ਡਰਾਓ*

ਗਿਆਨਵਾਨ ਮਨੁੱਖ ਨਾ ਤਾਂ ਕਿਸੇ ਨੂੰ ਧਨ-ਬਲ, ਸਰੀਰਕ ਬਲ ਜਾਂ ਰਾਜ-ਬਲ ਨਾਲ ਡਰਾਉਂਦਾ ਹੈ ਅਤੇ ਨਾ ਹੀ ਕਿਸੇ ਤੋਂ ਡਰਦਾ ਹੈ :

**ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ॥ ੧੬॥**

*(ਸਲੋਕ ਮਹਲਾ ੯—੧੪੨੭)*

ਜੋ ਜੀਵ ਕਿਸੇ ਨੂੰ ਡਰਾਉਂਦਾ ਨਹੀਂ ਅਤੇ ਕਿਸੇ ਦਾ ਡਰ ਵੀ ਨਹੀਂ ਮੰਨਦਾ ਉਸਨੂੰ ਗਿਆਨੀ (ਆਤਮਕ ਸੂਝ ਵਾਲਾ) ਸਮਝੋ।

### *14. ਮਾਇਆ ਦੀ ਨੀਂਦ ਤੋਂ ਜਾਗੋ*

ਮਾਇਆ ਹਰ ਉਹ ਵਸਤੂ ਹੈ ਜਿਸ ਨਾਲ ਪਿਆਰ ਪੈਣ ਕਰਕੇ ਪ੍ਰਭੂ ਵਿਸਰ ਜਾਂਦਾ ਹੈ। ਮਾਇਆ ਦੀ ਨੀਂਦ ਤੋਂ ਜਾਗਣ; ਭਾਵ ਮਾਇਆ ਦੀ ਅਸਲੀਅਤ ਨੂੰ ਪਛਾਨਣ ਨਾਲ ਮਨੁੱਖ ਅੰਦਰ ਜੀਵਨ ਦੀ ਤੱਤ ਵਸਤੂ—ਪ੍ਰਭੂ—ਨੂੰ ਜਾਣਨ (ਪਛਾਣਨ) ਦੀ ਰੁਚੀ ਜਾਗਦੀ ਹੈ ਅਤੇ ਉਹ ਪ੍ਰਭੂ ਪ੍ਰਾਪਤੀ ਦੇ ਮਾਰਗ ਤੇ ਤੁਰ ਪੈਂਦਾ ਹੈ :

**ਭੂਲਿਓ ਮਨੁ, ਮਾਇਆ ਉਰਝਾਇਓ॥**
**ਜੋ ਜੋ ਕਰਮ ਕੀਓ ਲਾਲਚ ਲਗਿ, ਤਿਹ ਤਿਹ ਆਪੁ ਬੰਧਾਇਓ॥**

*(ਜੈਤਸਰੀ, ਮਹਲਾ ੯—੭੦੨)*

ਭੁੱਲਿਆ ਹੋਇਆ ਮਨ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ। ਲਾਲਚ ਵਿਚ ਫਸ ਕੇ ਜਿਹੜੇ ਕੰਮ ਕਰਦਾ ਹੈ ਉਨ੍ਹਾਂ ਨਾਲ ਮਾਇਆ ਦੇ ਮੋਹ ਵਿਚ ਹੋਰ ਫਸ ਜਾਂਦਾ ਹੈ।

**ਮਦਿ ਮਾਇਆ ਕੈ ਭਇਓ ਬਾਵਰੋ, ਹਰਿ ਜਸੁ ਨਹਿ ਉਚਰੈ॥**

*(ਦੇਵਗੰਧਾਰੀ, ਮਹਲਾ ੯—੫੩੬)*

ਪਾਗਲ ਮਨੁੱਖ ਦਾ ਮਨ ਮਾਇਆ ਦੇ ਨਸ਼ੇ ਵਿਚ ਫਸਿਆ ਹੋਇਆ ਪ੍ਰਭੂ ਦਾ ਨਾਮ ਸਿਮਰਨ ਨਹੀਂ ਕਰਦਾ।

ਜਿਹਿ ਮਾਇਆ ਮਮਤਾ ਤਜੀ, ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨੁ ਰੇ ਮਨਾ, ਤਿਹ ਘਟਿ ਬ੍ਰਹਮ ਨਿਵਾਸੁ ॥ ੧੮ ॥

*(ਸਲੋਕ ਮਹਲਾ ੯—੧੪੨੭)*

ਜਿਸ ਮਨੁੱਖ ਨੇ ਮਾਇਆ ਦਾ ਮੋਹ ਛੱਡ ਦਿੱਤਾ; ਸਾਰੇ ਵਿਕਾਰਾਂ ਵਲੋਂ ਉਪਰਾਮ ਹੋ ਗਿਆ ਉਸਦੇ ਹਿਰਦੇ ਵਿਚ ਪ੍ਰਭੂ ਦਾ ਨਿਵਾਸ ਹੋ ਜਾਂਦਾ ਹੈ।

ਜਾਗ ਲੇਹੁ ਰੇ ਮਨਾ ਜਾਗ ਲੇਹੁ, ਕਹਾ ਗਾਫਲ ਸੋਇਆ ॥
ਜੋ ਤਨੁ ਉਪਜਿਆ ਸੰਗ ਹੀ, ਸੋ ਭੀ ਸੰਗਿ ਨ ਹੋਇਆ ॥

*(ਤਿਲੰਗ, ਮਹਲਾ ੯—੭੨੬)*

ਹੇ ਮੇਰੇ ਮਨ! ਮਾਇਆ ਦੀ ਨੀਂਦ ਵਿਚੋਂ ਜਾਗ, ਕਿਉਂ ਗਾਫ਼ਲ ਹੋ ਕੇ ਇਸ ਵਿਚ ਸੁੱਤਾ ਹੋਇਆ ਹੈਂ ?ਮਾਇਆ ਦੇ ਹੋਰਨਾਂ ਰੂਪਾਂ ਦੀ ਗੱਲ ਤਾਂ ਛੱਡ ਦੇਹ; ਜਨਮ ਤੋਂ ਪ੍ਰਾਪਤ ਹੋਇਆ ਤੇਰਾ ਬਹੁਤ ਪਿਆਰਾ ਸਮਝਿਆ ਜਾਣ ਵਾਲਾ ਸਰੀਰ ਵੀ, ਤੇਰਾ ਸਾਥ ਨਹੀਂ ਨਿਭਾਵੇਗਾ।

### *15. ਮਨ ਦਾ ਸੁਭਾਅ*

ਮਨ ਕੁਦਰਤੀ ਤੌਰ ਤੇ ਚੰਚਲ ਹੈ; ਟਿਕ ਕੇ ਨਹੀਂ ਬੈਠਦਾ। ਮਨ ਦੁਰਮਤਿ ਅਤੇ ਬੁਰਾਈ ਵੱਲ ਜਲਦੀ ਪ੍ਰੇਰਿਆ ਜਾਂਦਾ ਹੈ। ਇਸ ਨੂੰ ਪ੍ਰਭੂ-ਮਾਰਗ ਜਾਂ ਧਰਮ ਦੇ ਮਾਰਗ ਤੇ ਤੋਰਨ ਲਈ ਆਪਣੇ ਕਾਬੂ ਵਿਚ ਕਰਨਾ ਪੈਂਦਾ ਹੈ :

ਸਾਧੋ, ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ, ਯਾ ਤੇ ਥਿਰੁ ਨ ਰਹਾਈ ॥

*(ਗਉੜੀ, ਮਹਲਾ ੯—੨੧੯)*

ਹੇ ਗੁਰਮੁਖ ਜਨੋ! ਇਸ ਮਨ ਨੂੰ ਵੱਸ ਵਿਚ ਕਰਨਾ ਬਹੁਤ ਮੁਸ਼ਕਿਲ ਹੈ। ਮਨ ਵਿਚ ਤ੍ਰਿਸ਼ਨਾ ਦਾ ਨਿਵਾਸ ਹੋਣ ਕਰਕੇ, ਇਹ ਭਟਕਦਾ ਰਹਿੰਦਾ ਹੈ ਅਤੇ ਇਸ ਦੀ ਇਕਾਗਰਤਾ ਨਹੀਂ ਬਣਦੀ।

ਯਹ ਮਨੁ ਨੈਕ ਨ ਕਹਿਓ ਕਰੈ ॥
ਸੀਖ ਸਿਖਾਇ ਰਹਿਓ ਅਪਨੀ ਸੀ, ਦੁਰਮਤਿ ਤੇ ਨ ਟਰੈ ॥

*(ਦੇਵਗੰਧਾਰੀ, ਮਹਲਾ ੯—੫੩੬)*

ਹੇ ਭਾਈ! ਇਹ ਮਨ ਮੇਰਾ ਕਿਹਾ ਬਿਲਕੁਲ ਨਹੀਂ ਮੰਨਦਾ। ਮੈਂ ਇਸ ਨੂੰ ਸਿੱਖਿਆ ਦੇ ਕੇ ਥੱਕ ਗਿਆ ਹਾਂ, ਫਿਰ ਵੀ ਇਹ ਖੋਟੀ (ਭੈੜੀ) ਮੱਤ ਵਲੋਂ ਨਹੀਂ ਹਟਦਾ।

ਮਨ ਨੂੰ ਭਟਕਣ ਤੋਂ ਰੋਕਣ ਦਾ ਇਕ-ਮਾਤਰ ਸਾਧਨ ਹੈ ਨਾਮ-ਸਿਮਰਨ ਵਿਚ ਲੱਗ ਜਾਣਾ; ਪ੍ਰਭੂ ਦਾ ਜਸ ਗਾਇਨ ਕਰ ਕੇ ਸੰਤੋਖ ਆਦਿਕ ਗੁਣਾਂ ਨੂੰ ਆਪਣੇ ਮਨ ਵਿਚ ਵਸਾਉਣਾ :

ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨ ਮੇਰੋ ਧਾਵਨ ਤੇ ਛੂਟਿਓ, ਕਰਿ ਬੈਠੋ ਬਿਸਰਾਮੁ ॥

*(ਬਸੰਤ, ਮਹਲਾ ੯—੧੧੮੬)*

ਜਦੋਂ ਤੋਂ ਮੈਂ ਪਰਮਾਤਮਾ ਦਾ ਨਾਮ-ਧਨ ਪ੍ਰਾਪਤ ਕੀਤਾ ਹੈ, ਮੇਰਾ ਮਨ ਮਾਇਆ ਲਈ ਦੌੜ-ਭੱਜ ਕਰਨ (ਭਟਕਣ) ਤੋਂ ਹਟ ਗਿਆ ਹੈ ਅਤੇ ਟਿਕਾਅ ਵਿਚ ਆ ਗਿਆ ਹੈ।

## *16. ਮੁਕਤ ਹੋ ਚੁੱਕੇ ਜੀਵ ਦੀ ਪਛਾਣ*

ਹਰਖੁ ਸੋਗੁ ਜਾ ਕੈ ਨਹੀ, ਬੈਰੀ ਮੀਤ ਸਮਾਨਿ ॥
ਕਹੁ ਨਾਨਕ ਸੁਨਿ ਰੇ ਮਨਾ, ਮੁਕਤਿ ਤਾਹਿ ਤੈ ਜਾਨਿ ॥ ੧੪ ॥

*(ਸਲੋਕ ਮਹਲਾ ੯—੧੪੨੭)*

ਜਿਸ ਮਨੁੱਖ ਦੇ ਹਿਰਦੇ ਵਿਚ ਖੁਸ਼ੀ ਗਮੀ ਆਪਣਾ ਜ਼ੋਰ ਨਹੀਂ ਪਾ ਸਕਦੀ, ਜਿਸਨੂੰ ਵੈਰੀ ਤੇ ਮਿੱਤਰ ਇਕੋ ਜਿਹੇ ਲਗਦੇ ਹਨ, ਉਸਨੂੰ ਮਾਇਆ ਦੇ ਮੋਹ ਤੋਂ ਖਲਾਸੀ ਮਿਲ ਚੁੱਕੀ ਹੈ।

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ, ਜੀਵਨ ਮੁਕਤਿ ਕਹਾਵੈ ॥

*(ਬਿਲਾਵਲੁ, ਮਹਲਾ ੯—੮੩੧)*

ਜਿਹੜਾ ਮਨੁੱਖ ਅਹੰਕਾਰ ਅਤੇ ਮਾਇਆ ਦੇ ਮੋਹ ਨੂੰ ਤਿਆਗ ਕੇ ਪਰਮਾਤਮਾ ਦੀ ਸਿਫ਼ਤ-ਸਾਲਾਹ ਦੇ ਗੀਤ ਗਾਉਂਦਾ ਹੈ, ਜੋ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਦਾ ਹੈ, ਉਹ ਜੀਵਨ-ਮੁਕਤ (ਵਿਕਾਰਾਂ ਦੇ ਬੰਧਨਾਂ ਤੋਂ ਆਜ਼ਾਦ) ਅਖਵਾਉਂਦਾ ਹੈ।

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ, ਗੁਰਮੁਖਿ ਹੋਇ ਤੁਮ ਪਾਵਉ ॥

*(ਗਉੜੀ, ਮਹਲਾ ੯—੨੧੯)*

ਹੇ ਭਾਈ! ਹੰਕਾਰ ਦੂਰ ਕਰਕੇ ਅਤੇ ਮਾਇਆ ਦੇ ਮੋਹ ਨੂੰ ਤਿਆਗ ਕੇ ਆਪਣਾ ਮਨ ਪਰਮਾਤਮਾ ਦੀ ਸਿਫ਼ਤ-ਸਾਲਾਹ ਵਿਚ ਲਾਓ। ਵਿਕਾਰਾਂ ਤੋਂ ਖਲਾਸੀ ਪਾਉਣ ਦਾ ਇਹੀ ਰਸਤਾ ਹੈ। ਇਸ ਰਸਤੇ ਦਾ ਪਤਾ ਗੁਰੂ ਦੀ ਸ਼ਰਨ ਵਿਚ ਪੈ ਕੇ ਲਗਦਾ ਹੈ।

## *17. ਆਦਰਸ਼ਕ ਮਨੁੱਖ*

ਆਦਰਸ਼ਕ ਮਨੁੱਖ ਉਹ ਹੈ, ਜੋ ਗੁਰੂ-ਦੱਸੇ ਮਾਰਗ ਤੇ ਚੱਲ ਕੇ, ਆਤਮਕ ਅਡੋਲਤਾ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਅਤੇ ਜਿਸ ਉਤੇ ਸੰਸਾਰਕ ਦੁੱਖ-ਸੁਖ, ਨਿੰਦਿਆ-ਉਸਤਤਿ, ਖੁਸ਼ੀ-ਗਮੀ, ਸੰਸਾਰਕ ਪਦਾਰਥਾਂ ਦਾ ਮੋਹ, ਮਾਇਆ ਤੇ ਵਿਕਾਰ ਕੋਈ ਪ੍ਰਭਾਵ ਨਹੀਂ ਪਾ ਸਕਦੇ। ਸਤਿਗੁਰੂ ਜੀ ਦਾ ਫੁਰਮਾਨ ਹੈ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ, ਕੰਚਨ ਮਾਟੀ ਮਾਨੈ॥ ੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ, ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ॥ ੧॥
ਆਸਾ ਮਨਸਾ ਸਗਲ ਤਿਆਗੈ, ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮੁ ਨਿਵਾਸਾ॥ ੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ, ਜਿਉ ਪਾਨੀ ਸੰਗਿ ਪਾਨੀ॥ ੩॥

*(ਸੋਰਠਿ, ਮਹਲਾ ੯—੬੩੩)*

ਜਿਹੜਾ ਮਨੁੱਖ ਦੁਖਾਂ ਵਿਚ ਨਹੀਂ ਘਬਰਾਉਂਦਾ, ਜਿਸ ਦੇ ਹਿਰਦੇ ਵਿਚ ਸੁਖਾਂ ਨਾਲ ਮੋਹ ਨਹੀਂ ਅਤੇ ਕਿਸੇ ਤਰ੍ਹਾਂ ਦਾ ਡਰ ਨਹੀਂ, ਜਿਹੜਾ ਸੋਨੇ ਅਤੇ ਮਿੱਟੀ ਨੂੰ ਇਕ ਸਮਾਨ ਜਾਣਦਾ ਹੈ (ਉਸ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਿਵਾਸ ਹੋ ਜਾਂਦਾ ਹੈ)। ੧। ਰਹਾਉ।

ਜਿਸ ਮਨੁੱਖ ਦੇ ਮਨ ਵਿਚ ਕਿਸੇ ਦੀ ਚੁਗਲੀ-ਬੁਰਾਈ ਨਹੀਂ, ਜੋ ਕਿਸੇ ਦੀ ਖੁਸ਼ਾਮਦ (ਝੂਠੀ ਵਡਿਆਈ) ਨਹੀਂ ਕਰਦਾ, ਜਿਸ ਦੇ ਅੰਦਰ ਲੋਭ, ਮੋਹ, ਹੰਕਾਰ ਆਦਿਕ ਕੋਈ ਵਿਕਾਰ ਨਹੀਂ, ਜੋ ਖੁਸ਼ੀ ਅਤੇ ਗਮੀ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੈ, ਜਿਸ ਦੇ ਮਨ 'ਤੇ ਮਾਣ ਜਾਂ ਅਪਮਾਨ ਕੋਈ ਪ੍ਰਭਾਵ ਨਹੀਂ ਪਾ ਸਕਦੇ (ਉਹ ਪ੍ਰਭੂ ਨਾਲ ਜੁੜਿਆ ਮਨੁੱਖ ਹੈ)। ੧।

ਜਿਹੜਾ ਮਨੁੱਖ (ਮਾਇਆ ਜਾਂ ਸੰਸਾਰਕ ਪਦਾਰਥਾਂ ਦੀਆਂ) ਆਸਾਂ-ਉਮੀਦਾਂ ਸਭ ਤਿਆਗ ਦਿੰਦਾ ਹੈ; ਜਗਤ (ਵਿਚਲੇ ਰਿਸ਼ਤੇਦਾਰਾਂ ਜਾਂ ਧਨ-ਸੰਪਤੀ ਆਦਿ) ਤੋਂ ਨਿਰਮੋਹ ਰਹਿੰਦਾ ਹੈ; ਜਿਸ ਨੂੰ ਕਾਮ ਤੇ ਕ੍ਰੋਧ ਵਰਗੇ ਮਾਰੂ ਵਿਕਾਰ ਛੋਹ ਵੀ ਨਹੀਂ ਸਕਦੇ, ਉਸਦੇ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ (ਭਾਵ, ਉਹ ਹਿਰਦੇ ਵਿਚ ਵੱਸਦੇ ਪਰਮਾਤਮਾ ਨਾਲ ਸਾਂਝ ਪਾ ਲੈਂਦਾ ਹੈ)। ੨।

ਹੇ ਨਾਨਕ! ਉਪਰ ਬਿਆਨੀ ਜੀਵਨ-ਜਾਚ ਦਾ ਉਸੇ ਮਨੁੱਖ ਨੂੰ ਪਤਾ ਲਗਦਾ ਹੈ, ਜਿਸ ਉੱਤੇ ਸਤਿਗੁਰੂ ਦੀ ਮਿਹਰ ਦੀ ਦ੍ਰਿਸ਼ਟੀ ਹੁੰਦੀ ਹੈ। ਅਜਿਹਾ ਮਨੁੱਖ ਪਰਮਾਤਮਾ ਨਾਲ ਇਉਂ ਜੁੜ ਜਾਂਦਾ ਹੈ, ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ (ਭਾਵ, ਸਦੀਵੀ ਤੌਰ ਤੇ ਪਰਮਾਤਮਾ ਨਾਲ ਮਿਲ ਜਾਂਦਾ ਹੈ)। ੩।

### *18. ਪ੍ਰਭੂ ਅੱਗੇ ਅਰਦਾਸ*

ਧਰਮ-ਮਾਰਗ ਤੇ ਚੱਲਣ ਲਈ ਭਾਵੇਂ ਮਨੁੱਖ ਨੂੰ ਆਪ ਉੱਦਮ ਕਰਨਾ ਪੈਂਦਾ ਹੈ, ਹਰ ਪਲ ਵਿਕਾਰਾਂ ਨਾਲ ਟੱਕਰ ਲੈਣੀ ਪੈਂਦੀ ਹੈ, ਸਰਬੱਤ ਦੇ ਭਲੇ ਲਈ ਦੁੱਖ ਤੇ ਕਸ਼ਟ ਵੀ ਸਹਾਰਨੇ ਪੈਂਦੇ ਹਨ, ਤਾਂ ਵੀ ਧਾਰਮਿਕ-ਯਤਨਾਂ ਵਿਚ ਪ੍ਰਭੂ ਅੱਗੇ ਅਰਦਾਸ ਕਰਨੀ ਅਤਿ ਜ਼ਰੂਰੀ ਹੈ। ਅਰਦਾਸ ਵਿਚ ਭਗਤ ਆਪਣੇ ਮਨ ਦੀ ਦਸ਼ਾ ਬਿਆਨ ਕਰਦਾ ਹੈ;

ਪ੍ਰਭੂ ਦਰਸ਼ਨਾਂ ਦੀ ਸਿੱਕ ਨੂੰ ਪ੍ਰਗਟ ਕਰਦਾ ਹੈ ਅਤੇ ਆਪਣੀ ਤੁੱਛਤਾ, ਨਿਮਰਤਾ ਅਤੇ ਪ੍ਰਭੂ ਦੀ ਮਹਾਨਤਾ ਦਾ ਪ੍ਰਗਟਾਵਾ ਕਰਦਾ ਹੈ। ਇਸ ਤਰ੍ਹਾਂ ਅਰਦਾਸ ਮਨੁੱਖ ਨੂੰ ਹਉਮੈ ਤੋਂ ਬਚਾਉਂਦੀ ਹੈ। ਪ੍ਰਭੂ ਦੀ ਸਰਬੱਗਤਾ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਪ੍ਰਭੂ ਦੇ ਭਰੋਸੇ ਚੜ੍ਹਦੀ ਕਲਾ ਵਿਚ ਰਹਿਣ ਦੀ ਸ਼ਕਤੀ ਪ੍ਰਦਾਨ ਕਰਦੀ ਹੈ। ਸਤਿਗੁਰਾਂ ਨੇ ਅਕਾਲ-ਰੂਪ ਹੁੰਦਿਆਂ ਹੋਇਆਂ ਵੀ, ਅਰਦਾਸਾਂ ਜੋਦੜੀਆਂ ਕਰ ਕੇ, ਸਾਨੂੰ ਅਰਦਾਸ ਕਰਨ ਦਾ ਢੰਗ ਤਰੀਕਾ ਦੱਸਿਆ ਹੈ :

**ਹਰਿ ਜੂ ਰਾਖਿ ਲੇਹੁ ਪਤਿ ਮੇਰੀ॥**
**ਜਮ ਕੋ ਤ੍ਰਾਸ ਭਇਓ ਉਰ ਅੰਤਰਿ,**
**ਸਰਨਿ ਗਹੀ ਕਿਰਪਾ ਨਿਧਿ ਤੇਰੀ॥**

*(ਜੈਤਸਰੀ, ਮਹਲਾ ੯—੭੦੩)*

ਹੇ ਪ੍ਰਭੂ ਜੀ! ਮੇਰੀ ਇੱਜ਼ਤ ਰੱਖ ਲਵੋ। ਮੇਰੇ ਹਿਰਦੇ ਅੰਦਰ ਮੌਤ ਦਾ ਡਰ ਵੱਸ ਰਿਹਾ ਹੈ, ਇਸ ਤੋਂ ਬਚਣ ਲਈ, ਹੇ ਕਿਰਪਾ ਦੇ ਖ਼ਜ਼ਾਨੇ ਪ੍ਰਭੂ, ਮੈਂ ਤੇਰਾ ਆਸਰਾ ਲਿਆ ਹੈ।

**ਸਾਧਸੰਗੁ ਕਬਹੂ ਨਹੀ ਕੀਨਾ, ਨਹ ਕੀਰਤਿ ਪ੍ਰਭ ਗਾਈ॥**
**ਜਨ ਨਾਨਕ ਮੈ ਨਾਹਿ ਕੋਊ ਗੁਨੁ, ਰਾਖਿ ਲੇਹੁ ਸਰਨਾਈ॥**

*(ਸੋਰਠਿ, ਮਹਲਾ ੯—੬੩੨)*

ਮੈਂ ਕਦੇ ਗੁਰਮੁਖਾਂ ਦੀ ਸੰਗਤ ਨਹੀਂ ਕੀਤੀ, ਨਾ ਹੀ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਇਆ ਹੈ। ਮੇਰੇ ਅੰਦਰ ਕੋਈ ਗੁਣ ਨਹੀਂ ਹੈ। ਹੇ ਪ੍ਰਭੂ! ਮੈਨੂੰ ਆਪਣੀ ਸ਼ਰਨ ਵਿਚ ਰੱਖ।

**ਨਾਹਿਨ ਗੁਨੁ, ਨਾਹਿਨ ਕਛੁ ਜਪੁ ਤਪੁ,**
**ਕਉਨੁ ਕਰਮੁ ਅਬ ਕੀਜੈ॥**
**ਨਾਨਕ ਹਾਰਿ ਪਰਿਓ ਸਰਨਾਗਤਿ,**
**ਅਭੈ ਦਾਨੁ ਪ੍ਰਭ ਦੀਜੈ॥**

*(ਜੈਤਸਰੀ, ਮਹਲਾ ੯—੭੦੩)*

ਮੇਰੇ ਵਿਚ ਕੋਈ ਗੁਣ ਨਹੀਂ, ਕੋਈ ਜਪ-ਤਪ ਮੈਂ ਨਹੀਂ ਕੀਤਾ, (ਸੰਸਾਰ-ਸਾਗਰ ਤਰਨ ਲਈ) ਹੁਣ ਮੈਂ ਕਿਹੜਾ ਕਰਮ ਕਰਾਂ? ਹੇ ਪ੍ਰਭੂ! ਹੋਰ ਸਾਧਨਾਂ ਵਲੋਂ ਹਾਰ ਕੇ ਮੈਂ ਤੇਰੀ ਸ਼ਰਨ ਵਿਚ ਆ ਗਿਆ ਹਾਂ, ਤੂੰ ਮੈਨੂੰ ਮੌਤ ਦੇ ਡਰ ਤੋਂ ਬਚਣ ਦਾ ਦਾਨ ਦੇਹ।

ਗੁਰੂ ਤੇਗ਼ ਬਹਾਦਰ ਜੀ ਦੀ ਸਾਰੀ ਬਾਣੀ ਨੂੰ ਵਿਚਾਰਨ ਉਪਰੰਤ ਜੀਵਨ ਦੇ ਹਰ ਪੱਖ ਲਈ ਸੇਧ ਮਿਲਦੀ ਹੈ। ਸਤਿਗੁਰਾਂ ਦੀ ਬਾਣੀ ਮਨੁੱਖ ਨੂੰ ਸਹਿਜ ਅਵਸਥਾ ਦੀ ਉੱਤਮ ਟੀਸੀ ਤੱਕ ਪਹੁੰਚਾਉਂਦੀ ਹੈ। ਇਸ ਤੋਂ ਜੀਵਨ ਦੇ ਅਮੋਲਕ ਗੁਣਾਂ ਦਾ ਗਿਆਨ ਹੁੰਦਾ ਹੈ; ਤਿਆਗ, ਕੁਰਬਾਨੀ ਤੇ ਚੜ੍ਹਦੀ ਕਲਾ ਦੇ ਸਿਧਾਂਤ ਪ੍ਰਗਟ ਹੁੰਦੇ ਹਨ।

ਸਤਿਗੁਰਾਂ ਦੇ ਨਿਮਰ ਸੁਭਾਅ, ਮਿੱਠੇ ਬੋਲਾਂ ਅਤੇ ਦ੍ਰਿੜ੍ਹਤਾ ਵਾਲੇ ਗੁਰਮਤਿ ਪ੍ਰਚਾਰ ਦਾ ਸੰਗਤਾਂ ਤੇ ਇਤਨਾ ਪ੍ਰਭਾਵ ਪਿਆ ਕਿ ਪ੍ਰਭੂ-ਰੰਗ ਵਿਚ ਰੱਤੇ ਸਿੱਖਾਂ ਵਿਚ ਆਪਸੀ ਪਿਆਰ ਵਧਿਆ ਤੇ ਸਿੱਖ ਸੰਗਠਨ ਹੋਰ ਮਜ਼ਬੂਤ ਹੋਇਆ। ਲੋਕ ਮੌਤ ਦਾ ਡਰ ਤਿਆਗ ਕੇ ਅੱਤਿਆਚਾਰੀ ਹਾਕਮਾਂ ਵਿਰੁੱਧ ਡਟਣ ਲਈ ਤਿਆਰ ਹੋ ਗਏ। ਉਨ੍ਹਾਂ (ਗੁਰੂ ਜੀ) ਦੀ ਸ਼ਹਾਦਤ ਨੇ, ਉਨ੍ਹਾਂ ਦੇ ਉਪਦੇਸ਼ (ਗੁਰਬਾਣੀ) ਨੇ ਲੋਕ-ਮਨਾਂ ਉਤੇ ਹੋਰ ਡੂੰਘਾ ਪ੍ਰਭਾਵ ਪਾਇਆ। ਸਿੱਖ ਸੇਵਾ, ਸਿਮਰਨ ਤੇ ਕੁਰਬਾਨੀ ਦੇ ਮਾਰਗ ਤੇ ਚਲਦਿਆਂ, ਗੁਰੂ ਨਾਨਕ ਪਾਤਸ਼ਾਹ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵੱਡੀ ਤੋਂ ਵੱਡੀ ਤਾਕਤ ਦਾ ਟਾਕਰਾ ਕਰਨ ਲਈ ਤਿਆਰ ਹੋ ਗਏ।